ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੬ ਵੈਸਾਖ-ਜੇਠ ਸੰਮਤ ਨਾਨਕਸ਼ਾਹੀ ੫੫੪ ਮਈ 2022 ਅੰਕ : ੨
Vol. : 66 May 2022 Issue : 2

ਗੁਰਦੁਆਰਾ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਦਰਬਾਰ ਸਾਹਿਬ
ਖਡੂਰ ਸਾਹਿਬ (ਤਰਨ ਤਾਰਨ)



# ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ
# ਇੰਸਟੀਚਿਊਟ ਆਫ਼ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ

ਬਹਾਦਰਗੜ੍ਹ (ਪਟਿਆਲਾ)

**ਨਵੇਂ ਦਾਖ਼ਲੇ ਲਈ**
**ਰਜਿਸਟ੍ਰੇਸ਼ਨ ਸ਼ੁਰੂ**



## ਡਿਪਲੋਮਾ ਇਨ ਗੁਰਮੁਖੀ ਲਰਨਿੰਗ ਐਂਡ ਟੀਚਿੰਗ ਸਕਿਲਜ਼
## DIPLOMA IN GURMUKHI LEARNING AND TEACHING SKILLS





ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਗੁਰਮੁਖੀ ਭਾਸ਼ਾ ਦੇ ਪ੍ਰਚਾਰ ਹਿਤ ਅਤੇ ਗੁਰਮੁਖੀ ਅਧਿਆਪਕ ਤਿਆਰ ਕਰਨ ਲਈ ਦੋ ਸਾਲਾ ਡਿਪਲੋਮਾ **ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫ਼ਤਿਹਗੜ੍ਹ ਸਾਹਿਬ** ਦੇ 'ਐਜੂਕੇਸ਼ਨ ਵਿਭਾਗ' ਰਾਹੀਂ ਇੰਸਟੀਚਿਊਟ ਵਿਚ ਇਸ ਵਰ੍ਹੇ ਤੋਂ ਸ਼ੁਰੂ ਹੋ ਰਿਹਾ ਹੈ।

### ਯੋਗਤਾ ਅਤੇ ਫੀਸ

- ਵਿੱਦਿਅਕ ਯੋਗਤਾ ਬਾਰ੍ਹਵੀਂ (ਕੋਈ ਵੀ ਗਰੁੱਪ) ਅਤੇ ਗੁਰਸਿੱਖ ਹੋਣਾ ਚਾਹੀਦਾ ਹੈ।
- ਗਿਆਰ੍ਹਵੀਂ ਪਾਸ ਅਤੇ ਬਾਰ੍ਹਵੀਂ ਦੇ ਨਤੀਜੇ ਲਈ ਉਡੀਕਵਾਨ ਉਮੀਦਵਾਰ ਅਪਲਾਈ ਕਰ ਸਕਦੇ ਹਨ।
- ਉਮੀਦਵਾਰ ਦੀ ਉਮਰ ਦੀ ਹੱਦ ਵੱਧ ਤੋਂ ਵੱਧ 25 ਸਾਲ।
- ਸਾਲਾਨਾ ਫੀਸ ਕੇਵਲ 15000/- ਰੁਪਏ ਜੋ ਚਾਰ ਤਿਮਾਹੀ ਕਿਸ਼ਤਾਂ ਵਿਚ ਦਿੱਤੀ ਜਾ ਸਕਦੀ ਹੈ।

### ਸਹੂਲਤਾਂ

- ਰਿਹਾਇਸ਼ ਲਈ ਫ਼ਰੀ ਹੋਸਟਲ ਤੋਂ ਇਲਾਵਾ ਹਰਿਆ-ਭਰਿਆ ਚੌਗਿਰਦਾ, ਸੁੰਦਰ ਪਾਰਕ, ਖੇਡਾਂ ਅਤੇ ਲਾਇਬ੍ਰੇਰੀ ਦੀ ਸਹੂਲਤ।
- ਉੱਚ ਯੋਗਤਾ ਵਾਲਾ ਸਟਾਫ, ਸਮਾਰਟ ਕਲਾਸ-ਰੂਮ ਅਤੇ ਕੰਪਿਊਟਰ ਲੈਬ ਦੀ ਸਹੂਲਤ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਦਾਰਿਆਂ ਵਿਚ ਨੌਕਰੀ ਵਕਤ ਪਹਿਲ ਦਿੱਤੀ ਜਾਵੇਗੀ।

ਦਾਖ਼ਲੇ ਅਤੇ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**90416-20861, 75270-56756, 84377-00852**

E-mail: tohrainstitute@gmail.com

Visit us: www.sggswu.edu.in

ਡਾਇਰੈਕਟਰ
ਇੰਸਟੀਚਿਊਟ, ਬਹਾਦਰਗੜ੍ਹ (ਪਟਿਆਲਾ)

ਸਕੱਤਰ
ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਵੈਸਾਖ-ਜੇਠ, ਸੰਮਤ ਨਾਨਕਸ਼ਾਹੀ ੫੫੪ ਮਈ 2022

ਜਿਲਦ ੬੬ *(Vol. 66)* ਅੰਕ ੨ *(Issue 2)*

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ

*ਸਹਾਇਕ ਸੰਪਾਦਕ*
ਬਿਕਰਮਜੀਤ ਸਿੰਘ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

***Secretary***
***Dharam Parchar Committee***
***(S.G.P.C.)***
***Sri Amritsar-143006***

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

*website : www.sgpc.net*
*e-mail :gurmatparkashmonthly@gmail.com,*
*gyan_gurmat@yahoo.com*

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

*Approved for School libraries by the Director of Public Instructions Punjab Vide Circular No. 4580-2/25-58-B-49154 Dated Oct. 1958*

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸਿੱਖ ਧਰਮ ਦੇ ਵਿਕਾਸ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਯੋਗਦਾਨ | -ਬੀਬੀ ਪ੍ਰਕਾਸ਼ ਕੌਰ | ੮ |
| ਸ੍ਰੀ ਗੁਰੂ ਅਮਰਦਾਸ ਜੀ | -ਬੀਬੀ ਅੰਮ੍ਰਿਤ ਕੌਰ | ੧੨ |
| ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਭ ਤੋਂ ਵੱਡੀ ਦੇਣ ਪੰਥ ਪ੍ਰਵਾਣਿਤ 'ਸਿੱਖ ਰਹਿਤ ਮਰਯਾਦਾ' | -ਪ੍ਰਿੰ. ਸੁਰਿੰਦਰ ਸਿੰਘ | ੧੫ |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ-ਛੋਹ ਪ੍ਰਾਪਤ ਅਸਥਾਨ | -ਡਾ. ਪਰਮਵੀਰ ਸਿੰਘ | ੧੯ |
| . . .ਕੁਝ ਪ੍ਰਮੁੱਖ ਹਜ਼ੂਰੀ ਰਬਾਬੀਆਂ ਬਾਰੇ | -ਸ. ਤੀਰਥ ਸਿੰਘ ਢਿੱਲਵਾਂ | ੨੯ |
| ਪ੍ਰਭ ਮਿਲਣੈ ਕੀ ਏਹ ਨੀਸਾਣੀ | -ਸ. ਬਲਵਿੰਦਰ ਸਿੰਘ 'ਗੰਭੀਰ' | ੩੧ |
| ਰਾਜਸੀ ਕੈਦੀ ਭਾਈ ਸਾਹਿਬ ਭਾਈ ਰਣਧੀਰ ਸਿੰਘ. . . | -ਸ. ਜੈਤੇਗ ਸਿੰਘ ਅਨੰਤ | ੩੬ |
| . . .ਸਰਦਾਰ ਜੱਸਾ ਸਿੰਘ ਆਹਲੂਵਾਲੀਆ | -ਸ੍ਰੀ ਰਮੇਸ਼ ਬੱਗਾ ਚੋਹਲਾ | ੪੨ |
| ਗ਼ਦਰੀ ਬਾਬਾ : ਸ਼ਹੀਦ ਪ੍ਰੇਮ ਸਿੰਘ ਸੁਰ ਸਿੰਘ | -ਡਾ. ਅਮਰਜੀਤ ਕੌਰ | ੪੫ |
| ਗਿਆਨੀ ਗਿਆਨ ਸਿੰਘ ਜੀ : ਜੀਵਨ ਤੇ ਰਚਨਾ | -ਭਾਈ ਬਲਵਿੰਦਰ ਸਿੰਘ ਲੌਂਗੋਵਾਲ | ੪੯ |
| ਗੁਰਮਤਿ ਵਿਚ ਕਿਰਤ ਦੀ ਮਹੱਤਤਾ | -ਸ. ਗੁਰਜਾਪ ਸਿੰਘ ਬੁਤਾਲਾ | ੬੦ |
| ਭੁੱਲੇ ਵਿਸਰੇ ਨਾਨਕ ਪੰਥੀ ਪੁਸਤਕ 'ਤੇ ਇੱਕ ਅੰਤਰਝਾਤ | -ਗਿਆਨੀ ਸੁਰਿੰਦਰ ਸਿੰਘ ਨਿਮਾਣਾ | ੬੪ |
| ਪ੍ਰੋ. ਪੂਰਨ ਸਿੰਘ ਦਾ ਵਿਸ਼ਵ-ਵਿਆਪੀ ਦ੍ਰਿਸ਼ਟੀਕੋਣ | -ਸ. ਦਿਲਪ੍ਰੀਤ ਸਿੰਘ | ੬੯ |
| ਵਿਆਖਿਆ ਸ਼ਾਸਤਰ : ਅਰਥ ਤੇ ਸਰੂਪ | -ਡਾ. ਤੇਜਿੰਦਰ ਪਾਲ ਸਿੰਘ | ੭੫ |
| ਭਾਈ ਰਣਧੀਰ ਸਿੰਘ ਬਾਰੇ ਖੋਜ ਕਾਰਜ | -ਡਾ. ਜਸਬੀਰ ਸਿੰਘ ਸਰਨਾ | ੮੬ |
| ਪੁਸਤਕ ਰੀਵਿਊ | | ੮੮ |
| ਸੇਵਾ ਕਰਨੀ ਦੱਸਿਆ ਸ੍ਰੀ ਗੁਰੂ ਰਾਮਦਾਸ (ਕਵਿਤਾ) | -ਸ. ਸੁਰਜੀਤ ਸਿੰਘ | ੯੦ |
| ਖ਼ਬਰਨਾਮਾ | | ੯੨ |

# ਗੁਰਬਾਣੀ ਵਿਚਾਰ

*ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥*
*ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥*
*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥*
*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥*
*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥*
*ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥*
*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥*
*ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥*
*ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ "ਬਾਰਹ ਮਾਹਾ ਮਾਂਝ" ਦੀ ਇਸ ਪਾਵਨ ਪਉੜੀ ਅੰਦਰ ਜੇਠ ਮਹੀਨੇ ਦੇ ਸਖ਼ਤ ਮੌਸਮ ਤੇ ਖਾਸ ਵਾਤਾਵਰਨ ਦੇ ਸੰਕੇਤਕ ਵਰਣਨ ਦੁਆਰਾ ਮਨੁੱਖ-ਮਾਤਰ ਨੂੰ ਪਰਮਾਤਮਾ ਦੇ ਪਵਿੱਤਰ ਨਾਮ ਨਾਲ ਜੁੜਦਿਆਂ, ਸੱਚੇ ਗੁਰੂ ਗਿਆਨ ਤੇ ਚੰਗੀ ਸੰਗਤ ਕਰਦਿਆਂ ਦੁਰਲੱਭ ਮਨੁੱਖਾ ਜਨਮ ਸਫ਼ਲ ਕਰਨ ਦਾ ਗੁਰਮਤਿ ਗਾਡੀ ਮਾਰਗ ਪ੍ਰਦਾਨ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜੇਠ ਮਹੀਨੇ ਵਿਚ ਹਰੀ ਪਰਮਾਤਮਾ, ਜਿਸ ਦੀ ਸਰਬਸ਼ਕਤੀ ਮਾਨਤਾ ਕਰਕੇ ਸਾਰੇ ਹੀ ਜੀਵ ਉਸ ਅੱਗੇ ਝੁਕਦੇ ਹਨ, ਮਨੁੱਖ-ਮਾਤਰ ਨੂੰ ਉਸ ਦੇ ਪਵਿੱਤਰ ਨਾਮ ਨਾਲ ਹੀ ਜੁੜਨਾ ਚਾਹੀਦਾ ਹੈ। ਜੇਕਰ ਅਸਲ ਸੱਜਣ ਨੂੰ ਪਛਾਣ ਕੇ ਉਸ ਦਾ ਪੱਲਾ ਫੜ ਲਈਏ ਤਾਂ ਉਹ ਸ਼ਰਨ ਪਏ ਮਨੁੱਖ ਦੀ ਰੱਖਿਆ ਜ਼ਰੂਰ ਕਰਦਾ ਹੈ ਤੇ ਜੀਵ ਨੂੰ ਕਿਸੇ ਦੁਆਰਾ ਬੰਨ੍ਹੇ ਜਾਣ ਦਾ ਡਰ ਨਹੀਂ ਰਹਿੰਦਾ। ਦੂਜੇ ਸ਼ਬਦਾਂ ਵਿਚ ਮਨੁੱਖ ਪ੍ਰਭੂ-ਨਾਮ ਨਾਲ ਜੁੜ ਕੇ ਜਮਾਂ ਦੀ ਫਾਹੀ ਜਾਂ ਤ੍ਰਾਸ ਤੋਂ ਬਚਿਆ ਰਹਿੰਦਾ ਹੈ। ਗੁਰੂ ਪਾਤਸ਼ਾਹ ਜੀ ਕਥਨ ਕਰਦੇ ਹਨ ਕਿ ਪਰਮਾਤਮਾ ਦਾ ਨਾਮ ਅਜਿਹਾ ਕੀਮਤੀ ਮੋਤੀ ਹੈ ਜਿਸ ਨੂੰ ਜੀਵ ਪ੍ਰਾਪਤ ਕਰ ਲਵੇ ਤਾਂ ਇਹ ਉਸ ਤੋਂ ਕੋਈ ਵੀ ਸੰਨ੍ਹ ਲਾ ਕੇ ਖੋਹ ਨਹੀਂ ਸਕਦਾ। ਨਾਮ ਚੇਤੇ ਰੱਖਣ ਕਰਕੇ ਪਰਮਾਤਮਾ ਦੇ ਜਿੰਨੇ ਵੀ ਰੰਗ ਹਨ ਉਹ ਸਾਰੇ ਇਸ ਨਾਲ ਜੁੜਨ ਵਾਲੇ ਨੂੰ ਚੰਗੇ ਲਗਦੇ ਹਨ ਭਾਵ ਨਾਮ ਨਾਲ ਜੁੜਨ ਵਾਲਾ ਹਰ ਘਟਨਾ ਜਾਂ ਵਰਤਾਰੇ ਨੂੰ ਸਹਿਜ ਰੂਪ 'ਚ ਲੈਂਦਾ ਹੋਇਆ ਪ੍ਰੇਸ਼ਾਨ ਨਹੀਂ ਹੁੰਦਾ। ਸਤਿਗੁਰੂ ਜੀ ਤੱਤਸਾਰ ਬਖਸ਼ਦੇ ਹੋਏ ਫੁਰਮਾਉਂਦੇ ਹਨ ਕਿ ਪਰਮਾਤਮਾ ਜੋ ਚਾਹੁੰਦਾ ਹੈ ਉਹੀ ਕਰਦਾ ਹੈ। ਉਹ ਜਿਵੇਂ ਜੀਵਾਂ ਤੋਂ ਕਰਾਉਂਦਾ ਹੈ ਜੀਵ ਉਵੇਂ ਕਰਦੇ ਹਨ। ਅਜਿਹੇ ਸੁਭਾਗੇ-ਜਨ ਹੁੰਦੇ ਹਨ ਜਿਨ੍ਹਾਂ ਨੂੰ ਮਾਲਕ ਆਪਣਾ ਬਣਾ ਲੈਂਦਾ ਹੈ। ਉਨ੍ਹਾਂ ਨੂੰ ਸ਼ੋਭਾ, ਧੰਨਤਾ ਦੇ ਪਾਤਰ ਆਖੋ। ਆਪਣੇ ਨਾਲ ਜੋੜ ਲੈਣਾ ਉਸ ਮਾਲਕ ਦੀ ਕਿਰਪਾ-ਬਖ਼ਸ਼ਿਸ਼ ਦੁਆਰਾ ਹੀ ਹੋ ਸਕਦਾ ਹੈ। ਜੇਕਰ ਮਨੁੱਖ ਦੇ ਸਿਰਫ ਆਪਣੇ ਯਤਨ ਫਲਦਾਇਕ ਹੋ ਸਕਦੇ ਹੋਣ ਤਾਂ ਫਿਰ ਉਹ ਮਾਲਕ ਤੋਂ ਕਿਉਂ ਵਿੱਛੜਨਗੇ ਤੇ ਕਿਉਂ ਰੋਣਗੇ? ਸਾਧੂ ਭਾਵ ਸੱਚੇ ਗੁਰੂ ਦਾ ਸਾਥ ਮਿਲ ਜਾਵੇ ਤਦ ਹੀ ਰੂਹਾਨੀ ਜੀਵਨ ਮਿਲ ਸਕਦਾ ਹੈ ਜਿਸ ਵਿਚ ਅਸਲ ਅਨੰਦ ਹੈ। ਜਿਸ ਮਨੁੱਖ ਦੇ ਮੱਥੇ ਦੇ ਭਾਗ ਪ੍ਰਗਟ ਹੋਣ, ਮਨੁੱਖਾ ਜੀਵਨ ਰੂਪੀ ਜੇਠ ਦਾ ਮਹੀਨਾ ਉਸ ਲਈ ਦੁਖਦਾਈ ਨਹੀਂ ਬਲਕਿ ਰੰਗੀਲਾ ਤੇ ਅਨੰਦਦਾਇਕ ਹੈ। ■

ਸੰਪਾਦਕੀ...

# ਆਓ! ਆਪਣੀ ਪੀੜ੍ਹੀ ਨੂੰ ਗੁਰਬਾਣੀ ਤੇ ਆਪਣੇ ਲਾਸਾਨੀ ਇਤਿਹਾਸ ਨਾਲ ਜੋੜੀਏ

*ਗੁਰੂ ਸਾਹਿਬਾਨ ਇਸ ਜਗਤ ਵਿੱਚੋਂ ਈਰਖਾ, ਦ੍ਵੈਸ਼, ਜ਼ਬਰ-ਜ਼ੁਲਮ ਆਦਿ ਬਦੀਆਂ ਦਾ ਖਾਤਮਾ ਕਰ ਕੇ ਪਰਉਪਕਾਰ ਨੇਕੀ, ਦਇਆ, ਧਰਮ ਦਾ ਰਾਜ ਸਥਾਪਿਤ ਕਰਨ ਲਈ ਨੇਕੀ ਦੇ ਰਹਿਬਰ ਬਣ ਕੇ ਆਏ। ਗਰੀਬ-ਗੁਰਬੇ, ਨਿਮਾਣੇ ਤੇ ਨਿਤਾਣਿਆਂ ਲਈ ਓਟ-ਆਸਰਾ ਬਣ ਕੇ ਗੁਰੂ ਸਾਹਿਬਾਨ ਨੇ ਮਾਨਸਿਕ ਤੌਰ 'ਤੇ ਗ਼ੁਲਾਮ ਹੋ ਚੁੱਕੇ ਲੋਕਾਂ ਦਾ ਸਮਾਜਿਕ ਪੱਧਰ ਉਤਾਂਹ ਚੁੱਕਿਆ। ਲੋਕਾਂ ਨੂੰ ਹਮੇਸ਼ਾਂ ਹੱਕ-ਸੱਚ ਤੇ ਨਿਆਂ ਦੇ ਮਾਰਗ 'ਤੇ ਚੱਲਣ ਦੀ ਸਿੱਖਿਆ ਦਿੱਤੀ ਤੇ ਧਾਰਮਿਕ ਪੱਧਰ ਵਿਚ ਆ ਚੁੱਕੀ ਗਿਰਾਵਟ ਨੂੰ ਦੂਰ ਕੀਤਾ। ਗੁਰਬਾਣੀ ਦੀ ਰਚਨਾ ਕਰ ਕੇ ਸਮੁੱਚੀ ਲੋਕਾਈ ਅਤੇ ਧਾਰਮਿਕ ਰਹਿਬਰਾਂ ਨੂੰ* ***ਅਪਨਾ ਬਿਗਾਰਿ ਬਿਰਾਂਨਾ ਸਾਂਢੈ*** *ਵਾਲੀ ਆਦਰਸ਼ਕ ਜੀਵਨ-ਜਾਚ ਅਨੁਸਾਰ ਆਪਣਾ ਜੀਵਨ ਢਾਲਣ ਦੀ ਪ੍ਰੇਰਨਾ ਕੀਤੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜਗਤ ਜਲੰਦੇ ਦੇ ਉੱਧਾਰ ਲਈ ਪ੍ਰਚਾਰ ਯਾਤਰਾਵਾਂ ਕੀਤੀਆਂ ਅਤੇ ਮਨੁੱਖਤਾ ਨੂੰ ਜ਼ਬਰ-ਜ਼ੁਲਮ ਦਾ ਟਾਕਰਾ ਕਰਨ ਲਈ ਨਾਮ-ਸਿਮਰਨ ਦੁਆਰਾ ਬਲਵਾਨ ਸੁਰਤ ਦੇ ਧਾਰਨੀ ਹੋਣ ਦਾ ਉਪਦੇਸ਼ ਕੀਤਾ। ਬਾਬਰ ਦੇ ਜ਼ੁਲਮ ਵਿਰੁੱਧ ਅਵਾਜ਼ ਬੁਲੰਦ ਕੀਤੀ। ਉਸ ਨੂੰ ਜਾਬਰ ਕਹਿ ਕੇ ਸੰਬੋਧਨ ਕੀਤਾ।*

*ਇਸੇ ਹੀ ਵਿਚਾਰਧਾਰਾ ਨੂੰ ਅੱਗੇ ਵਧਾਉਂਦੇ ਹੋਏ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁੱਖਤਾ ਨੂੰ ਸਤ-ਸੰਤੋਖ, ਨੇਕੀ, ਦਇਆ, ਪਰਉਪਕਾਰ ਆਦਿ ਸਦਗੁਣਾਂ ਦੇ ਧਾਰਨੀ ਹੋ ਕੇ ਸੰਸਾਰ ਵਿਚ ਵਿਚਰਨ ਅਤੇ ਅਕਾਲ ਪੁਰਖ ਦੇ ਭਾਣੇ ਨੂੰ ਸਤ ਕਰਕੇ ਮੰਨਣ ਦਾ ਉਪਦੇਸ਼ ਦਿੱਤਾ। ਆਪਣੇ ਤੋਂ ਪੂਰਬਲੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ (ਗੁਰਬਾਣੀ) ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੱਤਰ ਕਰ ਕੇ ਸਮੁੱਚੀ ਮਾਨਵਤਾ ਨੂੰ ਸੁਤੰਤਰ ਸੋਚ ਦਿੱਤੀ। ਗੁਰੂ ਜੀ ਨੇ ਮਨੁੱਖਤਾ ਸਾਹਮਣੇ ਗੁਰਮਤਿ ਦਾ ਨਿਵੇਕਲਾ ਸਿਧਾਂਤ ਦ੍ਰਿੜ੍ਹ ਕਰਵਾਇਆ ਕਿ ਸਭ ਤੋਂ ਪਹਿਲਾਂ ਜਿੱਥੋਂ ਤਕ ਸੰਭਵ ਹੋ ਸਕੇ ਸ਼ਾਂਤਮਈ ਢੰਗ ਦੇ ਨਾਲ ਬਦੀ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਇਸ ਸਿਧਾਂਤ ਨੂੰ ਅਮਲ ਵਿਚ ਲਿਆਉਂਦਿਆਂ ਹੋਇਆਂ ਪੰਚਮ ਪਾਤਸ਼ਾਹ ਜੀ ਨੇ ਤਤਕਾਲੀ ਹੁਕਮਰਾਨ ਜਹਾਂਗੀਰ ਦੁਆਰਾ ਦਿੱਤੇ ਅਸਹਿ ਕਸ਼ਟ ਸਹਾਰਦਿਆਂ ਸ਼ਹਾਦਤ ਪ੍ਰਾਪਤ ਕੀਤੀ। ਬਦੀ ਆਪਣੇ ਜ਼ੁਲਮ ਦੀ ਇੰਤਹਾ ਕਰ ਕੇ ਹਾਰ ਗਈ।*

*ਫਿਰ ਛੇਵੇਂ ਜਾਮੇ ਵਿਚ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਹਿਸੂਸ ਕੀਤਾ ਕਿ ਹੁਣ ਜਬਰ-ਜ਼ੁਲਮ ਨੂੰ ਕਰਾਰੇ ਹੱਥਾਂ ਬਾਝ ਠੱਲ ਨਹੀਂ ਪੈਣ ਵਾਲੀ ਤਾਂ ਆਪ ਜੀ ਨੇ ਸ਼ਸਤਰਧਾਰੀ ਹੋ ਕੇ ਜਬਰ-ਜ਼ੁਲਮ ਵਿਰੁੱਧ ਚਾਰ ਜੰਗਾਂ ਲੜੀਆਂ। ਦਸਵੇਂ ਜਾਮੇ ਵਿਚ ਸ੍ਰੀ*

ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਵਿਚਾਰ ਨੂੰ ਹੋਰ ਪ੍ਰਪੱਕ ਕਰਦਿਆਂ: **ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ॥** ਦਾ ਸਿਧਾਂਤ ਦ੍ਰਿੜ੍ਹ ਕਰਾਉਂਦਿਆਂ ਕਿਹਾ ਕਿ ਜਦ ਬਦੀ ਵਿਰੁੱਧ ਸਾਰੇ ਸ਼ਾਂਤਮਈ ਹੀਲੇ-ਵਸੀਲੇ ਖ਼ਤਮ ਹੋ ਜਾਣ ਤਾ ਕਿਰਪਾਨ ਚੁੱਕਣੀ ਹੀ ਜਾਇਜ਼ ਹੋ ਜਾਂਦੀ ਹੈ। ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਸਿੱਖਾਂ ਨੇ ਬਦੀ ਵਿਰੁੱਧ ਸ਼ਸਤਰਬੱਧ ਸੰਘਰਸ਼ ਕਰਦਿਆਂ ਬੇਅੰਤ ਸਾਕਿਆਂ ਤੇ ਘੱਲੂਘਾਰਿਆਂ ਦੇ ਲਾਸਾਨੀ ਇਤਿਹਾਸ ਨੂੰ ਸਿਰਜਿਆ ਹੈ। ਸਿੱਖ ਤਵਾਰੀਖ਼ ਨੂੰ ਫਰੋਲ ਕੇ ਦੇਖੀਏ ਤਾਂ ਇੱਕ-ਇੱਕ ਦਿਨ ਦਾ ਇਤਿਹਾਸ ਜੋ ਸਾਡੇ ਪੁਰਖਿਆਂ ਨੇ ਸਿਰਜਿਆ ਹੈ, ਸਦੀਵ ਕਾਲ ਤਕ ਮਨੁੱਖਤਾ ਲਈ ਪ੍ਰੇਰਨਾ-ਸਰੋਤ ਬਣਿਆ ਰਹੇਗਾ। ਗੁਰੂ ਸਾਹਿਬਾਨ ਦੇ ਲਾਸਾਨੀ ਫ਼ਲਸਫ਼ੇ ਅਤੇ ਸ਼ਬਦ ਦੀ ਓਟ ਵਿਚ ਜੀਵਨ ਜੀਉਂਦਿਆਂ ਸਿੱਖ ਅੱਜ ਸਮੁੱਚੇ ਜਗਤ ਅੰਦਰ ਮਾਰਸ਼ਲ ਅਤੇ ਮਾਨਵਵਾਦੀ ਕੌਮ ਦੇ ਤੌਰ 'ਤੇ ਜਾਣੇ ਜਾਂਦੇ ਹਨ। ਗੁਰੂ ਸਾਹਿਬਾਨ ਦੀ ਬਖ਼ਸ਼ਿਸ਼ ਸਦਕਾ ਹੀ ਸਿੱਖਾਂ ਨੇ ਆਪਣੀ ਦੋ ਫ਼ੀਸਦੀ ਅਬਾਦੀ ਦੇ ਬਾਵਜੂਦ ਅੱਸੀ ਫ਼ੀਸਦੀ ਕੁਰਬਾਨੀਆਂ ਦੇ ਕੇ ਦੇਸ਼ ਨੂੰ ਅਜ਼ਾਦ ਕਰਵਾਇਆ। ਸਭ ਤੋਂ ਵੱਧ ਕਾਲੇ ਪਾਣੀ ਦੀਆਂ ਸਜ਼ਾਵਾਂ ਵੀ ਸਿੱਖਾਂ ਨੇ ਕੱਟੀਆਂ। ਇਨ੍ਹਾਂ ਹੀ ਸ਼ਹਾਦਤਾਂ ਦੇ ਪ੍ਰਸੰਗ ਵਿਚ ਇਸ ਵਾਰ ਮਈ ਮਹੀਨੇ ਸਮੁੱਚਾ ਸਿੱਖ ਜਗਤ ਸ਼ਹੀਦੀ ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ, ਛੋਟਾ ਘੱਲੂਘਾਰਾ, ਸਾਕਾ ਪਾਉਂਟਾ ਸਾਹਿਬ ਅਤੇ ਸਰਹੰਦ ਫਤਿਹ ਦਿਵਸ ਮਨਾ ਰਿਹਾ ਹੈ।

ਇਸ ਸ਼ਾਨਾਂਮੱਤੇ ਇਤਿਹਾਸ ਨੂੰ ਪੜ੍ਹ-ਸੁਣ ਕੇ ਆਪਣੇ ਪੁਰਖਿਆਂ ਉੱਪਰ ਮਾਣ ਮਹਿਸੂਸ ਹੁੰਦਾ ਹੈ ਜਿਨ੍ਹਾਂ ਨੇ ਅਥਾਹ ਕੁਰਬਾਨੀਆਂ ਨਾਲ ਇਸ ਲਾਸਾਨੀ ਇਤਿਹਾਸ ਨੂੰ ਸਿਰਜਿਆ।

ਅੱਜ ਲੋੜ ਹੈ ਗੁਰੂ ਸਾਹਿਬਾਨ ਅਤੇ ਕੌਮ ਦੇ ਸ਼ਹੀਦਾਂ ਦੁਆਰਾ ਸਿਰਜੇ ਗਏ ਇਸ ਲਾਸਾਨੀ ਇਤਿਹਾਸ ਨੂੰ ਵਿਸ਼ਵ ਦੇ ਸਾਹਮਣੇ ਪ੍ਰਚਾਰਨ ਦੀ। ਅੱਜ ਸਿੱਖਾਂ ਦੇ ਲਾਸਾਨੀ ਇਤਿਹਾਸ ਅਤੇ ਸੂਰਬੀਰਾਂ ਦੀਆਂ ਗਾਥਾਵਾਂ ਨੂੰ ਇਤਿਹਾਸ ਦੇ ਪੰਨਿਆਂ ਵਿੱਚੋਂ ਮਨਫ਼ੀ ਕਰਨ ਦੀਆਂ ਸਾਜ਼ਿਸ਼ਾਂ ਵੀ ਹੋ ਰਹੀਆਂ ਹਨ। ਅਜਿਹੇ ਸਮੇਂ ਪੰਥ-ਵਿਰੋਧੀ ਮਨਸੂਬਿਆਂ ਨੂੰ ਨਾਕਾਮ ਕਰਨ ਲਈ ਸਮੁੱਚੇ ਨਾਨਕ ਨਾਮ ਲੇਵਾ ਅਤੇ ਸਮੁੱਚੀਆਂ ਸਿੱਖ ਜਥੇਬੰਦੀਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ **ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ** ਵਾਲੀ ਆਦਰਸ਼ਕ ਜੀਵਨ-ਜਾਚ ਨੂੰ ਅਪਣਾਉਂਦਿਆਂ ਮਨੁੱਖਤਾ ਸਾਹਮਣੇ ਆਪਸੀ ਭਰਾਤਰੀ ਭਾਵ ਅਤੇ ਪੰਥਕ ਏਕਤਾ, ਇਤਫਾਕ ਦੀ ਉਦਾਹਰਨ ਪੇਸ਼ ਕਰਦਿਆਂ ਆਪਣੇ ਸ਼ਾਨਾਂਮੱਤੇ ਇਤਿਹਾਸ ਅਤੇ ਗੁਰਮਤਿ ਸਿਧਾਂਤਾਂ ਨੂੰ ਵਿਸ਼ਵ ਭਰ ਵਿਚ ਪ੍ਰਚਾਰਨ ਅਤੇ ਪ੍ਰਸਾਰਨ ਲਈ ਲਾਮਬੰਦ ਹੋਈਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਜੀਵਨ ਜੀਉਂਦਿਆਂ ਉੱਚੇ-ਸੁੱਚੇ ਕਿਰਦਾਰ ਦੇ ਧਾਰਨੀ ਬਣ ਕੇ ਆਪਣੀ ਪੀੜ੍ਹੀ ਨੂੰ ਗੁਰਬਾਣੀ ਅਤੇ ਗੁਰਮਤਿ ਦੇ ਅਮੀਰ ਵਿਰਸੇ ਨਾਲ ਜੋੜੀਏ। ਤਾਂਹੀ ਸਾਡੇ ਇਹ ਸ਼ਹੀਦੀ ਪੁਰਬ ਮਨਾਉਣੇ ਸਫਲ ਹੋਣਗੇ ਅਤੇ ਇਹੋ ਇਨ੍ਹਾਂ ਸ਼ਹੀਦਾਂ ਨੂੰ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ। ■

# ਸਿੱਖ ਧਰਮ ਦੇ ਵਿਕਾਸ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਯੋਗਦਾਨ

*-ਬੀਬੀ ਪ੍ਰਕਾਸ਼ ਕੌਰ**

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਿਆਰੇ ਸੇਵਕ ਭਾਈ ਲਹਿਣਾ ਜੀ ਨੂੰ ਘੋਖ ਪਰਖ ਕੇ ਜਦੋਂ ਜਾਣਿਆ ਕਿ ਇਹ ਹਰ ਕਸੱਵਟੀ 'ਤੇ ਪੂਰੇ ਹਨ ਤਾਂ ਪੂਰੇ ਸਤਿਗੁਰੂ ਜੀ ਨੇ ਸਿੱਖ ਧਰਮ ਨੂੰ ਅੱਗੇ ਤੋਰਨ ਦੀ ਜ਼ਿੰਮੇਵਾਰੀ ਆਪਣੇ ਸਿੱਖ ਸੇਵਕ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਰੂਪ ਦੇ ਕੇ ਬਖ਼ਸ਼ ਦਿੱਤੀ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਆਪਣੇ ਜੀਉਂਦਿਆਂ ਹੀ ਭਾਈ ਲਹਿਣਾ ਜੀ ਨੂੰ ਗੁਰਿਆਈ ਬਖ਼ਸ਼ੀ ਅਤੇ ਛਤਰ ਸਿਰ 'ਤੇ ਫਿਰਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤ ਭਾਈ ਲਹਿਣਾ ਜੀ ਦੀ ਜੋਤ ਵਿਚ ਮਿਲਾ ਕੇ ਰੂਪ ਵਟਾ ਲਿਆ। ਕਾਇਆ ਨੂੰ ਪਲਟ ਕੇ ਭਾਈ ਲਹਿਣਾ ਜੀ ਨੂੰ ਆਪਣਾ ਸਰੂਪ 'ਅੰਗਦ' ਬਣਾ ਦਿੱਤਾ:

*ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।*
*ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।*
*ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ।*
*ਕਾਇਆ ਪਲਟਿ ਸਰੂਪੁ ਬਣਾਇਆ॥* *(ਵਾਰ ੧:੪੫)*

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਹ ਜ਼ਿੰਮੇਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ, ਹੁਕਮ ਮੰਨਣ ਅਤੇ ਉਨ੍ਹਾਂ ਅੱਗੇ ਪੂਰਨ ਤੌਰ 'ਤੇ ਆਤਮ-ਸਮਰਪਣ ਕਰ ਕੇ ਪ੍ਰਾਪਤ ਕੀਤੀ। ਗੁਰੂ-ਚੇਲਾ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਅਰੰਭ ਹੋ ਗਈ ਅਤੇ ਇਹ ਦਸਵੇਂ ਸਰੂਪ ਤਕ ਵਧਦੀ ਰਹੀ। ਆਪ ਜੀ ਨੇ ਆਪਣੇ ਗੁਰਿਆਈ-ਕਾਲ ਦੌਰਾਨ ਜੋ ਮਹਾਨ ਅਤੇ ਕਠਿਨ ਕਾਰਜ ਕੀਤੇ ਉਨ੍ਹਾਂ ਨਾਲ ਸਿੱਖ ਸੰਗਤ ਵਿੱਚੋਂ ਇਕ ਨਿਆਰੀ ਕੌਮ ਦੇ ਰੂਪ ਦੀ ਝਲਕ ਪੈਣੀ ਅਰੰਭ ਹੋ ਗਈ ਸੀ। ਆਪ ਜੀ ਨੇ ਜੋ ਪ੍ਰਮੁੱਖ ਕਾਰਜ ਕੀਤੇ ਉਨ੍ਹਾਂ ਵਿੱਚੋਂ ਸਭ ਤੋਂ ਪਹਿਲਾ ਕਾਰਜ ਗੁਰਬਾਣੀ ਦੀ ਸਾਂਭ-ਸੰਭਾਲ ਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਹੜੀ ਧੁਰ ਕੀ ਬਾਣੀ ਉਚਾਰੀ ਤੇ ਆਪਣੇ ਪ੍ਰਚਾਰ ਦੌਰਿਆਂ ਸਮੇਂ ਵੱਖ-ਵੱਖ ਭਗਤ ਸਾਹਿਬਾਨ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ/ ਸ਼ਰਧਾਲੂਆਂ ਪਾਸੋਂ ਪ੍ਰਾਪਤ ਕੀਤੀ, ਉਹ ਬਾਣੀ ਆਪ ਇਕ ਪੋਥੀ ਵਿਚ ਲਿਖ ਲੈਂਦੇ ਸਨ। ਬਾਣੀ ਦੀ ਇਹ ਪੋਥੀ ਉਹ ਹਮੇਸ਼ਾਂ ਆਪਣੇ ਨਾਲ ਰੱਖਦੇ ਸਨ। ਗੁਰਿਆਈ ਬਖਸ਼ਣ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਇਹ ਪੋਥੀ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਦਿੱਤੀ। ਇਸ ਬਾਰੇ 'ਪੁਰਾਤਨ ਜਨਮ ਸਾਖੀ' ਦੀ ਸਾਖੀ ਨੰ ੫੭

**੮੬, ਟੈਗੋਰ ਨਗਰ, ਜਲੰਧਰ- ੧੪੪੦੦੨; ਮੋ. +੯੧੯੮੮੮੧-੮੬੦੮੬*

ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ:

*"ਤਿਤੁ ਮਹਲਿ ਜੋ ਸਬਦੁ ਹੋਆ, ਸੋ ਪੋਥੀ ਗੁਰੂ ਅੰਗਦ ਜੋਗ ਮਿਲੀ ॥"*

ਗੁਰਬਾਣੀ ਦੀ ਇਹ ਪੋਥੀ ਸਭ ਤੋਂ ਮਹੱਤਵਪੂਰਨ ਵਸਤੂ ਸੀ ਕਿਉਂਕਿ ਇਹ ਸਿੱਖ ਧਰਮ ਦਾ ਵਿਚਾਰਧਾਰਕ ਆਧਾਰ ਸੀ। ਸਿੱਖ ਧਰਮ ਦੇ ਪੈਦਾ ਹੋਣ ਨਾਲ ਇਸ ਦੇ ਵਿਰੋਧੀ ਵੀ ਪੈਦਾ ਹੋ ਗਏ ਸਨ। ਪੁਰਾਤਨ-ਪੰਥੀ, ਜਾਤ ਅਭਿਮਾਨੀ ਬ੍ਰਾਹਮਣ ਤੇ ਰਾਜ ਸੱਤਾ ਦੇ ਮਾਲਕ 'ਰਾਜ ਅਭਿਮਾਨੀ' ਲੋਕ ਸਨ। ਇਨ੍ਹਾਂ ਤੋਂ ਬਾਣੀ ਨੂੰ ਬਚਾ ਕੇ ਰੱਖਣਾ ਤਾਂ ਕਿ ਇਸ ਵਿਚ ਰਲਾ ਨਾ ਪਾਇਆ ਜਾ ਸਕੇ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਹ ਕਾਰਜ ਬੜੀ ਬਾਖੂਬੀ ਨਾਲ ਨਿਭਾਇਆ। ਗੁਰੂ ਸਾਹਿਬ ਜੀ ਨੇ ਆਪਣੀ ਬਾਣੀ ਭਾਵ ਸਲੋਕ ਵੀ ਇਸ ਧਰਮ ਪੋਥੀ ਵਿਚ ਦਰਜ ਕਰ ਦਿੱਤੇ। ਗੁਰੂ ਸਾਹਿਬ ਜੀ ਦੀ ਬਾਣੀ ਵਿਚ ਜੀਵਨ ਦੀਆਂ ਅਟੱਲ ਸਚਾਈਆਂ ਨੂੰ ਅਤਿ ਸੰਖੇਪ ਰੂਪ ਵਿਚ ਬਿਆਨਿਆ ਗਿਆ ਹੈ। ਇਕ-ਇਕ ਸਲੋਕ ਸੰਪੂਰਨ ਸਿਧਾਂਤਾਂ ਨੂੰ ਆਪਣੇ ਵਿਚ ਸਮੋਈ ਬੈਠਾ ਹੈ ਜਿਵੇਂ:

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੩੭)*

ਭਾਵ ਕਿ ਮਨੁੱਖ ਦਾ ਮਨ ਮਾਨੋ ਕੋਠਾ ਹੈ ਅਤੇ ਸਰੀਰ ਇਸ ਦੀ ਛੱਤ ਹੈ। ਮਾਇਆ ਦੀ ਪਾਹ ਦਾ ਇਸ ਮਨ ਰੂਪੀ ਕੋਠੇ ਨੂੰ ਜਿੰਦਰਾ ਵੱਜਾ ਹੋਇਆ ਹੈ। ਇਸ ਜਿੰਦਰੇ ਨੂੰ ਖੋਲ੍ਹਣ ਲਈ ਗੁਰੂ ਕੁੰਜੀ (ਚਾਬੀ) ਹੈ। ਹੇ ਨਾਨਕ! ਗੁਰੂ ਤੋਂ ਬਿਨਾਂ ਮਨ ਦਾ ਬੂਹਾ (ਤਾਲਾ) ਖੁੱਲ ਨਹੀਂ ਸਕਦਾ ਤੇ ਹੋਰ ਕਿਸੇ ਕੋਲ ਇਸ ਦੀ ਕੁੰਜੀ ਨਹੀਂ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਸਮੇਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਉਚਾਰਨ ਕੀਤੇ ਸਲੋਕ ਵਾਰਾਂ ਦੀਆਂ ਪਉੜੀਆਂ ਨਾਲ ਦਰਜ ਕਰ ਦਿੱਤੇ।

**ਗੁਰਮੁਖੀ ਲਿਪੀ ਦਾ ਵਿਕਾਸ ਤੇ ਪ੍ਰਚਾਰ :** ਭਾਰਤ ਵਿਚ ਦੇਵਨਾਗਰੀ ਲਿਪੀ ਅਥਵਾ ਸੰਸਕ੍ਰਿਤ ਭਾਸ਼ਾ ਦੀ ਕਾਫੀ ਚੜ੍ਹਤ ਸੀ। ਸਾਰੀਆਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਰੀਤਾਂ-ਰਸਮਾਂ ਸੰਸਕ੍ਰਿਤੀ ਭਾਸ਼ਾ ਵਿਚ ਕੀਤੀਆਂ ਜਾਂਦੀਆਂ ਸਨ। ਪਰ ਸੰਸਕ੍ਰਿਤ ਭਾਸ਼ਾ ਆਮ ਲੋਕਾਂ ਦੀ ਬੋਲੀ ਨਾ ਹੋਣ ਕਾਰਨ, ਆਮ ਲੋਕਾਂ ਦੀ ਸਮਝ ਤੋਂ ਬਾਹਰ ਸੀ। ਗੁਰੂ ਸਾਹਿਬ ਜੀ ਦਾ ਮੁੱਖ ਮੰਤਵ ਤਾਂ ਲੋਕਾਈ ਨੂੰ ਅਕਾਲ ਪੁਰਖ ਦੇ ਨਾਮ ਹੇਠਾਂ ਇਕੱਤਰ ਕਰ ਕੇ ਸਭ ਪ੍ਰਕਾਰ ਦੀ ਉਚ-ਨੀਚ ਦਾ ਭੇਦ-ਭਾਵ ਮਿਟਾ ਕੇ *ਏਕੁ ਪਿਤਾ ਏਕਸ ਕੇ ਹਮ ਬਾਰਿਕ* ਦਾ ਸਰਬ-ਸਾਂਝਾ ਸੁਨੇਹਾ ਦੇਣਾ ਸੀ। ਆਪ ਨੇ ਇਸ ਉਦੇਸ਼ ਦੀ ਪੂਰਤੀ ਲਈ ਗੁਰੂ ਸਾਹਿਬ ਜੀ ਨੇ ਲੋਕ-ਲਿਪੀ 'ਗੁਰਮੁਖੀ' ਦਾ ਬਾਲ-ਬੋਧ ਤਿਆਰ ਕਰਵਾ ਕੇ ਇਸ ਨੂੰ ਆਮ ਲੋਕਾਈ ਵਿਚ ਪ੍ਰਚਾਰਿਆ ਅਤੇ ਲੋਕਪ੍ਰਿਯ ਬਣਾਇਆ। ਗੁਰੂ ਸਾਹਿਬ ਜੀ ਨੇ ਪੰਜਾਬੀ ਦੇ ਅੱਖਰਾਂ ਦੇ ਸਰੂਪ ਵਿਚ ਸੁਧਾਰ ਲਿਆਂਦਾ ਅਤੇ ਗੁਰਮੁਖੀ ਵਰਣਮਾਲਾ ਨੂੰ ਨਵੀਂ ਤਰਤੀਬ ਦਿੱਤੀ। ਭਾਈ ਕਾਨ੍ਹ ਸਿੰਘ ਨਾਭਾ ਇਸ ਸੰਬੰਧ ਵਿਚ ਆਪਣੇ ਵਿਚਾਰ

ਇਸ ਤਰ੍ਹਾਂ ਪ੍ਰਗਟ ਕਰਦੇ ਹਨ "ਗੁਰਮੁਖੀ ਪੰਜਾਬੀ ਬੋਲੀ ਦੀ ਵਰਣਮਾਲਾ ਜੋ ਸ਼ਾਰਧਾ ਅਤੇ ਟਾਕਰੀ ਤੋਂ ਨਿਕਲੀ ਹੈ। ਇਸ ਵਿਚ ਸਤਿਗੁਰਾਂ ਦੇ ਮੁਖਵਾਕਯ ਗੁਰਮੁਖਾਂ ਨੇ ਲਿਖੇ, ਜਿਸ ਕਾਰਨ ਨਾਉ ਗੁਰਮੁਖੀ ਪ੍ਰਸਿੱਧ ਹੋਇਆ। ਪੰਜਾਬ ਦੇਸ ਦੀ ਸ਼ੁੱਧ ਭਾਸ਼ਾ ਇਨ੍ਹਾਂ ਹੀ ਅੱਖਰਾਂ ਵਿਚ ਲਿਖੀ ਜਾ ਸਕਦੀ ਹੈ।"

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪੰਜਾਬੀ ਭਾਸ਼ਾ ਨੂੰ ਗੁਰਮੁਖੀ ਲਿਪੀ ਵਿਚ ਪ੍ਰਚਾਰਨ ਦੇ ਅਨੇਕਾਂ ਯਤਨ ਕੀਤੇ। ਲਾਇਟਨਰ ਅਨੁਸਾਰ- "ਉਨ੍ਹਾਂ ਨੇ ਪੰਜਾਬੀ ਦੇ ਬਾਲ-ਬੋਧ ਲਿਖੇ ਤੇ ਲਿਖਵਾਏ ਤੇ ਉਨ੍ਹਾਂ ਨੂੰ ਲੋਕਾਂ ਵਿਚ ਵੰਡਿਆ।"

*(ਗੁਰਮੁਖੀ ਦਾ ਇਤਿਹਾਸ, ਸਫਾ ੧੪੫)*

ਗੁਰੂ ਸਾਹਿਬ ਜੀ ਨੇ ਗੁਰਮੁਖੀ ਲਿਪੀ ਵਿਚ ਗੁਰਬਾਣੀ ਦੇ ਕਈ ਗੁਟਕੇ ਤੇ ਪੋਥੀਆਂ ਵੀ ਲਿਖਵਾਈਆਂ ਤੇ ਹਰੇਕ ਪ੍ਰਚਾਰ ਕੇਂਦਰ ਨੂੰ ਇਕ-ਇਕ ਪੋਥੀ ਭੇਜੀ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਯਤਨਾਂ ਸਦਕਾ ਗੁਰਮੁਖੀ ਲਿਪੀ ਬਹੁਤ ਹੀ ਪ੍ਰਸਿੱਧ ਹੋਈ। ਗੁਰਸਿੱਖਾਂ (ਗੁਰਮੁਖਾਂ) ਦੁਆਰਾ ਬੋਲੀ ਤੇ ਲਿਖੀ ਜਾਣ ਕਰਕੇ ਇਹ ਗੁਰਮੁਖੀ ਕਹਾਈ। ਸਿੱਖਾਂ ਦੀ ਆਪਣੀ ਬੋਲੀ ਹੋਣ ਕਰਕੇ, ਪੰਜਾਬੀ (ਗੁਰਮੁਖੀ) ਨੇ ਸਿੱਖਾਂ ਨੂੰ ਵੱਖਰੀ ਕੌਮ ਦਾ ਰੂਪ ਦੇਣ ਵਿਚ ਅਹਿਮ ਭੂਮਿਕਾ ਨਿਭਾਈ।

**ਲੰਗਰ ਪ੍ਰਥਾ :** ਸਮਾਜ ਵਿਚ ਵਰਣ-ਵੰਡ, ਜਾਤ-ਪਾਤ, ਊਚ-ਨੀਚ ਨੂੰ ਖਤਮ ਕਰਨ ਲਈ ਪਹਿਲੇ ਗੁਰੂ ਸਾਹਿਬ ਜੀ ਨੇ ਸਾਂਝੀ ਪੰਗਤ ਤੇ ਸੰਗਤ ਦੀ ਪ੍ਰਥਾ ਚਾਲੂ ਕੀਤੀ ਸੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਨਰੋਈ ਪਰੰਪਰਾ ਨੂੰ ਜਾਰੀ ਰੱਖ ਕੇ ਮਜ਼ਬੂਤ ਕੀਤਾ। ਲੰਗਰ ਵਿਚ ਰਾਜਾ ਤੇ ਰੰਕ, ਪੰਡਿਤ ਤੇ ਸ਼ੂਦਰ ਸਭ ਇੱਕੋ ਪੰਗਤ ਵਿਚ ਬੈਠਦੇ ਸਨ। ਲੰਗਰ ਨੂੰ ਤਿਆਰ ਕਰਨ ਵਿਚ ਹਰੇਕ ਇਸਤਰੀ-ਮਰਦ ਹਿੱਸਾ ਪਾ ਸਕਦਾ ਸੀ। ਗੁਰੂ ਸਾਹਿਬ ਜੀ ਦੇ ਲੰਗਰ ਵਿਚ ਘਿਓ ਵਾਲੀ ਖੀਰ ਵਰਤਾਈ ਜਾਂਦੀ ਸੀ ਅਤੇ ਲੰਗਰ ਦੀ ਸੇਵਾ ਦਾ ਮਹਾਨ ਕਾਰਜ ਉਨ੍ਹਾਂ ਦੇ ਮਹਿਲ ਮਾਤਾ ਖੀਵੀ ਜੀ ਦੇ ਸਪੁਰਦ ਸੀ। ਜਿੱਥੇ ਉਹ ਲੰਗਰ ਦੀ ਦੇਖ-ਰੇਖ ਕਰਦੇ, ਉੱਥੇ ਹੱਥੀਂ ਸੇਵਾ ਵੀ ਕਰਦੇ ਅਤੇ ਆਪ ਹੀ ਲੰਗਰ ਵਰਤਾਉਂਦੇ ਸਨ। ਰਬਾਬੀ ਭਾਈ ਸਤਾ ਤੇ ਭਾਈ ਬਲਵੰਡ ਜੀ ਨੇ 'ਰਾਮਕਲੀ ਦੀ ਵਾਰ' ਵਿਚ ਲੰਗਰ ਵਿਚ ਘਿਓ ਵਾਲੀ ਖੀਰ ਦੇ ਵਰਤਣ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਹੈ :

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੭)*

**ਮੱਲ ਅਖਾੜੇ ਅਤੇ ਸੂਰਬੀਰਤਾ ਭਰਨਾ :** ਮਜ਼ਬੂਤ ਤੇ ਅਰੋਗ ਸਰੀਰ ਵਿਚ ਹੀ ਮਜ਼ਬੂਤ ਮਨ ਨਿਵਾਸ ਕਰਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮਕਸਦ ਮਨੁੱਖ ਦੀ ਸ਼ਖ਼ਸੀਅਤ ਦਾ ਸੰਪੂਰਨ ਵਿਕਾਸ ਕਰਨਾ ਸੀ, ਸਰੀਰਕ ਅਰੋਗਤਾ, ਤੰਦਰੁਸਤੀ ਤੇ ਮਜ਼ਬੂਤੀ ਲਈ ਗੁਰੂ ਸਾਹਿਬ ਜੀ ਨੇ ਨੌਜੁਆਨਾਂ ਲਈ ਖਡੂਰ ਸਾਹਿਬ ਵਿਖੇ ਮੱਲ ਅਖਾੜਾ ਕਾਇਮ ਕੀਤਾ। ਇਸ ਅਖਾੜੇ ਵਿਚ ਨੌਜੁਆਨ ਸਰੀਰਕ ਕਸਰਤਾਂ ਕਰਦੇ,

ਕੁਸ਼ਤੀਆਂ ਘੁਲਦੇ, ਕਬੱਡੀ ਖੇਡਦੇ ਹੋਰ ਸਰੀਰਕ ਖੇਡਾਂ ਵੀ ਖੇਡਦੇ ਸਨ। ਨਰੋਏ ਸਰੀਰ ਭਵਿੱਖ ਦੀ ਲੋੜ ਵੀ ਸਨ, ਕਿਉਂਕਿ ਜਾਤ ਅਭਿਮਾਨੀਆਂ ਤੇ ਰਾਜ-ਅਭਿਮਾਨੀਆਂ ਨਾਲ ਟੱਕਰ ਹੋਣੀ ਸੀ। ਸ਼ਾਇਦ ਇਸੇ ਲਈ ਹੀ ਇਤਿਹਾਸਕਾਰ ਡਾ. ਸੰਗਤ ਸਿੰਘ ਪੁਸਤਕ 'ਇਤਿਹਾਸ ਵਿਚ ਸਿੱਖ' ਦੇ ਸਫਾ ੨੩ 'ਤੇ ਲਿਖਦੇ ਹਨ ਕਿ "ਇਹ ਕੁਸ਼ਤੀ-ਅਖਾੜੇ ਇਕ ਤਰ੍ਹਾਂ ਭਗਤੀ ਤੇ ਸ਼ਕਤੀ ਦੇ ਮਿਸ਼ਰਣ ਵੱਲ ਇਕ ਕਦਮ ਸੀ, ਜਿਸ ਕਾਰਜ ਵਿਚ ਫੌਜੀ ਹਿੰਮਤ ਵੀ ਉਪਜਾਈ ਜਾ ਰਹੀ ਸੀ।" ਗੁਰੂ ਸਾਹਿਬ ਜੀ ਬੱਚਿਆਂ ਅਤੇ ਨੌਜਵਾਨਾਂ ਨੂੰ ਜਿੱਥੇ ਗੁਰਮੁਖੀ ਲਿਪੀ, ਗੁਰਮਤਿ ਸਿੱਖਿਆ ਦੁਆਰਾ ਮਾਨਸਿਕ ਤੌਰ 'ਤੇ ਸ਼ਕਤੀਸ਼ਾਲੀ ਬਣਾ ਰਹੇ ਹਨ, ਉੱਥੇ ਉਨ੍ਹਾਂ ਨੂੰ ਸਰੀਰਕ ਤੌਰ 'ਤੇ ਬਲਵਾਨ ਬਣਾਉਣ ਲਈ ਕਸਰਤਾਂ ਕਰਾ ਰਹੇ ਸਨ। ਜੇ ਧਰਮ ਰੂਹ ਦੀ ਖ਼ੁਰਾਕ ਹੈ ਤਾਂ ਮੱਲ ਅਖਾੜਾ (ਕਸਰਤ) ਸਰੀਰ ਦੀ ਖ਼ੁਰਾਕ ਹਨ, ਨਾਲ ਹੀ ਗੁਰੂ ਸਾਹਿਬ ਜੀ ਨੇ ਵਾਤਾਵਰਨ ਨੂੰ ਸ਼ੁਧ ਕਰਨ ਲਈ ਸਾਰੇ ਇਲਾਕੇ ਖਡੂਰ ਸਾਹਿਬ ਵਿਖੇ ਦਰੱਖ਼ਤ ਲਗਵਾਏ ਤੇ ਖਡੂਰ ਸਾਹਿਬ ਨੂੰ ਹਰਾ ਭਰਾ ਕਰ ਦਿੱਤਾ।

**ਨਵੇਂ ਪ੍ਰਚਾਰ ਕੇਂਦਰ ਸਥਾਪਿਤ ਕੀਤੇ :** ਗੁਰੂ ਸਾਹਿਬ ਜੀ ਨੇ ਸਿੱਖ ਧਰਮ ਦੀ ਅਗਵਾਈ ਸੰਭਾਲਣ ਮਗਰੋਂ ਖਡੂਰ ਸਾਹਿਬ ਨੂੰ ਧਰਮ ਪ੍ਰਚਾਰ ਦੇ ਨਵੇਂ ਕੇਂਦਰ ਵਜੋਂ ਵਿਕਸਿਤ ਕੀਤਾ। ਇਸ ਕੇਂਦਰ ਰਾਹੀਂ ਆਪ ਨੇ ਦਰਿਆ ਰਾਵੀ ਅਤੇ ਬਿਆਸ ਦੇ ਵਿਚਕਾਰਲੇ ਮਾਝੇ ਦੇ ਇਲਾਕੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਝੰਡੇ ਹੇਠ ਲਿਆ ਕੇ ਪ੍ਰਭੂ ਨਾਲ ਜੋੜਨ ਦਾ ਪਵਿੱਤਰ ਕਾਰਜ ਸ਼ੁਰੂ ਕੀਤਾ। ਇੱਥੇ ਹੀ ਤੀਜੇ ਪਾਤਸ਼ਾਹ (ਸ੍ਰੀ ਗੁਰੂ ਅਮਰਦਾਸ ਜੀ) ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ ਸਨ। ਇਸ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖੀ ਦਾ ਦੂਜਾ ਵੱਡਾ ਕੇਂਦਰ 'ਗੋਇੰਦਵਾਲ ਸਾਹਿਬ' ਸਥਾਪਿਤ ਕੀਤਾ। ਇਹ ਨਗਰ ਸ੍ਰੀ ਗੁਰੂ ਅਮਰਦਾਸ ਜੀ ਦੇਖ-ਰੇਖ ਵਿਚ ਬਣਨਾ ਅਰੰਭ ਹੋ ਗਿਆ ਸੀ। ਇੱਥੇ ਪੂਰੀ ਵਸੋਂ ਹੀ ਗੁਰੂ ਦੇ ਸਿੱਖਾਂ ਦੀ ਸੀ। ਇਹ ਨਗਰ ਉਦੋਂ 'ਸਿੱਖੀ ਦਾ ਧੁਰਾ' ਕਰਕੇ ਜਾਣਿਆ ਜਾਣ ਲੱਗਾ। ਇਸ ਨਗਰ ਬਾਰੇ ਭੱਟ ਸਾਹਿਬਾਨ ਨੇ ਗੋਇੰਦਵਾਲ (ਗੋਇੰਦਵਾਲ ਸਾਹਿਬ) ਨੂੰ 'ਗੋਬਿੰਦਪੁਰੀ' ਭਾਵ ਰੱਬ ਦੀ ਨਗਰੀ ਕਹਿ ਕੇ ਸਨਮਾਨਿਆ।

**ਧਰਮ ਪ੍ਰਚਾਰ ਲਈ ਦੌਰੇ :** ਗੁਰਮਤਿ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਲਈ ਆਪ ਨੇ ਮਾਝੇ-ਮਾਲਵੇ ਦੇ ਪਿੰਡਾਂ ਵਿਚ ਧਰਮ ਪ੍ਰਚਾਰ ਦੌਰੇ ਕੀਤੇ ਤੇ ਲੋਕਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਨ੍ਹਾਂ ਮਹਾਨ ਕਾਰਜਾਂ ਸਦਕਾ ਸਿੱਖ ਧਰਮ ਨੇ ਪਰਪੱਕਤਾ ਹਾਸਲ ਕੀਤੀ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਨਿਰਮਲ ਪੰਥ ਅੱਗੇ ਵਧਿਆ। ਇਸ ਨਿਰਮਲ ਪੰਥ ਨੂੰ ਅੱਗੇ ਜਾਰੀ ਰੱਖਣ ਲਈ ਆਪ ਜੀ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਬਖਸ਼ ਕੇ ੨੯ ਮਾਰਚ, ੧੫੫੨ ਈ. ਨੂੰ ਜੋਤੀ ਜੋਤ ਸਮਾ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਸਾਰੀ ਲੋਕਾਈ ਵਿਚ ਪ੍ਰਫੁੱਲਿਤ ਹੋਇਆ। ■

# ਸ੍ਰੀ ਗੁਰੂ ਅਮਰਦਾਸ ਜੀ

*-ਬੀਬੀ ਅੰਮ੍ਰਿਤ ਕੌਰ**

ਸ੍ਰੀ ਗੁਰੂ ਅਮਰਦਾਸ ਜੀ ਨੇ ਪਿੰਡ ਬਾਸਰਕੇ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਚ ਗ੍ਰਹਿ ੧੪੭੯ ਈ. ਨੂੰ ਪ੍ਰਕਾਸ਼ ਧਾਰਿਆ। ਆਪ ਜੀ ਦੇ ਪਿਤਾ ਜੀ ਦਾ ਨਾਮ ਸ੍ਰੀ ਤੇਜ ਭਾਨ ਅਤੇ ਮਾਤਾ ਸੁਲੱਖਣੀ ਜੀ ਸਨ। ਆਪ ਜੀ ਬਚਪਨ ਤੋਂ ਹੀ ਭਜਨ-ਬੰਦਗੀ ਵਿਚ ਲੀਨ ਰਹਿੰਦੇ। ਸਾਧਾਂ-ਸੰਤਾਂ ਦੀ ਸੇਵਾ ਕਰਦੇ। ਇਕ ਵਾਰ ਇਕ ਬ੍ਰਹਮਚਾਰੀ ਵੱਲੋਂ ਨਿਗੁਰਾ ਕਹਿਣ 'ਤੇ ਆਪ ਜੀ ਦੇ ਮਨ ਵਿਚ ਗੁਰੂ ਧਾਰਨ ਦੀ ਚੇਟਕ ਲੱਗੀ। ਜਦੋਂ ਆਪਣੇ ਭਤੀਜੇ ਦੀ ਪਤਨੀ (ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪੁੱਤਰੀ) ਬੀਬੀ ਅਮਰੋ ਜੀ ਕੋਲੋਂ ਗੁਰਬਾਣੀ ਦੇ ਮਿੱਠੇ ਸ਼ਬਦ ਆਪ ਜੀ ਦੇ ਕੰਨਾਂ ਵਿਚ ਪਏ ਤਾਂ ਆਪ ਦਾ ਤਨ-ਮਨ ਗਦ-ਗਦ ਹੋ ਗਿਆ। ਆਪ ਜੀ ਨੇ ਕੁੜਮਾਂ ਵਾਲਾ ਰਿਸ਼ਤਾ ਭੁਲਾ, ਖਡੂਰ ਸਾਹਿਬ ਪੁੱਜ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਗੁਰੂ ਮੰਨ ਕੇ ਗੁਰੂ ਜੀ ਤੇ ਸਿੱਖ ਸੰਗਤ ਦੀ ਅੰਤਰ-ਆਤਮਾ ਨਾਲ ਸੇਵਾ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਦੀ ਘਾਲ-ਕਮਾਈ ਵੇਖ ਗੁਰਿਆਈ ਦਾ ਵਾਰਸ ਬਣਾਇਆ ਤੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ ਆਦਿ ਬਖ਼ਸ਼ਿਸ਼ਾਂ ਕੀਤੀਆਂ

ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਿਆਈ ਹਾਸਲ ਕਰ ਕੇ ਸ਼ਬਦ ਗੁਰੂ ਦਾ ਪ੍ਰਚਾਰ ਕਰ, ਸੰਗਤ ਨੂੰ ਪ੍ਰਭੂ ਮਿਲਾਪ ਤੇ ਸਚਿਆਰ ਬਣਨ ਦਾ ਮਾਰਗ-ਦਰਸ਼ਨ ਕੀਤਾ।

**ਉਪਦੇਸ਼ :** ਸ੍ਰੀ ਗੁਰੂ ਅਮਰਦਾਸ ਜੀ ਨੇ ਉਪਦੇਸ਼ ਕੀਤਾ ਕਿ ਗੁਰਸਿੱਖ ਅੰਮ੍ਰਿਤ ਵੇਲੇ ਉੱਠੇ; ਇਸ਼ਨਾਨ ਕਰੇ ਅਤੇ ਚਿੱਤ ਨੂੰ ਇਕਾਗਰ ਕਰ ਨਾਮ-ਸਿਮਰਨ ਕਰੇ। ਅਕਾਲ ਪੁਰਖ ਵਾਹਿਗੁਰੂ ਨਾਲ ਜੁੜੇ। ਸਾਧ-ਸੰਗਤ ਵਿਚ ਰੋਜ਼ਾਨਾ ਜਾਏ। ਹਰੇਕ ਸਿੱਖ ਧਰਮ ਦੀ ਕਿਰਤ ਕਰੇ, ਆਪਣੀ ਨੇਕ ਕਿਰਤ-ਕਮਾਈ ਵਿੱਚੋਂ ਦਸਵੰਧ ਕੱਢੇ ਅਤੇ ਲੋੜਵੰਦਾਂ ਦੀ ਸਹਾਇਤਾ ਕਰੇ। ਪਰਾਏ-ਧਨ ਨੂੰ ਕਦੇ ਹੱਥ ਨਾ ਲਾਵੇ। ਪਰ ਨਿੰਦਾ ਤੇ ਝੂਠ ਦਾ ਸਹਾਰਾ ਨਾ ਲਵੇ। ਆਪ ਜੀ ਦਾ ਫੁਰਮਾਨ ਹੈ— *ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*

ਆਪ ਜੀ ਨੇ ਉਪਦੇਸ਼ ਕੀਤਾ ਕਿ ਭੁੱਖ ਤੋਂ ਬਿਨਾਂ ਖਾਣਾ ਨਹੀਂ, ਨੀਂਦ ਤੋਂ ਬਿਨਾਂ ਸੌਣਾ ਨਹੀਂ, ਆਲਸ ਦਾ ਤਿਆਗ ਕਰਨਾ ਹੈ। ਸੰਸਾਰਕ ਸੁਖਾਂ ਵਿਚ ਕਦੇ ਨਾ ਉਲਝਣਾ, ਸਦਾ ਮਹਾਂਪੁਰਸ਼ਾਂ ਦੀ ਸੰਗਤ ਕਰਨੀ। ਗੁਰਬਾਣੀ ਨੂੰ ਪੜ੍ਹ-ਸੁਣ ਕੇ ਪ੍ਰਸੰਨ ਹੋਣਾ ਤੇ ਗੁਰਬਾਣੀ 'ਤੇ ਅਮਲ ਕਰਨਾ। ਆਤਮਾ-ਪਰਮਾਤਮਾ ਨੂੰ ਇੱਕ ਰੂਪ ਜਾਣਨਾ। ਗੁਰ ਪਰਮੇਸ਼ਵਰ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਪੂਜਣਾ। ਮੁਕਤੀ ਤੇ ਸ਼ੁੱਭ ਕਾਰਜਾਂ ਲਈ ਕੇਵਲ ਇੱਕ ਅਕਾਲ-ਪੁਰਖ ਅੱਗੇ ਅਰਾਧਨਾ ਤੇ ਅਰਦਾਸ ਕਰਨੀ, ਵਿਸ਼ਵਾਸ

*#੬੫੮/੧੦, ਗਲੀ ਨੰ: ੨੧, ਪੰਜਾਬ ਮਾਤਾ ਨਗਰ, ਲੁਧਿਆਣਾ- ੧੪੧੦੧੩; ਮੋ. +੯੧੯੮੮੮੧-੮੯੬੨੨*

ਕਦੇ ਨਾ ਡੋਲਣ ਦੇਣਾ। ਆਪ ਨੇ ਆਪਾ ਚੀਨਣ ਦਾ ਉਪਦੇਸ਼ ਕੀਤਾ ਹੈ:

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੧)*

ਗੁਰੂ ਸਾਹਿਬ ਨੇ ਮਨੁੱਖ ਨੂੰ ਝੂਠੇ ਨਸ਼ਿਆਂ ਤੋਂ ਵਰਜ ਕੇ ਨਾਮ ਦੇ ਵਿਚ ਆਪਣੀ ਆਤਮਾ ਨੂੰ ਰੰਗਣ ਲਈ ਫੁਰਮਾਇਆ ਹੈ:

*ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੪)*

ਇੰਨਾ ਹੀ ਨਹੀਂ ਬਲਕਿ ਆਪ ਜੀ ਦੀ ਸਿੱਖਿਆ ਹੈ ਕਿ ਇਨਸਾਨ ਨੂੰ ਨਿਮਰਤਾ ਵਿਚ ਰਹਿ ਕੇ ਪਰਉਪਕਾਰ ਦੇ ਕਰਮ ਕਰਨੇ ਚਾਹੀਦੇ ਹਨ, ਸਿਮਰਨ ਨਹੀਂ ਛੱਡਣਾ ਚਾਹੀਦਾ। ਗੁਰਬਾਣੀ ਕੀਰਤਨ ਕਰਨ ਵਾਲੇ ਕੀਰਤਨੀਏ ਨੂੰ ਹੰਕਾਰ ਵਿਚ ਆ ਕੇ ਕੋਈ ਦੁਰ-ਬਚਨ ਨਹੀਂ ਬੋਲਣਾ ਚਾਹੀਦਾ। ਜੇ ਕੋਈ ਸ਼ਬਦ ਸੁਣਾਨਾ ਚਾਹੁੰਦਾ ਹੈ ਤਾਂ ਪਿਆਰ ਨਾਲ ਸਰਵਣ ਕਰਾਵੇ ਅਤੇ ਜੋ ਵੀ ਮਾਈ-ਭਾਈ ਸ਼ਰਧਾ ਕਰ ਕੇ ਤੁਛ ਭੇਟਾ ਦੇਵੇ ਕੀਰਤਨੀਆ ਉਸ ਭੇਟਾ ਨੂੰ ਪ੍ਰਵਾਨ ਕਰੇ।

**ਕਾਰਜ :** ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਗੋਇੰਦਵਾਲ ਸਾਹਿਬ ਨਗਰ ਉਸਾਰਿਆ। ਦੁਕਾਨਾਂ-ਬਾਜ਼ਾਰ ਬਣਾਏ। ਲੋਕਾਂ ਨੂੰ ਰੋਜ਼ਗਾਰ ਦਿੱਤਾ ਗਿਆ। ਰਹਿਣ ਲਈ ਸੁੰਦਰ ਹਵੇਲੀਆਂ, ਮਕਾਨ, ਧਰਮਸ਼ਾਲਾਵਾਂ ਤੇ ਰੈਣ-ਬਸੇਰੇ ਬਣਵਾਏ। ਇਸ ਤਰ੍ਹਾਂ ਇਹ ਵਪਾਰ ਕੇਂਦਰ ਬਣ ਗਿਆ ਤੇ ਇੱਥੇ ਹੀ ਗੁਰੂ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਪੰਥ ਦਾ ਪ੍ਰਚਾਰ ਵੀ ਕੀਤਾ।

ਸਿੱਖਾਂ ਵਿਚ ਭਾਈਚਾਰਕ ਸਾਂਝ ਪਾਉਣ ਲਈ, ਜਾਤ-ਪਾਤ ਦੇ ਵਿਤਕਰੇ ਮਿਟਾਉਣ ਲਈ ਇਕ ੮੪ ਪੌੜੀਆਂ ਦੀ ਬਾਉਲੀ ਬਣਾ ਕੇ ਪਾਣੀ ਦੀ ਕਿੱਲਤ ਨੂੰ ਵੀ ਦੂਰ ਕੀਤਾ। ਗੁਰੂ ਜੀ ਨੇ ਲੰਗਰ ਦੀ ਪ੍ਰਥਾ ਨੂੰ ਹੋਰ ਦ੍ਰਿੜ੍ਹ ਕੀਤਾ ਤੇ ਹੁਕਮ ਕੀਤਾ— 'ਪਹਿਲੇ ਪੰਗਤ ਪਾਛੇ ਸੰਗਤ।' ਬਾਦਸ਼ਾਹ ਅਕਬਰ ਨੂੰ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਣ ਉਪਰੰਤ ਗੁਰੂ ਜੀ ਦੇ ਦਰਸ਼ਨ ਹੋਏ। ਗੁਰੂ ਜੀ ਨੇ ਸਾਰੀ ਲੋਕਾਈ ਨੂੰ ਕਰਮ-ਕਾਂਡ, ਜਾਤ-ਪਾਤ, ਛੂਤ-ਛਾਤ, ਤੀਰਥ, ਵਰਤ ਨੇਮ, ਮੜੀ ਮਸਾਣ ਤੇ ਕਬਰਾਂ ਪੂਜਣ ਤੋਂ ਹਟਾ ਕੇ ਇੱਕ ਅਕਾਲ-ਪੁਰਖ ਦੇ ਸਿਮਰਨ ਨਾਲ ਜੋੜਿਆ। ਆਪ ਜੀ ਨੇ ਸਮਾਜ ਵਿਚ ਫੈਲੀ ਸਤੀ ਦੀ ਰਸਮ ਦਾ ਵੀ ਖੰਡਨ ਕੀਤਾ:

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੭)*

ਆਪ ਜੀ ਨੇ ਇਸਤਰੀ ਜਾਤ 'ਤੇ ਹੁੰਦੇ ਜ਼ੁਲਮ ਨੂੰ ਰੋਕਣ ਲਈ ਕਈ ਪ੍ਰਕਾਰ ਦੀ ਪ੍ਰੇਰਨਾ ਕੀਤੀ। ਘੁੰਡ ਦੀ ਰਸਮ ਤੋਂ ਵਰਜਿਆ ਅਤੇ ਵਿਧਵਾ-ਪੁਨਰ ਵਿਆਹ ਪ੍ਰਚਲਿਤ ਕੀਤਾ। ਇਸਤਰੀ ਨੂੰ ਉੱਚਾ-ਸੁੱਚਾ ਬਣਾਉਣ ਲਈ ੫੨ ਪੀੜ੍ਹੇ ਗੁਰਮੁਖ ਬੀਬੀਆਂ ਨੂੰ ਦੇ ਕੇ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਸਿੱਖੀ ਦਾ ਪ੍ਰਚਾਰ ਕਰਨ ਲਈ ਭੇਜਿਆ।

ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦੇ ਪ੍ਰਚਾਰ ਹਿੱਤ ੨੨ ਮੰਜੀਆਂ ਭਾਵ ੨੨ ਧਰਮ ਪ੍ਰਚਾਰਕ ਥਾਪ ਕੇ ਤੇ ਧਰਮ ਪ੍ਰਚਾਰ ਕੇਂਦਰ ਸਥਾਪਿਤ ਕੀਤੇ। ਸੰਗਤ ਵਿਚ ਆਪਸੀ ਪਿਆਰ ਤੇ ਮੇਲ ਨੂੰ ਵਧਾਉਣ ਲਈ ਵੈਸਾਖੀ ਵਾਲੇ ਦਿਨ ਸੰਗਤ ਦਾ ਇਕੱਠ ਕਰ ਉਨ੍ਹਾਂ ਨੂੰ ਗੁਰੂ ਸਾਹਿਬਾਨ ਦੇ ਸੰਦੇਸ਼, ਕੀਰਤਨ ਤੇ ਗੁਰਬਾਣੀ ਨਾਲ ਜੋੜਨ ਦੀ ਮਰਯਾਦਾ ਅਰੰਭ ਕੀਤੀ।

ਆਪ ਜੀ ਨੇ ੧੮ ਰਾਗਾਂ ਵਿਚ ੯੦੭ ਸ਼ਬਦ ਉਚਾਰ ਕੇ ਮਨੁੱਖਤਾ ਨੂੰ ਸਚਿਆਰ ਬਣਨ ਦਾ ਮਾਰਗ ਦਿਖਾਇਆ। ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਮਿਲੇ ਸ਼ਬਦ ਦੇ ਖ਼ਜ਼ਾਨੇ ਨੂੰ ਹੋਰ ਪ੍ਰਫੁੱਲਤ ਕੀਤਾ ਤੇ ਫੁਰਮਾਇਆ:

*ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥ . . .*
*ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੦)*

ਇਕ ਵਾਰ ਜਦੋਂ ਕੁਸ਼ਟੀ ਪ੍ਰੇਮਾ ਖੱਤਰੀ ਆਪ ਜੀ ਦੀ ਸ਼ਰਨੀਂ ਆਇਆ ਤਾਂ ਆਪ ਜੀ ਨੇ ਬਾਉਲੀ ਦੇ ਜਲ ਨਾਲ ਹੱਥੀਂ ਇਸ਼ਨਾਨ ਕਰਾ ਉਸ ਦਾ ਕੁਸ਼ਟ ਰੋਗ ਦੂਰ ਕੀਤਾ ਤੇ ਉਸ ਦਾ ਨਾਂ ਮੁਰਾਰੀ ਰੱਖਿਆ 'ਤੇ ਮੱਥੋ ਨਾਲ ਉਸ ਦਾ ਵਿਆਹ ਕੀਤਾ ਤੇ ਬਾਈ ਮੰਜੀਆਂ ਵਿੱਚੋਂ ਇਕ ਮੰਜੀ ਸੌਂਪੀ। ਗੁਰੂ ਜੀ ਨੇ ਮਰਨੇ ਪਰਨੇ 'ਤੇ ਹੋਣ ਵਾਲੀਆਂ ਫੋਕਟ ਰਸਮਾਂ-ਰਿਵਾਜ਼ਾਂ ਨੂੰ ਬੰਦ ਕਰਨ ਦਾ ਵੀ ਪ੍ਰਚਾਰ ਕੀਤਾ।

ਗੁਰੂ ਸਾਹਿਬ ਨੇ ਆਪਣੇ ਅੰਤਲੇ ਸਮੇਂ ਆਪਣੇ ਪਰਵਾਰ ਤੇ ਸੰਗਤ ਨੂੰ ਪ੍ਰਭੂ ਦੇ ਭਾਣੇ ਵਿਚ ਰਹਿਣ ਦਾ ਹੁਕਮ ਕੀਤਾ, ਜਿਸ ਨੂੰ ਬਾਬਾ ਸੁੰਦਰ ਜੀ ਨੇ 'ਰਾਮਕਲੀ ਸਦੁ' ਵਿਚ ਅੰਕਿਤ ਕੀਤਾ:

*ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ॥*
*ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥ . . .*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੩)*

*ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥*

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਇਕ ਨਵਾਂ ਨਗਰ ਸਥਾਪਿਤ ਕਰਨ ਲਈ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਜੀ) ਅਤੇ ਬਾਬਾ ਬੁੱਢਾ ਜੀ ਨੂੰ ਭੇਜਿਆ। ਇਹ ਨਗਰ (ਗੁਰੂ ਕਾ ਚੱਕ ਜਾਂ ਚੱਕ ਗੁਰੂ ਰਾਮਦਾਸ) ਅੱਜ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਰੂਪ ਵਿਚ ਪ੍ਰਸਿੱਧ ਹੈ।

ਗੁਰੂ-ਘਰ ਵਿਚ ਸ਼ਰਧਾ ਰੱਖਣ ਵਾਲੇ ਤੇ ਹਰ ਵੇਲੇ ਸੇਵਾ-ਸਿਮਰਨ ਵਿਚ ਰਹਿਣ ਵਾਲੇ ਭਾਈ ਪਾਰੋ ਜੁਲਕਾ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ 'ਪਰਮ ਹੰਸ' ਕਹਿ ਕੇ ਨਿਵਾਜਿਆ।

ਗੋਇੰਦਵਾਲ ਸਾਹਿਬ ਵਿਖੇ ਹਰੀ ਰਾਮ (ਮਰਵਾਹ ਖੱਤਰੀ) ਜੋ ਆਪਣੇ ਆਪ ਨੂੰ ਤਪਾ ਕਹਾਉਂਦਾ ਸੀ। ਉਸ ਨੇ ਲੋਕਾਂ ਨੂੰ ਲੰਗਰ ਵਿਚ ਇੱਕੋ ਹੀ ਪੰਗਤ ਵਿਚ ਬੈਠ ਕੇ

*ਬਾਕੀ ਸਫ਼ਾ 41 'ਤੇ*

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਭ ਤੋਂ ਵੱਡੀ ਦੇਣ ਪੰਥ ਪ੍ਰਵਾਣਿਤ 'ਸਿੱਖ ਰਹਿਤ ਮਰਯਾਦਾ'

*-ਪ੍ਰਿੰ. ਸੁਰਿੰਦਰ ਸਿੰਘ**

## ਸਿੱਖ ਰਹਿਤ ਮਰਯਾਦਾ ਦੀ ਸੰਪੂਰਨਤਾ ਤਕ ਮਹੱਤਵਪੂਰਨ ਤਾਰੀਖਾਂ:-

ਪੰਥ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਸਿੱਖ ਕੌਮ ਦਾ ਇੱਕ ਮਹੱਤਵਪੂਰਨ ਦਸਤਾਵੇਜ਼ ਹੈ, ਜੋ ਕਿ ਹੋਰ ਦੇਸ਼ਾਂ ਦੇ ਸੰਵਿਧਾਨ ਵਾਂਗ ਸਿੱਖ ਪੰਥ ਦਾ ਵਿਧਾਨ ਹੈ। ਸਿੱਖ ਨੇ ਜਨਮ ਤੋਂ ਲੈ ਕੇ ਮਰਨ ਤਕ ਆਪਣੇ ਜੀਵਨ ਨੂੰ ਕਿਵੇਂ ਗੁਰੂ ਦੱਸੀ ਜੀਵਨ ਜੁਗਤ ਮੁਤਾਬਿਕ ਬਤੀਤ ਕਰਨਾ ਹੈ ਇਹ ਸਾਰੀ ਜਾਣਕਾਰੀ 'ਸਿੱਖ ਰਹਿਤ ਮਰਯਾਦਾ' ਵਿਚ ਸਮੁੱਚੇ ਗੁਰੂ-ਪੰਥ ਦੀ ਪ੍ਰਵਾਨਗੀ ਨਾਲ ਨਿਰਧਾਰਿਤ ਕੀਤੀ ਗਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰੂ-ਪੰਥ ਵੱਲੋਂ ਪ੍ਰਵਾਣਿਤ ਇਹ ਸਿੱਖ ਰਹਿਤ ਮਰਯਾਦਾ ਹਰ ਸਿੱਖ ਦੇ ਨਿੱਜੀ ਅਤੇ ਪੰਥਕ ਜੀਵਨ ਵਿਚ ਹਰ ਹਾਲਤ ਵਿਚ ਲਾਗੂ ਹੋਣੀ ਚਾਹੀਦੀ ਹੈ ਪਰ ਦੇਖਣ ਵਿਚ ਆਇਆ ਹੈ ਕਈ ਸੰਪਰਦਾਵਾਂ ਤੇ ਜਥੇਬੰਦੀਆਂ ਦੇ ਵੀਰ ਇਸ ਰਹਿਤ ਮਰਯਾਦਾ ਬਾਰੇ ਕਈ ਕਿਸਮ ਦੀ ਨੁਕਤਾਚੀਨੀ ਕਰਦੇ ਹਨ। ਕੋਈ ਕਹਿੰਦਾ ਹੈ ਕਿ ਇਹ ਇੱਕ ਖਰੜਾ ਹੀ ਹੈ, ਜਿਸ ਨੂੰ ਕੋਈ ਮਾਨਤਾ ਨਹੀਂ ਮਿਲੀ। ਦਰਅਸਲ ਸੱਚ ਇਹ ਹੈ ਕਿ ਕੇਵਲ ਤੇ ਕੇਵਲ ਇਹੋ ਇੱਕੋ ਇੱਕ ਕੌਮੀ ਦਸਤਾਵੇਜ਼ ਹੈ ਜਿਸ ਨੂੰ ਸਮੁੱਚੇ ਪੰਥ ਨੇ ਪ੍ਰਵਾਨ ਕੀਤਾ ਹੈ। ਇਸ ਤੋਂ ਬਿਨਾਂ ਹੋਰ ਕਿਸੇ ਵੀ ਮਰਯਾਦਾ ਨੂੰ (ਸਮੁੱਚੇ ਗੁਰੂ ਪੰਥ) ਵੱਲੋਂ ਪ੍ਰਵਾਨਗੀ ਨਹੀਂ। ਸਮੁੱਚੇ ਸੰਸਾਰ ਵਿਚ ਜਦੋਂ ਕਿਸੇ ਵੀ ਸਿੱਖ ਨੂੰ ਸਰਕਾਰੀ ਅਦਾਲਤਾਂ ਵਿਚ ਆਪਣੀ ਧਾਰਮਿਕ ਪਹਿਚਾਨ ਸੰਬੰਧੀ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੀਆਂ ਅਦਾਲਤਾਂ ਇਸ ਰਹਿਤ ਮਰਯਾਦਾ ਨੂੰ ਆਧਾਰ ਬਣਾ ਕੇ ਹੀ ਆਪਣੇ ਫੈਸਲੇ ਦਿੰਦੀਆਂ ਹਨ। ਗੁਰੂ-ਪੰਥ ਵੱਲੋਂ ਇਸ ਰਹਿਤ ਮਰਯਾਦਾ ਦੀ ਪ੍ਰਵਾਨਗੀ ਲਈ ਪੂਰੇ ੪੦ ਸਾਲ ਦਾ ਸਮਾਂ ਲੱਗਾ। ਇਸ ਲਈ ਇਸ ਰਹਿਤ ਮਰਯਾਦਾ ਦੀਆਂ ਮਹੱਤਵਪੂਰਨ ਤਾਰੀਖਾਂ ਹੇਠ ਲਿਖੇ ਅਨੁਸਾਰ ਲੜੀਵਾਰ ਦਿੱਤੀਆਂ ਜਾ ਰਹੀਆਂ ਹਨ, ਤਾਂ ਕਿ ਸ਼ੰਕਾਵਾਦੀ ਵੀਰਾਂ ਦੇ ਸ਼ੰਕੇ ਨਿਵਿਰਤ ਹੋ ਸਕਣ:-

**ਪਹਿਲਾ ਖਰੜਾ:-** ਚੀਫ਼ ਖਾਲਸਾ ਦੀਵਾਨ ਵੱਲੋਂ 'ਗੁਰਮਤਿ ਪ੍ਰਕਾਸ਼' (ਭਾਗ ਸੰਸਕਾਰ) ਦੇ ਰੂਪ ਵਿਚ ਤਿਆਰ ਕੀਤਾ ਗਿਆ।

**(੧) ਜੂਨ ੧੯੧੨ ਈ.-** ਨੂੰ 'ਖਾਲਸਾ ਅਖ਼ਬਾਰ' ਵਿਚ ਖਰੜਾ ਛਾਪਿਆ ਗਿਆ ਅਤੇ ਸਿੱਖ ਸੰਸਥਾਵਾਂ ਦੀ ਰਾਏ ਮੰਗੀ ਗਈ। ਇਸ 'ਤੇ ਵਿਚਾਰ ਕਰਨ ਲਈ ੨੭ ਜਥੇਬੰਦੀਆਂ ਅਤੇ ੧੦੫ ਵਿਦਵਾਨਾਂ ਨੇ ਭਾਗ ਲਿਆ ਤੇ ਕੁਝ ਸੋਧਾਂ ਕਰਨ ਦਾ ਫੈਸਲਾ

**ਜੂਨੀਅਰ ਮੀਤ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. +੯੧੯੮੫੫੦-੯੮੭੫੦*

ਕੀਤਾ ਗਿਆ।

**(੨) ਮਈ ੧੯੧੩ ਈ.-** ਨੂੰ ਦੂਜੀ ਵਾਰ ਸੋਧਿਆ ਖਰੜਾ 'ਖਾਲਸਾ ਅਖ਼ਬਾਰ' ਵਿਚ ਦੁਬਾਰਾ ਛਾਪਿਆ ਗਿਆ। ਸੰਗਤ ਦੀ ਰਾਏ ਮੰਗੀ ਗਈ। ਇਸ ਵਾਰ ੨੯ ਸਿੱਖ ਜਥੇਬੰਦੀਆਂ ਅਤੇ ੮੦ ਵਿਦਵਾਨਾਂ ਨੇ ਵਿਚਾਰ-ਚਰਚਾ ਵਿਚ ਭਾਗ ਲਿਆ ਅਤੇ ਸਹਿਮਤੀ ਪ੍ਰਗਟ ਕੀਤੀ ਗਈ।

**(੩) ੧੮ ਅਕਤੂਬਰ, ੧੯੧੪ ਈ.-** ਨੂੰ ਚੀਫ਼ ਖਾਲਸਾ ਦੀਵਾਨ ਨੇ ਆਪਣੀ ਜਨਰਲ ਮੀਟਿੰਗ ਵਿਚ ਇਸ ਨੂੰ ਪਾਸ ਕੀਤਾ।

**(੪) ਮਾਰਚ ੧੯੧੫ ਈ.-** ਨੂੰ ਵੱਡੀ ਗਿਣਤੀ ਵਿਚ ਛਾਪ ਕੇ ਇਸ ਨੂੰ ਸਿੱਖ ਸੰਗਤ ਵਿਚ ਵੰਡਿਆ ਗਿਆ। ਇਹੋ ਖਰੜਾ 'ਸਿੱਖ ਰਹਿਤ ਮਰਯਾਦਾ' ਦਾ ਆਧਾਰ ਬਣਿਆ। ਜਿਸ ਨੂੰ ਪਾਸ ਕਰਨ ਲਈ ਪੂਰੇ ਚਾਰ ਸਾਲ ਦਾ ਸਮਾਂ ਲੱਗਾ।

**ਨੋਟ:-** ਕਿਉਂਕਿ ਇਹ ਮਰਯਾਦਾ ਇੱਕ ਜਥੇਬੰਦੀ (ਚੀਫ਼ ਖਾਲਸਾ ਦੀਵਾਨ) ਵੱਲੋਂ ਤਿਆਰ ਕੀਤੀ ਗਈ ਸੀ, ਪਰ ਗੁਰੂ ਪਾਤਸ਼ਾਹ ਨੇ ਕਿਸੇ ਇੱਕ ਵਿਅਕਤੀ ਜਾਂ ਇੱਕ ਜਥੇਬੰਦੀ ਨੂੰ ਕੋਈ ਅਧਿਕਾਰ ਨਹੀਂ ਦਿੱਤਾ, ਸਗੋਂ ਗੁਰੂ-ਗ੍ਰੰਥ ਤੇ ਗੁਰੂ-ਪੰਥ ਨੂੰ ਗੁਰਿਆਈ ਬਖ਼ਸ਼ ਕੇ ਸਮੁੱਚੇ ਖਾਲਸਾ ਪੰਥ ਨੂੰ ਗੁਰੂ ਵਾਲੇ ਅਧਿਕਾਰ ਦਿੱਤੇ ਸਨ। ਇਸ ਲਈ ਇਸ ਮਰਯਾਦਾ ਨੂੰ ਪੰਥਕ ਮਰਯਾਦਾ ਬਣਾਉਣ ਲਈ ਸਮੁੱਚੇ ਖਾਲਸਾ ਪੰਥ ਦੀ ਪ੍ਰਵਾਨਗੀ ਜ਼ਰੂਰੀ ਸੀ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਥਕ ਪ੍ਰਵਾਨਗੀ ਲੈਣ ਲਈ ਅਗਲੇ ਯਤਨ ਅਰੰਭੇ ਗਏ।

**(੫) ੧੨ ਸਾਲ ਬਾਅਦ ਦੂਜਾ ਖਰੜਾ-** ੧੫ ਮਾਰਚ, ੧੯੨੭ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਥ ਪ੍ਰਵਾਣਿਤ ਰਹਿਤ ਮਰਯਾਦਾ ਬਣਾਉਣ ਲਈ ੨੫ ਮੈਂਬਰੀ "ਰਹੁਰੀਤ ਸਬ ਕਮੇਟੀ" ਬਣਾਈ ਗਈ ਤੇ ਨਵਾਂ ਖਰੜਾ ਲਿਖਤੀ ਰੂਪ ਵਿਚ ਤਿਆਰ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ।

**(੬) ਚਾਰ ਸਾਲ ਬਾਅਦ-** ਮਰਯਾਦਾ ਦੇ ਖਰੜੇ ਨੂੰ ਲਿਖਤੀ ਰੂਪ ਵਿਚ ਤਿਆਰ ਕਰ ਕੇ ਅਪ੍ਰੈਲ ੧੯੩੧ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਸਕ ਰਸਾਲੇ 'ਗੁਰਦੁਆਰਾ ਗਜਟ' ਵਿਚ ਛਾਪਿਆ ਗਿਆ ਤੇ ਸੰਗਤ ਦੀ ਰਾਏ ਮੰਗੀ ਗਈ।

**(੭) ਢਾਈ ਸਾਲ ਬਾਅਦ-** ੩੦ ਦਸੰਬਰ, ੧੯੩੩ ਈ. ਨੂੰ ਸਿੱਖ ਆਲ ਪਾਰਟੀਜ਼ ਦੀ ਮੀਟਿੰਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੁਲਾਈ ਗਈ ਅਤੇ ਇਸ ਕਮੇਟੀ ਨੇ ਸਰਬ-ਸੰਮਤੀ ਨਾਲ ਰਹਿਤ ਮਰਯਾਦਾ ਤਿਆਰ ਕਰਨ ਦੇ ਸਾਰੇ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤੇ।

**੮) ਤਿੰਨ ਸਾਲ ਬਾਅਦ-** ੧ ਅਗਸਤ, ੧੯੩੬ ਈ. ਨੂੰ ਸਰਬ-ਹਿੰਦ ਸਿੱਖ ਮਿਸ਼ਨ ਬੋਰਡ ਵੱਲੋਂ ਖਰੜੇ ਨੂੰ ਪ੍ਰਵਾਨਗੀ ਦਿੱਤੀ।

**੯) ਤਿੰਨ ਮਹੀਨੇ ਬਾਅਦ-** ੧੨ ਅਕਤੂਬਰ, ੧੯੩੬ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਵੱਲੋਂ ਸਰਬ-ਸੰਮਤੀ ਨਾਲ ਪ੍ਰਵਾਨ ਕਰ ਕੇ ਸ੍ਰੀ

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਪਾਸ ਪੰਥ ਦੇ ਨਾਮ ਜਾਰੀ ਕਰਨ ਦੀ ਅਪੀਲ ਕੀਤੀ ਗਈ।

**੧੦) ੮ ਜੁਲਾਈ, ੧੯੪੪ ਈ.:-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੱਠ ਮੈਂਬਰਾਂ ਦੀ ਧਾਰਮਿਕ ਸਲਾਹਕਾਰ ਕਮੇਟੀ ਬਣਾਈ, ਜਿਸ ਨੂੰ ਇਸ ਮਰਯਾਦਾ ਵਿਚ ਸੋਧ ਸੁਧਾਈ (ਵਾਧ-ਘਾਟ) ਠੀਕ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ।

**੧੧) ੭ ਜਨਵਰੀ, ੧੯੪੫ ਈ.** ਨੂੰ ਅੱਠ ਮੈਂਬਰੀ ਸੋਧ ਕਮੇਟੀ (ਧਾਰਮਿਕ ਸਲਾਹਕਰ ਕਮੇਟੀ) ਨੇ ਮਰਯਾਦਾ ਵਿਚ ੧੭ ਸੋਧਾਂ ਦੀ ਸਿਫਾਰਸ਼ ਕੀਤੀ ਅਤੇ ਰਿਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕੀਤੀ।

**੧੨) ਨੌਂ ਸਾਲ ਬਾਅਦ-** ਧਾਰਮਿਕ ਸਲਾਹਕਾਰ ਕਮੇਟੀ ਦੀ ਸਿਫਾਰਸ਼ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੩ ਫਰਵਰੀ, ੧੯੪੫ ਈ. ਨੂੰ ਮਤਾ ਨੰ: ੯੭ ਰਾਹੀਂ ਸੋਧਾਂ ਦੀ ਪ੍ਰਵਾਨਗੀ ਦਿੱਤੀ।

**੧੩)** ੧੯੪੭ ਈ. ਦੀ ਦੇਸ਼-ਵੰਡ ਤੋਂ ਬਾਅਦ ਪਾਕਿਸਤਾਨ ਵਿਚ ਰਹਿ ਗਏ ਗੁਰਧਾਮਾਂ ਬਾਰੇ ਸ਼ਬਦਾਵਲੀ ਨਿਰਧਾਰਿਤ ਕਰਨ ਸੰਬੰਧੀ - ਸੰਨ ੧੯੪੮ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਸਕੱਤਰ ਸਾਹਿਬਾਨ (ਸ. ਹਰਨਾਮ ਸਿੰਘ ਜੀ, ਅਤੇ ਸ. ਰਵੇਲ ਸਿੰਘ ਜੀ) ਵੱਲੋਂ ਕਈ ਵਿਦਵਾਨਾਂ ਅਤੇ ਚਿੰਤਕਾਂ ਦੀ ਡਿਊਟੀ ਇਹ ਸ਼ਬਦਾਵਲੀ ਲਿਖਣ ਲਈ ਲਗਾਈ ਗਈ। ਇਨ੍ਹਾਂ ਵਿਦਵਾਨਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਅਧਿਕਾਰੀ ਸ. ਜੁਗਿੰਦਰ ਸਿੰਘ ਭਸੀਨ (ਜੋ ਕਿ ੧੯ ਸਤੰਬਰ, ੨੦੨੦ ਈ. ਨੂੰ ੯੪ ਸਾਲ ਦੀ ਉਮਰ ਵਿਚ ਚੰਡੀਗੜ੍ਹ ਵਿਖੇ ਆਪਣੀ ਬੇਟੀ ਬੀਬੀ ਸਰਬਜੀਤ ਕੌਰ ਪਾਸ ਅਕਾਲ ਚਲਾਣਾ ਕਰ ਗਏ ਹਨ।) ਦੀ ਲਿਖੀ ਹੋਈ- "ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ . . ." ਸ਼ਬਦਾਵਲੀ ਪ੍ਰਵਾਨ ਹੋਈ। ਇਸ ਸ਼ਬਦਾਵਲੀ ਨੂੰ ਲਿਖਣ ਤੇ ਪ੍ਰਵਾਨ ਹੋਣ ਲਈ ਚਾਰ ਸਾਲ ਦਾ ਸਮਾਂ ਲੱਗਿਆ।

**੧੪) ੨੫ ਜਨਵਰੀ, ੧੯੫੨ ਈ.-** ਸ. ਜਗਮੋਹਣ ਸਿੰਘ ਜੀ "ਪੱਤਰਕਾਰ" ਇੰਗਲਿਸ਼ ਅਖਬਾਰ ਲੁਧਿਆਣਾ ਵੱਲੋਂ ਦਾਸ ਨੂੰ ਫੋਨ ਰਾਹੀਂ ਦੱਸਿਆ ਗਿਆ ਕਿ ਇਸ ਸ਼ਬਦਾਵਲੀ ਦੀ ਪ੍ਰਵਾਨਗੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੨੫ ਜਨਵਰੀ, ੧੯੫੨ ਈ. ਨੂੰ ਦਿੱਤੀ ਗਈ। ਜੋ ਹਮੇਸ਼ਾਂ ਲਈ ਪੰਥ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਦਾ ਹਿੱਸਾ ਬਣ ਗਈ।

**੧੫) ਪਾਕਿਸਤਾਨ ਵਿਚ ਰਹਿ ਗਏ ਗੁਰਧਾਮਾਂ ਬਾਰੇ ਪ੍ਰਵਾਣਿਤ ਕੀਤੀ ਗਈ ਸ਼ਬਦਾਵਲੀ:-** ਸਿੱਖ ਰਹਿਤ ਮਰਯਾਦਾ ਨੂੰ ਤਿਆਰ ਕਰਨ ਸਮੇਂ ਪੰਥਕ ਵਿਦਵਾਨਾਂ ਵੱਲੋਂ ਕਿਤਨੀ ਸਖਤ ਮਿਹਨਤ ਅਤੇ ਵਿਚਾਰ-ਵਟਾਂਦਰਾ ਕੀਤਾ ਗਿਆ ਹੋਵੇਗਾ ਇਸ ਗੱਲ ਦੇ ਦੋ ਚਸ਼ਮਦੀਦ ਗਵਾਹ ਜੋ ਸੰਨ ੧੯੫੨ ਵਿਚ ਗੁਰਧਾਮਾਂ ਬਾਰੇ ਸ਼ਬਦਾਵਲੀ ਪ੍ਰਵਾਨ ਕਰਨ ਵਾਲੀਆਂ ਮੀਟਿੰਗਾਂ ਵਿਚ ਹਿੱਸਾ ਲੈਂਦੇ ਰਹੇ। ਦੋਵਾਂ ਵਿਦਵਾਨਾਂ ਵੱਲੋਂ

ਦਾਸ ਨੂੰ ਜੋ ਦੱਸਿਆ, ਉਨ੍ਹਾਂ ਦੇ ਬਿਆਨ ਹੇਠ ਲਿਖੇ ਅਨੁਸਾਰ ਦਰਜ ਕਰ ਰਿਹਾ ਹਾਂ:-
**੧.** ਸ. ਅਤਰ ਸਿੰਘ ਭਾਗਵੰਤ ਕਸ਼ਮੀਰ ਵਾਲੇ- ਵਾਸੀ ਕੋਠੀ ਨੰ: ੪੭, ਸੈਕਟਰ ੧੯ ਏ, ਚੰਡੀਗੜ੍ਹ, ਜਿਨ੍ਹਾਂ ਨੇ 'ਅਕਾਲੀ ਕੌਰ ਸਿੰਘ ਜੀ' ਵੱਲੋਂ ਸੰਨ ੧੯੨੯ ਵਿਚ ਲਿਖਿਆ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤ ਸਵੱਯਾਂ ਦਾ ਤੁਕ ਤੱਤਕਰਾ ੬੩ ਸਾਲ ਬਾਅਦ ੧੯੯੩ ਨੂੰ ਆਪ ਛਪਾਇਆ ਸੀ। ਇਨ੍ਹਾਂ ਨੇ ਦੱਸਿਆ ਸੀ ਕਿ "ਵਿਛੜੇ ਗੁਰਧਾਮਾਂ" ਦੀ ਸ਼ਬਦਾਵਲੀ ਬਾਰੇ ਵਿਚਾਰ ਕਰਨ ਲਈ ਚੰਡੀਗੜ੍ਹ ਵਿਖੇ ਹੋ ਰਹੀ ਮੀਟਿੰਗ ਵਿਚ ਇਹ ਵੀ ਹਾਜ਼ਰ ਸਨ, ਉਨ੍ਹਾਂ ਨੇ "ਸ੍ਰੀ ਨਨਕਾਣਾ ਸਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ" ਵਿਚ "ਤੋਂ" ਅਤੇ "ਨੂੰ" ਸ਼ਬਦ ਕਿਸ ਨਾਲ ਲੱਗੇਗਾ (ਗੁਰਧਾਮਾਂ ਜਾਂ ਪੰਥ ਨਾਲ) ਅਤੇ ਵੱਖ-ਵੱਖ ਹੋਰ ਨੁਕਤਿਆਂ ਤੇ ਵਿਦਵਾਨਾਂ ਦੀ ਚਾਰ ਦਿਨ ਲਗਾਤਾਰ ਬਹਿਸ ਹੋਈ। ਅੰਤ ਰਹਿਤ ਮਰਯਾਦਾ ਵਿਚ ਹੁਣ ਵਾਲੀ ਸ਼ਬਦਾਵਲੀ ਹੀ ਪ੍ਰਵਾਨ ਕੀਤੀ ਗਈ ਸੀ।
**੨.** ਮਾਸਟਰ ਨਿਰਮਲ ਸਿੰਘ ਜੀ ਸਪੁੱਤਰ ਸ. ਰਾਮ ਸਿੰਘ, ਮੁਹੱਲਾ ਫਤਿਹਗੜ੍ਹ, ਸ੍ਰੀ ਅਨੰਦਪੁਰ ਸਾਹਿਬ, ਉਮਰ ੮੨ ਸਾਲ ਨੇ ਦੱਸਿਆ:- ਸੰਨ ੧੯੫੨ ਈ. ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਦੂਜੀ ਮੰਜਿਲ ਉੱਤੇ ੨੫੦ ਵਿਦਵਾਨਾਂ ਤੇ ਸੰਗਤ ਵਿਚ ਜਦੋਂ ਉਪ੍ਰੋਕਤ ਸ਼ਬਦਾਵਲੀ ਨੀਯਤ ਕਰਨ ਸੰਬੰਧੀ ਮੀਟਿੰਗ ਹੋ ਰਹੀ ਸੀ ਇਹ ਵੀ ੧੬ ਸਾਲ ਦੀ ਉਮਰ ਵਿਚ ਇਸ ਮੀਟਿੰਗ ਵਿਚ ਹਾਜ਼ਰ ਸਨ। ਜਦੋਂ "ਸੇਵਾ ਸੰਭਾਲ ਦਾ ਦਾਨ" ਸ਼ਬਦ ਬਾਰੇ ਵਿਚਾਰ ਸ਼ੁਰੂ ਹੋਈ ਤਾਂ ਜਥੇਦਾਰ ਕੇਹਰ ਸਿੰਘ ਬੈਰਾਗੀ ਸਿੱਖ ਵਿਦਵਾਨ ਨੇ "ਦਾਨ" ਸ਼ਬਦ 'ਤੇ ਇਤਰਾਜ਼ ਕੀਤਾ ਕਿ "ਦਾਨ" ਸ਼ਬਦ ਪਾਂਡਿਆਂ ਦਾ ਸ਼ਬਦ ਹੈ ਜੋ ਸਿੱਖੀ ਵਿਚ ਪ੍ਰਵਾਨ ਨਹੀਂ, ਬਦਲਕੇ "ਸੇਵਾ ਸੰਭਾਲ ਦਾ ਬਲ" ਕੀਤਾ ਜਾਵੇ। "ਦਾਨ" ਅਤੇ "ਬਲ" ਸ਼ਬਦ 'ਤੇ ਲਗਾਤਾਰ ਤਿੰਨ ਦਿਨ ਬਹਿਸ ਹੋਈ। ਅੰਤ "ਦਾਨ" ਸ਼ਬਦ ਹੀ ਪ੍ਰਵਾਨ ਕੀਤਾ ਗਿਆ।

ਸੋ ਉਪਰੋਕਤ ਦੋ ਘਟਨਾਵਾਂ ਤੋਂ ਪਤਾ ਲੱਗਦਾ ਹੈ ਕਿ 'ਸਿੱਖ ਰਹਿਤ ਮਰਯਾਦਾ' ਨੂੰ ਤਿਆਰ ਕਰਨ ਸਮੇਂ ਸੰਨ ੧੯੧੨ ਤੋਂ ੧੯੫੨ ਈ. ਤਕ ੪੦ ਸਾਲ ਲਗਾਤਾਰ ਪੰਥਕ ਵਿਦਵਾਨਾਂ ਨੂੰ ਸਖਤ ਘਾਲਣਾ ਘਾਲਣੀ ਪਈ। ਇਸੇ ਕਾਰਨ ਸ਼੍ਰੋਮਣੀ ਗੁਰੁਦਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੀ ਗਈ ਰਹਿਤ ਮਰਯਾਦਾ ਨੂੰ ਪੰਥ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਕਿਹਾ ਜਾਂਦਾ ਹੈ। ਸੋ ਹਰ ਸਿੱਖ ਅਤੇ ਸਿੱਖ ਜਥੇਬੰਦੀ ਨੂੰ ਇਸ ਰਹਿਤ ਮਰਯਾਦਾ ਨੂੰ ਆਪਣੇ ਘਰ ਅਤੇ ਸੰਸਥਾਵਾਂ ਵਿਚ ਲਾਗੂ ਕਰਨਾ ਚਾਹੀਦਾ ਹੈ।

**ਹਵਾਲੇ :-**

੧. ਹਵਾਲੇ ਪੰਥ ਪ੍ਰਵਾਣਿਤ *ਸਿੱਖ ਰਹਿਤ ਮਰਯਾਦਾ* ਦੇ ਪੰਨਾ ੧ ਤੋਂ ੮ ਤਕ।
੨. ਗਿਆਨੀ ਗੁਰਬਖਸ਼ ਸਿੰਘ ਜੀ ਗੁਲਸ਼ਨ ਵੱਲੋਂ ਲਿਖੀ ਪੁਸਤਕ '*ਸਿੱਖ ਰਹਿਤ ਮਰਯਾਦਾ ਦਰਪਨ*'।
੩. *ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ*, ਲੇਖਕ- ਸ. ਗੁਰਚਰਨਜੀਤ ਸਿੰਘ ਜੀ ਲਾਂਬਾ। ■

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ-ਛੋਹ ਪ੍ਰਾਪਤ ਅਸਥਾਨ

*-ਡਾ. ਪਰਮਵੀਰ ਸਿੰਘ**

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨ, ਬਾਣੀ ਅਤੇ ਸ਼ਹਾਦਤ ਮਨੁੱਖਤਾ ਦਾ ਮਾਰਗ-ਦਰਸ਼ਨ ਕਰਦੀਆਂ ਹਨ। ਸ਼ਹਾਦਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਵਿਚਾਰਧਾਰਾ ਦੀ ਸਿਖਰ ਹੈ ਜਿਹੜੀ ਕਿ ਪ੍ਰਭੂ-ਮੁਖੀ ਜੀਵਨ ਬਸਰ ਕਰਦੇ ਹੋਏ ਨਾ ਕਿਸੇ ਤੋਂ ਡਰਨ ਅਤੇ ਨਾ ਹੀ ਕਿਸੇ ਨੂੰ ਡਰਾਉਣ ਦੀ ਪ੍ਰੇਰਨਾ ਅਤੇ ਭਾਵਨਾ ਪੈਦਾ ਕਰਦੀ ਹੈ। ਗੁਰੂ ਜੀ ਨੇ ਇਸ ਵਿਚਾਰਧਾਰਾ ਪ੍ਰਤੀ ਆਮ ਲੋਕਾਂ ਵਿਚ ਚੇਤਨਾ ਪੈਦਾ ਕਰਨ ਲਈ ਪ੍ਰਚਾਰ-ਯਾਤਰਾਵਾਂ ਕੀਤੀਆਂ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਭ ਤੋਂ ਵਧੇਰੇ ਪ੍ਰਚਾਰ-ਯਾਤਰਾਵਾਂ ਦੇਖਣ ਨੂੰ ਮਿਲਦੀਆਂ ਹਨ ਜਿਹੜੀਆਂ ਕਿ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਅਸਾਮ ਅਤੇ ਬੰਗਲਾਦੇਸ਼ ਤਕ ਫੈਲੀਆਂ ਹੋਈਆਂ ਹਨ। ਇਨ੍ਹਾਂ ਅਸਥਾਨਾਂ 'ਤੇ ਗੁਰੂ ਜੀ ਦੇ ਚਰਨ-ਛੋਹ ਪ੍ਰਾਪਤ ਅਸਥਾਨ ਮੌਜੂਦ ਹਨ ਜਿਹੜੇ ਕਿ ਉਨ੍ਹਾਂ ਦੀ ਦੈਵੀ ਹਸਤੀ ਅਤੇ ਪਰਉਪਕਾਰ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ। ਗੁਰੂ ਜੀ ਦੀਆਂ ਇਨ੍ਹਾਂ ਯਾਤਰਾਵਾਂ ਦਾ ਮਨੋਰਥ ਮਨੁੱਖਤਾ ਨੂੰ ਪ੍ਰਭੂ-ਮੁਖੀ ਅਤੇ ਸਦਾਚਾਰੀ ਜੀਵਨ-ਜਾਚ ਵੱਲ ਪ੍ਰੇਰਿਤ ਕਰਨਾ ਸੀ ਪਰ ਇਸ ਦੇ ਨਾਲ ਹੀ ਗੁਰੂ ਜੀ ਆਮ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਜੁੜੀਆਂ ਹੋਈਆਂ ਸਮੱਸਿਆਵਾਂ ਦਾ ਵੀ ਸਮਾਧਾਨ ਕਰਦੇ ਨਜ਼ਰ ਆਉਂਦੇ ਹਨ ਜਿਵੇਂ ਗੁਰੂ ਜੀ ਦੀਆਂ ਪ੍ਰਚਾਰ-ਯਾਤਰਾਵਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਛੱਪੜ ਸਾਫ਼ ਕਰਾਉਣ ਅਤੇ ਖੂਹ ਲਵਾਉਣ ਵਿਚ ਵਿਸ਼ੇਸ਼ ਰੁਚੀ ਲੈਂਦੇ ਸਨ। ਪਾਣੀ ਦੀ ਪੂਰਤੀ ਲਈ ਖੂਹ ਲਵਾਉਣਾ ਇਕ ਵੱਡਾ ਕੰਮ ਸੀ ਜਿਹੜਾ ਕਿ ਕੋਈ ਹਾਰ-ਸਾਰੀ ਨਹੀਂ ਕਰ ਸਕਦਾ ਸੀ। ਆਮ ਲੋਕਾਂ ਲਈ ਪਾਣੀ ਦੀ ਪੂਰਤੀ ਇਨ੍ਹਾਂ ਖੂਹਾਂ ਤੋਂ ਹੀ ਹੁੰਦੀ ਸੀ ਇਸ ਲਈ ਜਿਹੜੇ ਪਿੰਡ ਵਿਚ ਜਿਹੜਾ ਵੀ ਵਿਅਕਤੀ ਖੂਹ ਲਵਾਉਣ ਦੀ ਇੱਛਾ ਰੱਖਦਾ ਸੀ, ਗੁਰੂ ਜੀ ਉਸ ਨੂੰ ਉਤਸ਼ਾਹ ਅਤੇ ਪ੍ਰੇਰਨਾ ਬਖ਼ਸ਼ਦੇ ਸਨ।

ਨਵੇਂ ਖੂਹ ਲਵਾਉਣ ਦੇ ਨਾਲ-ਨਾਲ ਪੁਰਾਤਨ ਖੂਹਾਂ ਦੇ ਪਾਣੀ ਨੂੰ ਵਰਤੋਂ ਯੋਗ ਬਣਾਉਣ ਵਿਚ ਗੁਰੂ ਜੀ ਦਾ ਵਿਸ਼ੇਸ਼ ਯੋਗਦਾਨ ਸੀ। ਧਰਤੀ ਹੇਠਲੇ ਪਾਣੀ ਦੀ ਆਪਣੀ ਤਾਸੀਰ ਹੈ ਅਤੇ ਇਸ ਦੇ ਗੰਧਲਾ ਹੋਣ ਦੇ ਕਈ ਕਾਰਨ ਹੋ ਸਕਦੇ ਹਨ ਪਰ ਜਿੱਥੇ ਪਾਣੀ ਖਾਰਾ ਸੀ ਉੱਥੇ ਪਾਣੀ ਮਿੱਠਾ ਕਰਨ ਦੀਆਂ ਕਈ ਸਾਖੀਆਂ ਗੁਰੂ ਜੀ ਦੀਆਂ ਯਾਤਰਾਵਾਂ ਦੌਰਾਨ ਦੇਖਣ ਨੂੰ ਮਿਲਦੀਆਂ ਹਨ। ਪਿੰਡਾਂ ਦੇ ਆਮ ਲੋਕਾਂ ਦਾ ਆਤਮਿਕ ਬਲ ਚੁੱਕਣ ਲਈ ਗੁਰੂ ਜੀ ਵਿਸ਼ੇਸ਼ ਜ਼ੋਰ ਦਿੰਦੇ ਸਨ ਜਿਹੜਾ ਕਿ ਉਨ੍ਹਾਂ ਨੂੰ ਸਮੇਂ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਵਿਚ ਸਹਾਈ ਹੁੰਦਾ ਸੀ। ਗੁਰੂ ਜੀ ਜਾਣਦੇ ਸਨ ਕਿ ਆਤਮਿਕ

*ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ: +੯੧੯੮੭੨੦-੭੪੩੨੨

ਤੌਰ 'ਤੇ ਕਮਜ਼ੋਰ ਵਿਅਕਤੀ ਸਮਾਜ ਅਤੇ ਪਰਵਾਰ ਦੇ ਵਿਕਾਸ ਲਈ ਕੋਈ ਕਾਰਜ ਨਹੀਂ ਕਰ ਸਕਦਾ ਅਤੇ ਉਹ ਆਪਣੇ ਹਰ ਇਕ ਕਾਰਜ ਲਈ ਦੂਜਿਆਂ 'ਤੇ ਨਿਰਭਰ ਕਰਦਾ ਹੈ ਜਿਸ ਵਿੱਚੋਂ ਅਧੀਨਗੀ ਦੀ ਭਾਵਨਾ ਪ੍ਰਗਟ ਹੁੰਦੀ ਹੈ। ਪਿੰਡਾਂ ਦੇ ਆਮ ਲੋਕਾਂ ਵਿਚ ਛੋਟੇ-ਛੋਟੇ ਵਿਸ਼ਵਾਸ ਇਸੇ ਕਰਕੇ ਜਨਮ ਲੈਣ ਲੱਗ ਪੈਂਦੇ ਹਨ ਜਿਨ੍ਹਾਂ ਵਿੱਚੋਂ ਲੋਕ ਆਤਮ-ਸੰਤੁਸ਼ਟੀ ਲੱਭਦੇ ਹਨ। ਇਹ ਵਿਸ਼ਵਾਸ ਕਰਮਕਾਂਡ ਵੱਲ ਲੈ ਕੇ ਜਾਣ ਦੇ ਨਾਲ-ਨਾਲ ਵਿਰੋਧਤਾ ਪੈਦਾ ਕਰਨ ਦਾ ਕਾਰਜ ਵੀ ਕਰਦੇ ਹਨ। ਗੁਰੂ ਜੀ ਕੇਵਲ ਇਕ ਪਰਮਾਤਮਾ ਵਿਚ ਵਿਸ਼ਵਾਸ ਪੈਦਾ ਕਰਨ 'ਤੇ ਜ਼ੋਰ ਦਿੰਦੇ ਹਨ ਜਿਹੜਾ ਸਮੁੱਚੀ ਲੋਕਾਈ ਦਾ ਪਿਤਾ ਅਤੇ ਸਭਨਾਂ ਦੇ ਕਾਰਜ ਸਵਾਰਨ ਦੀ ਸਮਰੱਥਾ ਰੱਖਦਾ ਹੈ।

ਗੁਰੂ ਜੀ ਦੇ ਨਾਂ 'ਤੇ ਪਿੰਡਾਂ ਵਿਚ ਵਰ-ਸਰਾਪ ਦੀਆਂ ਸਾਖੀਆਂ ਆਮ ਸੁਣਾਈਆਂ ਜਾਂਦੀਆਂ ਹਨ। ਸਰਾਪੇ ਗਏ ਚੌਧਰੀ ਹੰਕਾਰ ਦਾ ਪ੍ਰਤੀਕ ਸਨ ਜਿਨ੍ਹਾਂ ਦੇ ਮਨ ਵਿਚ ਰਾਹਗੀਰਾਂ, ਮੁਸਾਫ਼ਰਾਂ ਅਤੇ ਲੋੜਵੰਦਾਂ ਲਈ ਕੋਈ ਥਾਂ ਨਹੀਂ ਸੀ। ਇਹ ਹੰਕਾਰ ਹੀ ਉਨ੍ਹਾਂ ਦੇ ਪਤਨ ਦਾ ਕਾਰਨ ਬਣਿਆ। ਇਸ ਦੇ ਉਲਟ ਜਿਹੜੇ ਵਿਅਕਤੀਆਂ ਨੇ ਗੁਰੂ ਜੀ ਪ੍ਰਤੀ ਸੇਵਾ ਅਤੇ ਸ਼ਰਧਾ ਭਾਵਨਾ ਪ੍ਰਗਟ ਕੀਤੀ, ਉਹ ਨਿਮਰਤਾ ਦਾ ਪ੍ਰਤੀਕ ਬਣ ਕੇ ਤਰੱਕੀਆਂ ਕਰ ਗਏ। ਦੂਜਿਆਂ ਪ੍ਰਤੀ ਹਮਦਰਦੀ ਅਤੇ ਪ੍ਰੇਮ ਦੀ ਭਾਵਨਾ ਰੱਖਣ ਨਾਲ ਹੀ ਮਨ ਜਿੱਤਿਆ ਜਾ ਸਕਦਾ ਹੈ ਜਿਹੜਾ ਕਿ ਅਧਿਆਤਮਿਕ ਉੱਨਤੀ, ਸਮਾਜਿਕ ਵਿਕਾਸ ਅਤੇ ਭਾਈਚਾਰਕ ਸਾਂਝ ਦਾ ਕਾਰਨ ਬਣਦਾ ਹੈ। ਕਿਰਤ ਕਮਾਈ ਵਿਚੋਂ ਵੰਡ ਕੇ ਛਕਣਾ ਅਤੇ ਲੋੜਵੰਦਾਂ ਦੀ ਸਹਾਇਤਾ ਕਰਨੀ ਗੁਰੂ ਸਾਹਿਬ ਦੇ ਜੀਵਨ ਦਾ ਉਦੇਸ਼ ਸੀ। ਪਿੰਡਾਂ ਵਿਚ ਗੁਰੂ ਸਾਹਿਬਾਨ ਨਾਲ ਜੁੜੀਆਂ ਹੋਈਆਂ ਸਾਖੀਆਂ ਉਨ੍ਹਾਂ ਦੀ ਇਸ ਸਿੱਖਿਆ ਦੀ ਗਵਾਹੀ ਭਰਦੀਆਂ ਹਨ।

ਗੁਰੂ ਜੀ ਦੀਆਂ ਜੀਵਨ ਯਾਤਰਾਵਾਂ ਵਿੱਚੋਂ ਮਾਫ਼ ਕਰਨ ਦਾ ਗੁਣ ਬਹੁਤ ਉੱਭਰ ਕੇ ਸਾਹਮਣੇ ਆਉਂਦਾ ਹੈ। ਜਦੋਂ ਕਿਸੇ ਪਿੰਡ ਵਿਚ ਗੁਰੂ ਜੀ ਦਾ ਸਤਿਕਾਰ ਨਹੀਂ ਹੁੰਦਾ ਜਾਂ ਹਉਮੈਂ ਵੱਸ ਕੋਈ ਨਿਰਾਦਰ ਕਰ ਦਿੰਦਾ ਹੈ ਤਾਂ ਉਹ ਕਿਸੇ ਨੂੰ ਕੁਝ ਕਹੇ ਬਗ਼ੈਰ ਅੱਗੇ ਚਲੇ ਜਾਂਦੇ ਹਨ। ਜਦੋਂ ਪਿੰਡ ਵਾਸੀਆਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਗੁਰੂ ਜੀ ਤੋਂ ਮਾਫ਼ੀ ਮੰਗਣ ਲਈ ਉਨ੍ਹਾਂ ਦੇ ਪਿੱਛੇ ਅਗਲੇ ਪਿੰਡ ਚਲੇ ਜਾਂਦੇ ਹਨ। ਪਿੰਡ ਵਾਸੀਆਂ ਨੂੰ ਉਨ੍ਹਾਂ ਦੀ ਗ਼ਲਤੀ ਦਾ ਅਹਿਸਾਸ ਹੋਇਆ ਦੇਖ ਕੇ ਗੁਰੂ ਜੀ ਉਨ੍ਹਾਂ ਨੂੰ ਮਾਫ਼ ਕਰ ਦਿੰਦੇ ਹਨ। ਮਾਫ਼ੀ ਮੰਗਣ ਵਾਲੇ ਗੁਰੂ ਜੀ ਲਈ ਦੁੱਧ, ਗੁੜ ਆਦਿ ਭੇਟ ਕਰਨ ਲਈ ਲੈ ਕੇ ਆਉਂਦੇ ਹਨ। ਗੁਰੂ ਜੀ ਸੰਕੇਤ ਮਾਤਰ ਇਹ ਪਦਾਰਥ ਗ੍ਰਹਿਣ ਕਰ ਕੇ ਉਨ੍ਹਾਂ ਨੂੰ ਗਲ਼ ਨਾਲ ਲਾਉਂਦੇ ਹਨ ਅਤੇ ਬਾਕੀ ਪਦਾਰਥ ਸੰਗਤ ਵਿਚ ਵੰਡ ਦਿੰਦੇ ਹਨ। ਗੁਰੂ ਜੀ ਨਾਲ ਜਿਹੜੀ ਸੰਗਤ ਚੱਲ ਰਹੀ ਹੈ, ਉਹ ਪਦਾਰਥ ਇਕੱਤਰ ਨਹੀਂ ਕਰਦੀ ਬਲਕਿ ਜਿਹੜੇ ਪਦਾਰਥ ਆਉਂਦੇ ਹਨ ਉਨ੍ਹਾਂ ਨੂੰ ਉਸੇ ਸਮੇਂ ਵਰਤਾ ਦਿੱਤਾ ਜਾਂਦਾ ਹੈ। ਪਦਾਰਥ ਇਕੱਤਰ ਨਾ ਕਰਨ ਅਤੇ ਪਰਮਾਤਮਾ 'ਤੇ ਭਰੋਸਾ ਰੱਖਣ ਦੀਆਂ ਮਿਸਾਲਾਂ ਨਾਲ ਗੁਰੂ ਜੀ ਦੀਆਂ ਜੀਵਨ ਸਾਖੀਆਂ ਭਰੀਆਂ ਪਈਆਂ ਹਨ। ਗੁਰੂ ਜੀ ਦੀਆਂ ਪ੍ਰਚਾਰ-ਯਾਤਰਾਵਾਂ ਦੌਰਾਨ ਜਿਹੜੇ ਚਰਨ-ਛੋਹ ਪ੍ਰਾਪਤ ਅਸਥਾਨ

ਪ੍ਰਮੁੱਖ ਤੌਰ 'ਤੇ ਉੱਭਰ ਕੇ ਸਾਹਮਣੇ ਆਏ ਹਨ, ਉਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਗੁਰੂ ਜੀ ਦੇ ਚਰਨ-ਛੋਹ ਪ੍ਰਾਪਤ ਗੁਰਧਾਮਾਂ ਦਾ ਵੇਰਵਾ ਦਿੰਦੇ ਹੋਏ ਸੰਬੰਧਿਤ ਅਸਥਾਨ ਨਾਲ ਜੁੜੀਆਂ ਹੋਈਆਂ ਪਰੰਪਰਾਵਾਂ ਅਤੇ ਸਾਖੀਆਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ।

## ਪੰਜਾਬ

### ਜ਼ਿਲ੍ਹਾ ਸ੍ਰੀ ਅੰਮ੍ਰਿਤਸਰ

**ਸ੍ਰੀ ਅੰਮ੍ਰਿਤਸਰ :** ਸਿੱਖ ਧਰਮ ਦਾ ਇਹ ਇਕ ਕੇਂਦਰੀ ਧਾਰਮਿਕ ਅਸਥਾਨ ਹੈ ਜਿੱਥੇ ਸੁਸ਼ੋਭਿਤ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿੱਚੋਂ ਪ੍ਰੇਮ, ਭਾਈਚਾਰੇ, ਨਿਮਰਤਾ, ਸੇਵਾ ਅਤੇ ਸੰਜਮ ਦਾ ਸੰਦੇਸ਼ ਪ੍ਰਗਟ ਹੁੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਯਤਨਾਂ ਸਦਕਾ ਵਿਕਸਿਤ ਹੋਇਆ ਇਹ ਨਗਰ 'ਗੁਰੂ ਕੀ ਨਗਰੀ' ਵਜੋਂ ਪ੍ਰਸਿੱਧੀ ਪ੍ਰਾਪਤ ਕਰ ਗਿਆ ਹੈ ਜਿਸ ਨੇ ਸਮੁੱਚੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਸਮੁੱਚੇ ਜਗਤ ਵਿਚ ਵੱਸਦੇ ਹੋਏ ਗੁਰਸਿੱਖ ਦਿਨ ਵਿਚ ਦੋ ਵਾਰੀ ਇਸ ਨਗਰ ਦੇ ਦਰਸ਼ਨ-ਇਸ਼ਨਾਨ ਦੀ ਲੋਚਾ ਰੱਖਦੇ ਹੋਏ ਇੱਥੇ ਮੌਜੂਦ ਝੰਡਿਆਂ, ਬੁੰਗਿਆਂ ਦੇ ਸਦੀਵੀ ਕਾਇਮ ਰਹਿਣ ਦੀ ਕਾਮਨਾ ਕਰਦੇ ਹਨ। ਇਸ ਨਗਰ ਵਿਖੇ ਤਿੰਨ ਗੁਰਧਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦੇ ਹਨ।

**੧. ਗੁਰਦੁਆਰਾ ਗੁਰੂ ਕੇ ਮਹਿਲ :** ਇਹ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਲੱਗਭਗ ਅੱਧਾ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਜੀ ਤੋਂ ਮਾਈ ਸੇਵਾਂ ਬਜ਼ਾਰ ਵਿੱਚੋਂ ਹੋ ਕੇ ਸੰਗਤ ਇਸ ਗੁਰਧਾਮ ਤਕ ਪੁੱਜਦੀ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਆਦੇਸ਼ ਅਨੁਸਾਰ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਜੀ) ਨੇ ਇਸ ਨਗਰ ਨੂੰ ਅਬਾਦ ਕਰਨਾ ਅਰੰਭ ਕੀਤਾ ਸੀ। ਇਨ੍ਹਾਂ ਨੇ ਇਸ ਅਸਥਾਨ 'ਤੇ ਆਪਣੀ ਰਿਹਾਇਸ਼ ਲਈ ਜਿਹੜਾ ਘਰ ਬਣਾਇਆ ਸੀ ਉਹ ਗੁਰਦੁਆਰਾ ਗੁਰੂ ਕੇ ਮਹਿਲ ਦੇ ਨਾਂ ਨਾਲ ਪ੍ਰਸਿੱਧ ਹੋਇਆ। ਭਾਈ ਜੇਠਾ ਜੀ ਜਦੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਸੰਗਤ ਸਾਹਮਣੇ ਪ੍ਰਗਟ ਹੋਏ ਤਾਂ ਉਨ੍ਹਾਂ ਦੁਆਰਾ ਵਸਾਈ ਜਾ ਰਹੀ ਇਸ ਨਗਰੀ ਨੂੰ 'ਗੁਰੂ ਕਾ ਚੱਕ' ਅਤੇ ਫਿਰ 'ਚੱਕ ਰਾਮਦਾਸਪੁਰ' ਕਿਹਾ ਜਾਣ ਲੱਗਿਆ। ਇਹ ਨਗਰ ਹੁਣ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਸ੍ਰੀ ਗੁਰੂ ਰਾਮਦਾਸ ਜੀ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਇਸ ਅਸਥਾਨ 'ਤੇ ਨਿਵਾਸ ਕਰਦੇ ਰਹੇ। ਇੱਥੇ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਹੋਇਆ ਅਤੇ ਮੌਜੂਦਾ ਸਮੇਂ ਵਿਚ ਇਸ ਅਸਥਾਨ ਨੂੰ ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਅਸਥਾਨ ਦਾ ਪ੍ਰਬੰਧ ਕਰਦੀ ਹੈ। ਮੌਜੂਦਾ ਗੁਰਧਾਮ ਦੀ ਸੇਵਾ ਬਾਬਾ ਸੇਵਾ ਸਿੰਘ, ਬਾਬਾ

ਭਾਗ ਸਿੰਘ ਅਤੇ ਬਾਬਾ ਲਾਭ ਸਿੰਘ ਜੀ ਦੁਆਰਾ ਕਰਵਾਈ ਜਾ ਰਹੀ ਹੈ।

**੨. ਗੁਰਦੁਆਰਾ ਥੜ੍ਹਾ ਸਾਹਿਬ :** ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਜੀ ਦੇ ਚੌਗਿਰਦੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਨਾਲ ਸੁਸ਼ੋਭਿਤ ਇਹ ਗੁਰਧਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ੧੬੬੪ ਈ. ਵਿਚ ਬਾਬਾ ਬਕਾਲਾ ਤੋਂ ਮੁਖੀ ਸਿੱਖਾਂ ਨੂੰ ਨਾਲ ਲੈ ਕੇ ਗੁਰੂ ਜੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਆਏ ਸਨ ਪਰ ਉਸ ਸਮੇਂ ਗੁਰੂ ਪਰਵਾਰ ਵਿੱਚੋਂ ਹਰਿ ਜੀ ਸੋਢੀ ਇੱਥੋਂ ਦਾ ਪ੍ਰਬੰਧ ਕਰ ਰਿਹਾ ਸੀ ਅਤੇ ਉਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਉਣ ਦੀ ਸੂਚਨਾ ਮਿਲਣ 'ਤੇ ਇਸ ਅਸਥਾਨ ਦੇ ਦਰਵਾਜ਼ੇ ਬੰਦ ਕਰਵਾ ਦਿੱਤੇ ਸਨ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਪ੍ਰਤੀ ਸਤਿਕਾਰ ਭੇਟ ਕਰਦੇ ਹੋਏ ਗੁਰੂ ਜੀ ਇੱਥੋਂ ਚਲੇ ਗਏ ਸਨ। ਇਸ ਗੁਰਦੁਆਰਾ ਸਾਹਿਬ ਦੇ ਹੇਠਾਂ ਇਕ ਭੌਰਾ ਵੀ ਬਣਿਆ ਹੋਇਆ ਹੈ। ਇਸ ਗੁਰਧਾਮ ਦੀ ਸੇਵਾ-ਸੰਭਾਲ ਦਾ ਕਾਰਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਅਧੀਨ ਹੈ।

**੩. ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਪਾਤਸਾਹੀ ਨੌਵੀਂ :** ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਤੋਂ ਲਗ-ਪਗ ੪ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਹੈ। ੧੬੬੪ ਈ. ਵਿਚ ਗੁਰੂ ਜੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਗਏ ਤਾਂ ਪੁਜਾਰੀਆਂ ਨੇ ਇਸ ਦੇ ਦਰਵਾਜ਼ੇ ਬੰਦ ਕਰ ਲਏ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਬਣੇ ਹੋਏ ਗੁਰਦੁਆਰਾ ਥੜ੍ਹਾ ਸਾਹਿਬ ਵਾਲੇ ਅਸਥਾਨ ਤੋਂ ਹੀ ਨਮਸਕਾਰ ਕਰ ਕੇ ਗੁਰੂ ਜੀ ਵੱਲਾ ਪਿੰਡ ਵੱਲ ਚੱਲ ਪਏ ਸਨ। ਸ੍ਰੀ ਅੰਮ੍ਰਿਤਸਰ ਦੇ ਬਾਹਰ ਵਿਸ਼ਰਾਮ ਕਰਨ ਲਈ ਗੁਰੂ ਜੀ ਕੁਝ ਸਮਾਂ ਇੱਥੇ ਰੁਕੇ ਸਨ। ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਇਸ ਅਸਥਾਨ 'ਤੇ ਇਕ ਥੜ੍ਹਾ ਸਾਹਿਬ ਮੌਜੂਦ ਸੀ ਜਿਸ ਦੀ ਸੇਵਾ ਭਾਈ ਸੰਤ ਸਿੰਘ ਜੀ ਨੇ ਸੰਗਤ ਦੇ ਸਹਿਯੋਗ ਨਾਲ ੧੯੦੪ ਈ. ਵਿਚ ਕਰਵਾਈ ਸੀ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਨਾਲ ਅਟੈਚ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਂਦਾ ਹੈ।

**ਸਠਿਆਲਾ :** ਅੰਮ੍ਰਿਤਸਰ ਜ਼ਿਲ੍ਹੇ ਦਾ ਇਹ ਇਕ ਪੁਰਾਤਨ ਪਿੰਡ ਹੈ ਜਿਹੜਾ ਕਿ ਵਿਕਾਸ ਕਰਦਾ ਹੋਇਆ ਇਕ ਕਸਬੇ ਦਾ ਰੂਪ ਧਾਰਨ ਕਰ ਗਿਆ ਹੈ। ਬਾਬਾ ਬਕਾਲਾ ਤੋਂ ੪ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਦੀ ਲਗ-ਪਗ ੨੦,੦੦੦ ਅਬਾਦੀ ਹੈ ਜਿਸ ਵਿੱਚੋਂ ਚਾਰ ਸਰਪੰਚ ਚੁਣੇ ਜਾਂਦੇ ਹਨ। ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਤਿੰਨ ਗੁਰਧਾਮ ਸੁਸ਼ੋਭਿਤ ਹਨ। ਪਿੰਡ ਦੇ ਅੰਦਰ ਗੁਰਦੁਆਰਾ ਡੇਰਾ ਸਾਹਿਬ ਪਾਤਸ਼ਾਹੀ ਨੌਵੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਜਦੋਂ ਗੁਰੂ ਸਾਹਿਬ ਇਸ ਪਿੰਡ ਵਿਖੇ ਪੁੱਜੇ ਤਾਂ ਇਕ ਪਿੱਪਲ ਦੇ ਰੁੱਖ ਹੇਠਾਂ ਡੇਰਾ ਕੀਤਾ ਸੀ। ਨਵੇਂ ਗੁਰਧਾਮ ਦੀ

ਉਸਾਰੀ ਸਮੇਂ ਇਹ ਰੁੱਖ ਵੱਢ ਦਿੱਤਾ ਗਿਆ ਹੈ। ਸੰਤ ਬਾਬਾ ਲਾਭ ਸਿੰਘ ਕਾਰ-ਸੇਵਾ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਦਰਸ਼ਨ ਸਿੰਘ ਜੀ ਟੌਂਗ ਨੇ ਲਗ-ਪਗ ੩੦ ਸਾਲ ਪਹਿਲਾਂ ਇਸ ਦੀ ਕਾਰ-ਸੇਵਾ ਕਰਵਾਈ ਸੀ। ਢਾਈ ਕਨਾਲ ਜ਼ਮੀਨ 'ਤੇ ਦਰਬਾਰ ਹਾਲ ਅਤੇ ਹੋਰ ਇਮਾਰਤਾਂ ਬਣੀਆਂ ਹੋਈਆਂ ਹਨ ਅਤੇ ਸਾਢੇ ਅਠਾਰ੍ਹਾਂ ਏਕੜ ਵਾਹੀ ਯੋਗ ਜ਼ਮੀਨ ਇਸ ਦੇ ਨਾਂ ਬੋਲਦੀ ਹੈ। ਇਸ ਅਸਥਾਨ 'ਤੇ ਪ੍ਰਕਾਸ਼ ਗੁਰਪੁਰਬ ਨੌਵੀਂ ਅਤੇ ਦਸਵੀਂ ਪਾਤਸ਼ਾਹੀ, ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ, ਸ਼ਹੀਦੀ ਦਿਵਸ ਨੌਵੀਂ ਪਾਤਸ਼ਾਹੀ ਅਤੇ ਛੋਟੇ ਸਾਹਿਬਜ਼ਾਦੇ ਆਦਿ ਮਨਾਏ ਜਾਂਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ ਸਥਿਤ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਕੀਤਾ ਜਾ ਰਿਹਾ ਹੈ। ਸ. ਬਲਕਾਰ ਸਿੰਘ ਜੀ ਸਥਾਨਕ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਨ।

**ਕਾਲੇਕੇ :** ਇਹ ਪਿੰਡ ਬਾਬਾ ਬਕਾਲਾ ਤੋਂ ਲਗ-ਪਗ ੧੦ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਵੱਲੇ ਤੋਂ ਬਾਬਾ ਬਕਾਲਾ ਜਾਂਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਇੱਥੇ ਰੁਕੇ ਤਾਂ ਉਨ੍ਹਾਂ ਨੇ ਇੱਥੇ ਇਕ ਬੱਚੇ ਨੂੰ ਦੇਖਿਆ ਜਿਹੜਾ ਚਿੜੀਆਂ ਤੋਂ ਕਣਕ ਦੀ ਰਾਖੀ ਕਰਨ ਦੀ ਬਜਾਏ ਉਨ੍ਹਾਂ ਲਈ ਬੱਬਰੀਆਂ ਵਿਚ ਪਾਣੀ ਪਾ ਕੇ ਰੱਖ ਰਿਹਾ ਸੀ। ਗੁਰੂ ਜੀ ਨੇ ਉਸ ਨੂੰ ਅਜਿਹਾ ਕਰਨ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਇਨ੍ਹਾਂ ਨੂੰ ਵੀ ਭੁੱਖ-ਤ੍ਰੇਹ ਲੱਗਦੀ ਹੋਵੇਗੀ। ਗੁਰੂ ਜੀ ਤੋਂ ਪ੍ਰਭਾਵਿਤ ਹੋ ਕੇ ਇਹ ਉਨ੍ਹਾਂ ਦਾ ਸਿੱਖ ਬਣ ਕੇ ਨਾਲ ਤੁਰ ਪਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਵਿਖੇ ਸ਼ਹਾਦਤ ਹੋਣ ਉਪਰੰਤ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਅਨੰਦਪੁਰ ਸਾਹਿਬ ਵਿਖੇ ਰਿਹਾ। ੧੬੯੯ ਈ. ਦੀ ਵੈਸਾਖੀ ਮੌਕੇ ਅੰਮ੍ਰਿਤ ਛਕ ਕੇ ਇਹ ਨਰ ਸਿੰਘ ਬਣ ਗਿਆ ਅਤੇ ਅਨੰਦਪੁਰ ਸਾਹਿਬ ਦੇ ਯੁੱਧ ਵਿਚ ਸਖ਼ਤ ਜ਼ਖ਼ਮੀ ਹੋ ਗਿਆ। ਘਨੌਲੀ ਵਿਖੇ ਇਕ ਸਿੱਖ ਪਰਵਾਰ ਦੀ ਸੇਵਾ ਨਾਲ ਰਾਜੀ ਹੋਇਆ ਤਾਂ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਆ ਗਿਆ। ਗੁਰੂ ਜੀ ਦੁਆਰਾ ਬਖ਼ਸ਼ਿਸ਼ ਹੋਈਆਂ ਵਸਤਾਂ ਲੈ ਕੇ ਇਹ ਵਾਪਸ ਆਪਣੇ ਪਿੰਡ ਕਾਲੇਕੇ ਆ ਗਿਆ। ਇਨ੍ਹਾਂ ਵਸਤਾਂ ਵਿਚ ਗੁਰੂ ਸਾਹਿਬ ਦਾ ਇਕ ਚੋਲਾ ਵੀ ਸ਼ਾਮਲ ਸੀ ਜਿਸ ਤੋਂ ਇਸ ਗੁਰਧਾਮ ਦਾ ਨਾਂ ਗੁਰਦੁਆਰਾ ਚੋਲਾ ਸਾਹਿਬ ਪਾਤਸ਼ਾਹੀ ਨੌਵੀਂ ਪੈ ਗਿਆ। ਇਸ ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਨਿਸ਼ਾਨ ਸਿੰਘ ਨੇ ੨੦੧੭ ਈ. ਵਿਚ ਤਿਆਰ ਕਰਵਾਈ ਹੈ। ਲਗ-ਪਗ ੯ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦਰਸ਼ਨੀ ਡਿਉੜ੍ਹੀ, ਪੁਰਾਤਨ ਖੂਹ, ਸਰੋਵਰ ਅਤੇ ਕੁਝ ਕਮਰੇ ਬਣੇ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਇਹ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਨਾਲ ਅਟੈਚ ਹੈ।

ਇਸ ਗੁਰਦੁਆਰਾ ਸਾਹਿਬ ਵਿਖੇ ਚੋਲਾ ਸਾਹਿਬ ਤੋਂ ਇਲਾਵਾ ਸ਼ੀਸ਼ੇ ਦੇ ਫਰੇਮ ਵਿਚ ਸੰਭਾਲ ਕੇ ਰੱਖੇ ਹੋਏ ਇਕ ਕਾਗਜ਼ 'ਤੇ ਗੁਰੂ ਸਾਹਿਬ ਦੇ ਤੀਰਮੁਖੀ ਦਸਤਖ਼ਤ

ਦੱਸੇ ਜਾਂਦੇ ਹਨ ਪਰ ਹੁਣ ਇਹ ਧੁੰਦਲੇ ਪੈ ਚੁੱਕੇ ਹਨ। ਬਾਬਾ ਨਾਰੂ ਸਿੰਘ ਦੀ ਗੁਰੂ ਸਾਹਿਬ ਨਾਲ ਤਿਆਰ ਕੀਤੀ ਗਈ ਇਕ ਪੁਰਾਤਨ ਤਸਵੀਰ ਅਤੇ ਸਾਖੀ ਨਾਵੀ ਪਾਤਸਾਹੀ ਕੀ ਦਾ ਇਕ ਹੱਥ-ਲਿਖਤ ਦਸਤਾਵੇਜ਼ ਵੀ ਇੱਥੇ ਸੰਭਾਲ ਕੇ ਰੱਖਿਆ ਹੋਇਆ। ਇਸ ਸਾਖੀ ਵਿਚ ਬਾਬਾ ਨਾਰੂ ਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਟਹਿਲ-ਸੇਵਾ ਨਾਲ ਸੰਬੰਧਿਤ ਸਾਖੀਆਂ ਮੌਜੂਦ ਹਨ।

**ਘੁੱਕੇਵਾਲੀ :** ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਇਹ ਪਿੰਡ ਅੰਮ੍ਰਿਤਸਰ-ਅਜਨਾਲਾ ਸੜਕ 'ਤੇ ਕੁੱਕੜਾਂਵਾਲੀ ਪਿੰਡ ਰਾਹੀਂ ੨੫ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਅਸਥਾਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਗੁਰੂ ਕਾ ਬਾਗ ਪਾਤਸ਼ਾਹੀ ਪੰਜਵੀਂ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਗੁਰੂ ਕਾ ਬਾਗ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹਨ। ਇਸ ਅਸਥਾਨ ਨਾਲ ਜੁੜਿਆ ਹੋਇਆ ਇਹ ਮੁਹਾਵਰਾ ਪ੍ਰਸਿੱਧੀ ਪ੍ਰਾਪਤ ਕਰ ਗਿਆ ਹੈ - "ਜਿਹੜਾ ਆਖੂ ਗੁਰੂ ਕਾ ਬਾਗ ਉਸ ਨੂੰ ਲੱਗਣਗੇ ਦੂਣੇ ਭਾਗ।" ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਇੱਥੇ ਆਏ ਤਾਂ ਇਸ ਨੂੰ 'ਗੁਰੂ ਕੀ ਰੌੜ' ਕਿਹਾ ਜਾਣ ਲੱਗਿਆ। ਇਸ ਨਗਰ ਦੇ ਵਸਨੀਕ ਭਾਈ ਘੁੱਕੇ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ ਅਤੇ ਇਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਇਸ ਨੇ ਇੱਥੇ ਇਕ ਛੋਟਾ ਜਿਹਾ ਅਸਥਾਨ ਬਣਾ ਲਿਆ। ਇਸ ਦੇ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਇਸ ਦੀ ਸੰਤਾਨ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੀ ਰਹੀ।

੧੬੬੪ ਈ. ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਤਾਂ ਭਾਈ ਘੁੱਕੇ ਦੀ ਸੰਤਾਨ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਇਸ ਅਸਥਾਨ 'ਤੇ ਇਕ ਖੂਹ ਅਤੇ ਬਾਗ਼ ਲਵਾ ਕੇ ਇਸ ਨੂੰ ਹਰਿਆ-ਭਰਿਆ ਕਰ ਦਿੱਤਾ ਜਿਸ ਕਰਕੇ ਇਸ ਅਸਥਾਨ ਨੂੰ 'ਗੁਰੂ ਕਾ ਬਾਗ਼' ਕਿਹਾ ਜਾਣ ਲੱਗਿਆ। ਗੁਰੂ ਜੀ ਦੇ ਜਾਣ ਤੋਂ ਬਾਅਦ ਭਾਈ ਘੁੱਕੇ ਦੀ ਸੰਤਾਨ ਨੇ ਇਨ੍ਹਾਂ ਦੀ ਯਾਦ ਵਿਚ ਇਕ ਹੋਰ ਅਸਥਾਨ ਦੀ ਉਸਾਰੀ ਕਰ ਦਿੱਤੀ। ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਸਿੱਖਾਂ ਨੇ ਜਿਸ ਤਰ੍ਹਾਂ ਦੇ ਸੰਕਟ ਦਾ ਸਾਹਮਣਾ ਕੀਤਾ ਉਸ ਵਿਚ ਕਈ ਗੁਰਧਾਮ ਢਹਿ-ਢੇਰੀ ਕਰ ਦਿੱਤੇ ਗਏ। ਗੁਰੂ ਕਾ ਬਾਗ ਵੀ ਇਨ੍ਹਾਂ ਵਿਚ ਸ਼ਾਮਲ ਸੀ। ਇਸ ਦੀ ਪੁਨਰ-ਉਸਾਰੀ ਦਾ ਵਰਣਨ ਕਰਦੇ ਹੋਏ ਗੁਰਚਰਨ ਸਿੰਘ ਸੈਂਸਰਾ (ਸਹਿੰਸਰਾ) ਦੱਸਦਾ ਹੈ ਕਿ ਸਿੱਖ ਰਾਜ ਦੇ ਅਰੰਭ ਵਿਚ ਹੀ ਸ. ਨਾਹਰ ਸਿੰਘ ਚਮਿਆਰੀ ਆਪਣੀ ਫ਼ੌਜ ਸਮੇਤ ਗੁਰੂ ਕੇ ਬਾਗ ਪੁੱਜਿਆ ਤੇ ਗੁਰਦੁਆਰਾ ਸਾਹਿਬ ਮੁੜ ਉਸਾਰ ਦਿੱਤਾ। ਪਿੱਛੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਵਿਚ ਇਸ ਪਵਿੱਤਰ ਗੁਰਦੁਆਰਾ ਸਾਹਿਬ ਨੂੰ ਤਕੜੀ ਜਗੀਰ ਮਿਲੀ। ਸਰਦਾਰ ਪੰਜਾਬ ਸਿੰਘ ਖਤਰਾ ਵਾਲਿਆਂ ਇਸ ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਲਈ ਅਤੇ ਆਪਣੇ ਵੱਲੋਂ ਚੌਖੀ ਜ਼ਮੀਨ ਇਸ ਦੇ ਨਾਂ ਲਾ ਕੇ ਇਸ ਦਾ ਪ੍ਰਬੰਧ ਇਕ ਮਹੰਤ ਦੇ ਹਵਾਲੇ ਕੀਤਾ, ਇਸ ਨਾਲ ਇਸ ਗੁਰਦੁਆਰੇ ਦੀ ਸਾਂਭ-ਸੰਭਾਲ ਤੇ ਪ੍ਰਬੰਧ ਲਈ ਮਹੰਤੀ

ਚੱਲੀ।[੧] ਸਮਾਂ ਪਾ ਕੇ ਮਹੰਤਾਂ ਦੁਆਰਾ ਕੀਤੇ ਜਾ ਰਹੇ ਪ੍ਰਬੰਧ ਵਿਚ ਵਿਗਾੜ ਪੈਦਾ ਹੋਣ ਲੱਗਾ ਜਿਸ ਕਰਕੇ ੧੯੨੨ ਵਿਚ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਹਜ਼ਾਰਾ ਸਿੰਘ ਗੁਰੂ ਕਾ ਬਾਗ ਵਾਲਿਆਂ ਨੇ ੧੯੮੮ ਈ. ਵਿਚ ਤਿਆਰ ਕਰਵਾਈ ਸੀ। ਗੁਰਦੁਆਰਾ ਸਾਹਿਬ ਦੀ ੮ ਏਕੜ ਜ਼ਮੀਨ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੁੰਦਰ ਗੁਰਧਾਮਾਂ ਤੋਂ ਇਲਾਵਾ ਸਰੋਵਰ, ਸ਼ਹੀਦਾਂ ਦੀ ਯਾਦਗਾਰ, ਲੰਗਰ ਹਾਲ, ਦੀਵਾਨ ਹਾਲ, ਦੋ ਖੂਹ ਅਤੇ ਮਾਤਾ ਗੁਜਰ ਕੌਰ ਜੀ ਨਿਵਾਸ ਆਦਿ ਬਣੇ ਹੋਏ ਹਨ। ੪ ਏਕੜ, ੧੦ ਕਨਾਲ, ਅਤੇ ਲਗ-ਪਗ ਪੌਣੇ ੨ ਏਕੜ ਵਿਚ ਤਿੰਨ ਵੱਖੋ-ਵੱਖਰੇ ਬਾਗ਼ ਹਨ। ੧੪੦ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਪਬਲਿਕ ਸਕੂਲ ਵੀ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਹੀ ਬਣੇ ਹੋਏ ਹਨ ਜਿਹੜੇ ਕਿ ਬੱਚਿਆਂ ਨੂੰ ਵਿੱਦਿਆ ਪ੍ਰਦਾਨ ਕਰ ਰਹੇ ਹਨ।

**ਬਾਬਾ ਬਕਾਲਾ :** ਅੰਮ੍ਰਿਤਸਰ ਜ਼ਿਲ੍ਹੇ ਵਿਚ ਸੁਸ਼ੋਭਿਤ ਇਹ ਪ੍ਰਸਿੱਧ ਧਾਰਮਿਕ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਲੰਮਾ ਸਮਾਂ ਇਸ ਅਸਥਾਨ 'ਤੇ ਨਿਵਾਸ ਕੀਤਾ ਸੀ। ਜਿਸ ਅਸਥਾਨ 'ਤੇ ਪ੍ਰਮੁੱਖ ਦਰਬਾਰ ਹਾਲ ਮੌਜੂਦ ਹੈ, ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਉੱਥੇ ਗੁਰਿਆਈ ਪ੍ਰਦਾਨ ਕੀਤੀ ਗਈ ਸੀ। ਇਹ ਗੁਰਧਾਮ ਸਭ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆਇਆ ਸੀ। ਉਸ ਸਮੇਂ ਇੱਥੇ ਇਕ ਛੋਟੀ ਜਿਹੀ ਇਮਾਰਤ ਸੀ ਜਿਹੜੀ ਕਿ ਲਗ-ਪਗ ਸੌ ਸਾਲ ਪਹਿਲਾਂ ਅੱਡਣ ਸ਼ਾਹੀ ਗੁਰਮੁਖਾਂ ਨੇ ਆਪਣੇ ਹੱਥੀਂ ਸੇਵਾ ਕਰ ਕੇ ਤਿਆਰ ਕੀਤੀ ਸੀ।[੨] ਇਸ ਦੇ ਨਾਲ ਹੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਕੁਝ ਹੋਰ ਗੁਰਧਾਮਾਂ ਦੇ ਵੀ ਇੱਥੇ ਦਰਸ਼ਨ ਹੁੰਦੇ ਹਨ ਜਿਨ੍ਹਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਂਦਾ ਹੈ।

**੧. ਗੁਰਦੁਆਰਾ ਸ੍ਰੀ ਭੋਰਾ ਸਾਹਿਬ :** ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਨੇ ਲੰਮਾ ਸਮਾਂ ਭਜਨ-ਬੰਦਗੀ ਕੀਤੀ ਸੀ। ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਦਿੱਲੀ ਵਿਖੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਬਾਬਾ ਬਕਾਲਾ ਵਿਖੇ ਆਪਣੇ ਉੱਤਰਾਧਿਕਾਰੀ ਹੋਣ ਦਾ ਐਲਾਨ ਕਰ ਦਿੱਤਾ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਅਗਿਆਤ ਰੂਪ ਵਿਚ ਇਸੇ ਭੌਰੇ ਵਿਚ ਮੌਜੂਦ ਸਨ। ਭਾਈ ਮੱਖਣ ਸ਼ਾਹ ਲੁਬਾਣਾ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸੰਗਤ ਵਿਚ ਸਤਿਗੁਰੂ ਦੇ ਰੂਪ ਵਿਚ ਪ੍ਰਗਟ ਕੀਤਾ ਸੀ। ਗੁਰੂ ਜੀ ਦੀ ਯਾਦ ਵਿਚ ਇੱਥੇ ਇਕ ਅੱਠ-ਕੋਣੀ ਨੌਂ ਮੰਜ਼ਲਾ ਇਮਾਰਤ ਸੁਸ਼ੋਭਿਤ ਹੈ। ਇਸ ਦੇ ਪ੍ਰਵੇਸ਼-ਦੁਆਰ 'ਤੇ ਇਕ ਪੱਥਰ ਲੱਗਿਆ ਹੋਇਆ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਭੋਰਾ ਸਾਹਿਬ ਦੀ ਮੌਜੂਦਾ ਇਮਾਰਤ ੧੯੩੧ ਈ. ਵਿਚ ਤਿਆਰ ਕਰਵਾਈ ਗਈ ਸੀ।

**੨. ਗੁਰਦੁਆਰਾ ਸ੍ਰੀ ਮੰਜੀ ਸਾਹਿਬ :** ਗੁਰਦੁਆਰਾ ਸ੍ਰੀ ਭੌਰਾ ਸਾਹਿਬ ਦੇ ਸਾਹਮਣੇ ਅਤੇ ਪ੍ਰਮੁੱਖ ਦਰਬਾਰ ਹਾਲ ਦੇ ਬਾਹਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇਹ ਅਸਥਾਨ ਸੁਸ਼ੋਭਿਤ ਹੈ। ਇਹ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੰਗਤ ਵਿਚ ਪ੍ਰਗਟ ਹੋਣ ਦੀ ਯਾਦ ਦਿਵਾਉਂਦਾ ਹੈ। ਇਸ ਅਸਥਾਨ 'ਤੇ ਜਦੋਂ ਗੁਰੂ ਜੀ ਨੇ ਦੀਵਾਨ ਲਗਾਇਆ ਤਾਂ ਧੀਰ ਮੱਲ ਦੇ ਮਸੰਦ ਸ਼ੀਹੇਂ ਨੇ ਉਨ੍ਹਾਂ 'ਤੇ ਗੋਲੀ ਚਲਾ ਦਿੱਤੀ ਸੀ ਜਿਹੜੀ ਕਿ ਕੋਈ ਨੁਕਸਾਨ ਕੀਤੇ ਬਗ਼ੈਰ ਅੱਗੇ ਲੰਘ ਗਈ। ਜਦੋਂ ਗੁਰੂ ਜੀ ਨੇ ਸ਼ੀਹੇਂ ਮਸੰਦ ਅਤੇ ਧੀਰਮੱਲ ਨੂੰ ਕਾਬੂ ਕਰ ਲਿਆ ਤਾਂ ਗੁਰੂ ਜੀ ਨੇ ਆਪਣੇ ਸੁਭਾਅ ਅਨੁਸਾਰ ਉਨ੍ਹਾਂ ਨੂੰ ਮਾਫ਼ ਕਰ ਦਿੱਤਾ ਸੀ।

**੩. ਸ੍ਰੀ ਦਰਬਾਰ ਸਾਹਿਬ :** ਇਹ ਉਹ ਪ੍ਰਮੁੱਖ ਅਸਥਾਨ ਹੈ ਜਿੱਥੇ ਭਾਈ ਮੱਖਣ ਸ਼ਾਹ ਲੁਬਾਣਾ ਦੁਆਰਾ ਪ੍ਰਗਟ ਹੋਣ ਉਪਰੰਤ ਗੁਰੂ ਜੀ ਸੰਗਤ ਵਿਚ ਗੁਰਮਤਿ ਪ੍ਰਚਾਰ ਕਰਦੇ ਸਨ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇਸ ਅਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਦੀ ਰਸਮ ਕੀਤੀ ਸੀ। ਇਸ ਅਸਥਾਨ 'ਤੇ ਇਕ ਵੱਡਾ ਦਰਬਾਰ ਹਾਲ ਸੁਸ਼ੋਭਿਤ ਹੈ ਜਿੱਥੇ ਰੋਜ਼ਾਨਾ ਸੰਗਤ ਜੁੜਦੀ ਹੈ ਅਤੇ ਮਰਯਾਦਾ ਅਨੁਸਾਰ ਨਿਤਨੇਮ ਦੀ ਪਰੰਪਰਾ ਦਾ ਪਾਲਣ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਲ-ਨਾਲ ਇਸ ਨਗਰ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਗੰਗਾ ਜੀ ਨਾਲ ਸੰਬੰਧਿਤ ਅਸਥਾਨ ਵੀ ਮੌਜੂਦ ਹਨ।

**ਬਿਆਸ :** ਅੰਮ੍ਰਿਤਸਰ-ਜਲੰਧਰ ਸੜਕ 'ਤੇ ਸਥਿਤ ਇਹ ਨਗਰ ਅੰਮ੍ਰਿਤਸਰ ਤੋਂ ੪੦ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਬਾਬਾ ਬਕਾਲਾ ਤੋਂ ੮ ਕਿਲੋਮੀਟਰ ਦੂਰ ਇਸ ਅਸਥਾਨ ਦੀ ਪਰੰਪਰਾ ਦੱਸਦੀ ਹੈ ਕਿ ਜਦੋਂ ਧੀਰ ਮੱਲ ਦੇ ਮਸੰਦ ਸ਼ੀਹਾਂ ਨੇ ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ 'ਤੇ ਗੋਲੀ ਚਲਾਈ ਤਾਂ ਭਾਈ ਮੱਖਣ ਸ਼ਾਹ ਲੁਬਾਣਾ ਦੀ ਅਗਵਾਈ ਵਿਚ ਗੁਰਸਿੱਖਾਂ ਨੇ ਇਨ੍ਹਾਂ ਨੂੰ ਫੜ ਕੇ ਗੁਰੂ ਸਾਹਿਬ ਕੋਲ ਪੇਸ਼ ਕੀਤਾ ਅਤੇ ਇਨ੍ਹਾਂ ਦਾ ਸਾਮਾਨ ਵੀ ਖੋਹ ਲਿਆ। ਗੁਰੂ ਜੀ ਨੇ ਧੀਰ ਮੱਲ ਨੂੰ ਮਾਫ਼ ਕਰ ਕੇ ਉਸ ਦਾ ਸਾਮਾਨ ਮੋੜਨ ਲਈ ਕਹਿ ਦਿੱਤਾ। ਸਿੱਖਾਂ ਨੇ ਬਾਕੀ ਸਾਮਾਨ ਤਾਂ ਮੋੜ ਦਿੱਤਾ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਆਪਣੇ ਕੋਲ ਰੱਖ ਲਈ। ਜਦੋਂ ਗੁਰੂ ਜੀ ਬਿਆਸ ਦਰਿਆ ਕੋਲ ਪੁੱਜੇ ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਸਿੱਖਾਂ ਨੇ ਧੀਰ ਮੱਲ ਨੂੰ ਬੀੜ ਵਾਪਸ ਨਹੀਂ ਕੀਤੀ। ਗੁਰੂ ਜੀ ਨੇ ਕਿਹਾ ਕਿ ਇਹ ਬੀੜ ਧੀਰ ਮੱਲ ਦੀ ਅਮਾਨਤ ਹੈ ਇਹ ਉਸ ਨੂੰ ਵਾਪਸ ਕਰ ਦੇਣੀ ਚਾਹੀਦੀ ਹੈ, ਅਸੀਂ ਹੋਰ ਬੀੜ ਤਿਆਰ ਕਰ ਲਵਾਂਗੇ। ਗੁਰੂ ਸਾਹਿਬ ਨੇ ਸਤਿਕਾਰ ਸਹਿਤ ਬੀੜ ਨੂੰ ਉੱਥੇ ਹੀ ਰੱਖ ਦਿੱਤਾ ਅਤੇ ਇਕ ਸਿੱਖ ਨੂੰ ਧੀਰ ਮੱਲ ਕੋਲ ਸੁਨੇਹਾ ਦੇਣ ਲਈ ਭੇਜਿਆ ਕਿ ਉਹ ਬੀੜ ਲੈ ਜਾਵੇ। ਧੀਰ ਮੱਲ ਇਹ ਬੀੜ ਇੱਥੋਂ ਕਰਤਾਰਪੁਰ ਸਾਹਿਬ ਵਿਖੇ ਲੈ ਗਿਆ ਸੀ। ਇਸ ਅਸਥਾਨ 'ਤੇ ਗੁਰਦੁਆਰਾ ਸ੍ਰੀ ਅਮਾਨਤਸਰ ਸਾਹਿਬ ਸਥਿਤ ਹੈ।

ਇਸ ਗੁਰਧਾਮ ਦੀ ਮੌਜੂਦਾ ਇਮਾਰਤ ਲਗ-ਪਗ ੪੦ ਸਾਲ ਪਹਿਲਾਂ ਦੀ ਬਣੀ ਹੋਈ ਹੈ ਜਿਸ ਦੀ ਸੇਵਾ-ਸੰਭਾਲ ਬਾਬਾ ਗੱਜਣ ਸਿੰਘ ਜੀ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਦੀ ਸਰਪ੍ਰਸਤੀ ਅਧੀਨ ਬਾਬਾ ਦਇਆ ਸਿੰਘ ਜੀ ਕਰ ਰਹੇ ਹਨ। ਲਗ-ਪਗ

੧੦ ਏਕੜ ਵਿਚ ਦਰਬਾਰ ਹਾਲ, ਲੰਗਰ ਹਾਲ ਅਤੇ ਨਿਹੰਗ ਸਿੰਘਾਂ ਦੀ ਛਾਉਣੀ ਮੌਜੂਦ ਹੈ। ਇਸ ਗੁਰਧਾਮ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਸਰਬ ਲੋਹ ਗ੍ਰੰਥ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਦਰਿਆ ਬਿਆਸ ਦਾ ਪਾਣੀ ਇਸ ਇਮਾਰਤ ਤਕ ਆ ਜਾਂਦਾ ਹੈ ਇਸ ਲਈ ਇਹ ਇਮਾਰਤ ਜ਼ਮੀਨ ਤੋਂ ਲਗ-ਪਗ ੨੦ ਫੁੱਟ ਉੱਚੀ ਬਣਾਈ ਹੋਈ ਹੈ। ਗੁਰਪੁਰਬਾਂ ਤੋਂ ਇਲਾਵਾ ਸੰਗਰਾਂਦ, ਮੱਸਿਆ, ਵੈਸਾਖੀ ਆਦਿ ਮਨਾਏ ਜਾਂਦੇ ਹਨ। ਮੁੱਖ ਸੜਕ 'ਤੇ ਹੋਣ ਕਰਕੇ ਇੱਥੋਂ ਲੰਘਣ ਵਾਲੇ ਸਮੂਹ ਨਗਰ ਕੀਰਤਨ ਇੱਥੇ ਰੁਕ ਕੇ ਅੱਗੇ ਜਾਂਦੇ ਹਨ।

**ਮੱਖਣਵਿੰਡੀ :** ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਕਾਲੇਕੇ ਤੋਂ ਤਰਸਿੱਕਾ, ਨਵਾਂ ਪਿੰਡ ਰਾਹੀਂ ਇਹ ਪਿੰਡ ੨੫ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲ੍ਹਾ ਸਾਹਿਬ ਤੋਂ ਇੱਥੇ ਆਏ ਸਨ ਅਤੇ ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਗੁਰੂ ਤੇਗ ਬਹਾਦਰ ਜੀ ਸੁਸ਼ੋਭਿਤ ਹੈ। ਬਾਬਾ ਅਜਾਇਬ ਸਿੰਘ ਇਸ ਦੀ ਸੇਵਾ-ਸੰਭਾਲ ਕਰ ਰਹੇ ਹਨ।

**ਵੱਲਾ :** ਅੰਮ੍ਰਿਤਸਰ ਤੋਂ ਲਗ-ਪਗ ੭ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਿੰਡ ਮੌਜੂਦਾ ਸਮੇਂ ਵਿਚ ਇਸੇ ਨਗਰ ਵਿਚ ਹੀ ਸ਼ਾਮਲ ਹੋ ਗਿਆ ਹੈ। ਇਸ ਪਿੰਡ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਦੋ ਗੁਰਧਾਮ ਮੌਜੂਦ ਹਨ:-

**ਗੁਰਦੁਆਰਾ ਕੋਠਾ ਸਾਹਿਬ :** ਇਹ ਗੁਰਦੁਆਰਾ ਪਿੰਡ ਦੇ ਵਿਚਕਾਰ ਮੌਜੂਦ ਹੈ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਤੋਂ ਚੱਲ ਕੇ ਦਮਦਮਾ ਸਾਹਿਬ ਹੁੰਦੇ ਹੋਏ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ। ਪਿੰਡ ਦੀਆਂ ਮਾਈਆਂ ਨੇ ਗੁਰੂ ਜੀ ਪ੍ਰਤੀ ਸਤਿਕਾਰ ਪ੍ਰਗਟ ਕੀਤਾ ਅਤੇ ਉਨ੍ਹਾਂ ਨੂੰ ਪਰਸ਼ਾਦਾ ਛਕਾਇਆ ਜਿਸ ਤੋਂ ਖ਼ੁਸ਼ ਹੋ ਕੇ ਗੁਰੂ ਜੀ ਨੇ ਉਨ੍ਹਾਂ ਨੂੰ 'ਵੱਲਾ ਗੁਰੂ ਕਾ ਗੱਲਾ' ਅਤੇ 'ਮਾਈਆਂ ਰੱਬ ਰਜਾਈਆਂ ਭਗਤੀ ਲਾਈਆਂ' ਦਾ ਅਸ਼ੀਰਵਾਦ ਦਿੱਤਾ। ਇਸੇ ਪਿੰਡ ਦੀ ਇਕ ਮਾਈ ਹਰੋ ਦੇ ਗ੍ਰਹਿ ਵਿਖੇ ਗੁਰੂ ਜੀ ਨੇ ਨਿਵਾਸ ਕੀਤਾ ਜਿੱਥੇ ਹੁਣ ਗੁਰਦੁਆਰਾ ਕੋਠਾ ਸਾਹਿਬ ਸੁਸ਼ੋਭਿਤ ਹੈ। ਮਾਘ ਦੀ ਪੂਰਨਮਾਸੀ ਨੂੰ ਇੱਥੇ ਜੋੜ ਮੇਲਾ ਅਰੰਭ ਹੁੰਦਾ ਹੈ ਜਿਹੜਾ ਕਿ ਫੱਗਣ ਦੀ ਪੂਰਨਮਾਸੀ ਤਕ ਇੱਕ ਮਹੀਨਾ ਚੱਲਦਾ ਹੈ। ਕਿਹਾ ਜਾਂਦਾ ਹੈ ਕਿ ਇਸ ਜਗ੍ਹਾ 'ਤੇ ਗੁਰਦੁਆਰਾ ਸਾਹਿਬ ਦੀ ਜਿਹੜੀ ਇਮਾਰਤ ਮੌਜੂਦ ਸੀ ਉਹ ੧੯੦੫ ਈ. ਵਿਚ ਆਏ ਭੁਚਾਲ ਕਾਰਨ ਢਹਿ ਗਈ ਸੀ। ਫਿਰ ਇਸ ਜਗ੍ਹਾ 'ਤੇ ਗੁਰਦੁਆਰਾ ਸਾਹਿਬ ਦੀ ਇਕ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਗਈ ਜਿਸ ਦੀਆਂ ਸਿਰਫ ਪੱਕੀਆਂ ਇੱਟਾਂ ਆਦਿ ਹੀ ਦਿਖਾਈ ਦਿੰਦੀਆਂ ਸਨ। ਗੁਰਦੁਆਰਾ ਸਾਹਿਬਾਨ ਦੇ ਦਰਵਾਜ਼ੇ ਦੇ ਬਿਲਕੁਲ ਸਾਹਮਣੇ ਪਰਕਰਮਾ ਦੇ ਨਾਲ ਖੂਹ ਸੀ ਜਿਸ ਦੇ ਉੱਤੇ ਬਲਦ ਵਾਲੀ ਹਲਟੀ ਨਾਲ ਪਾਣੀ ਕੱਢਿਆ ਜਾਂਦਾ ਸੀ ਤੇ ਉਹ ਪਾਣੀ ਸੰਗਤ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ ਸੀ।[੩]

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਬਾਬਾ ਮਹਿੰਦਰ ਸਿੰਘ ਜੀ ਨੇ ੧੯੯੮ ਈ. ਵਿਚ ਅਰੰਭ ਕਰਵਾਈ

ਸੀ। ਜਗ੍ਹਾ ਘੱਟ ਹੋਣ ਕਰਕੇ ਇਸ ਅਸਥਾਨ ਨੂੰ ਖੁੱਲ੍ਹਾ ਕਰਨ ਲਈ ਆਸ-ਪਾਸ ਦੇ ਵਸਨੀਕਾਂ ਤੋਂ ਘਰ ਖਰੀਦ ਲਏ ਗਏ ਅਤੇ ਇਸ ਦੇ ਚੌਗਿਰਦੇ ਨੂੰ ਖੁੱਲ੍ਹਾ ਕਰ ਦਿੱਤਾ ਗਿਆ। ੨੦੦੪ ਈ. ਵਿਚ ਨਵਾਂ ਦਰਬਾਰ ਹਾਲ ਸੰਪੂਰਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦੀਵਾਨ ਹਾਲ, ਦਫ਼ਤਰ ਆਦਿ ਬਣੇ ਹੋਏ ਹਨ ਅਤੇ ਸਾਢੇ ਤਿੰਨ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ।

ਬਾਬਾ ਦਲੀਪ ਸਿੰਘ ਇਸ ਗੁਰਧਾਮ ਦੀ ਲੰਮਾ ਸਮਾਂ ਸੇਵਾ ਕਰਦੇ ਰਹੇ ਹਨ। ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਤਰਸੇਮ ਸਿੰਘ ਨੇ ਦੱਸਿਆ ਕਿ ੧੯੪੭ ਈ. ਵਿਚ ਭਾਰਤ-ਪਾਕਿ ਵੰਡ ਦੌਰਾਨ ਇਹ ਨਨਕਾਣਾ ਸਾਹਿਬ ਤੋਂ ਇੱਥੇ ਆਏ ਸਨ। ਗੁਰੂ-ਘਰ ਦੀ ਸੇਵਾ ਦੇ ਨਾਲ-ਨਾਲ ਇਹ ਵੈਦਗੀ ਵੀ ਕਰਦੇ ਸਨ ਅਤੇ ਇਲਾਜ ਦੇ ਪੈਸੇ ਬਹੁਤ ਘੱਟ ਲੈਂਦੇ ਸਨ, ਗਰੀਬਾਂ ਦਾ ਇਲਾਜ ਮੁਫ਼ਤ ਕਰਦੇ ਸਨ। ੫੨ ਸਾਲ ਇਨ੍ਹਾਂ ਨੇ ਗੁਰੂ-ਘਰ ਦੀ ਸੇਵਾ ਕੀਤੀ ਜਿਸ ਨੂੰ ਦੇਖਦੇ ਹੋਏ ਇਨ੍ਹਾਂ ਦੀ ਯਾਦ ਵਿਚ ਮੁੱਖ ਸੜਕ 'ਤੇ ਇਕ ਵੱਡੇ ਗੇਟ ਦੀ ਉਸਾਰੀ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਸ ਦਾ ਪ੍ਰਬੰਧ ਕਰਦੀ ਹੈ। ਮੌਜੂਦਾ ਸਮੇਂ ਵਿਚ ਰਿਸੀਵਰ ਲੱਗਿਆ ਹੋਇਆ ਹੈ।

**ਗੁਰਦੁਆਰਾ ਗੁਰਿਆਣਾ ਸਾਹਿਬ:** ਅੰਮ੍ਰਿਤਸਰ-ਬਿਆਸ ਸੜਕ 'ਤੇ ਮਿਲਟਰੀ ਦੀ ਛਾਉਣੀ ਦੇ ਨਾਲ ਗੁਰਦੁਆਰਾ ਗੁਰਿਆਣਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇਹ ਮਾਤਾ ਹਰੋ ਜੀ ਦੇ ਖੇਤ ਸਨ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਮਦਮਾ ਸਾਹਿਬ ਤੋਂ ਪਹਿਲਾਂ ਇਸ ਅਸਥਾਨ 'ਤੇ ਆਏ ਸਨ ਅਤੇ ਇੱਥੇ ਹੀ ਮਾਤਾ ਜੀ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ। ਮਾਤਾ ਹਰੋ ਜੀ ਇੱਥੋਂ ਗੁਰੂ ਜੀ ਨੂੰ ਆਪਣੇ ਘਰ ਲੈ ਕੇ ਗਏ ਸਨ। ਪਹਿਲਾਂ ਇੱਥੇ ਮੰਜੀ ਸਾਹਿਬ ਮੌਜੂਦ ਸੀ ਪਰ ੧੯੮੬ ਈ. ਵਿਚ ਬਾਬਾ ਹਜਾਰਾ ਸਿੰਘ ਨੇ ਕਾਰ-ਸੇਵਾ ਰਾਹੀਂ ਇਸ ਅਸਥਾਨ 'ਤੇ ਮੌਜੂਦਾ ਇਮਾਰਤ ਦੀ ਉਸਾਰੀ ਅਰੰਭ ਕਰਵਾਈ ਸੀ। ਇਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ 'ਤੇ ਬਾਬਾ ਅਜਾਇਬ ਸਿੰਘ ਜੀ ਨੇ ਇਹ ਇਮਾਰਤ ਤਿਆਰ ਕਰਵਾ ਕੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਇਹੀ ਇਸ ਦਾ ਪ੍ਰਬੰਧ ਦੇਖਦੇ ਹਨ। ਗੁਰਦੁਆਰਾ ਕੋਠਾ ਸਾਹਿਬ ਵੱਲਾ ਦੇ ਜੋੜ ਮੇਲੇ 'ਤੇ ਆਉਣ ਵਾਲੀ ਸੰਗਤ ਇੱਥੇ ਹਾਜ਼ਰੀ ਭਰਦੀ ਹੈ।

**ਹਵਾਲੇ :**

੧. ਸ. ਗੁਰਚਰਨ ਸਿੰਘ ਸਹੰਸਰਾ, *ਇਤਿਹਾਸ ਗੁਰੂ ਕਾ ਬਾਗ,* ਪੰਨਾ ੧੦.

੨. ਪੰਚ, ਲਾਹੌਰ, ੧੨.੦੫.੧੯੨੦.

੩. ਸ. ਜਸਵੰਤ ਸਿੰਘ ਜੱਸ, *ਗੁਰਦੁਆਰਾ ਕੋਠਾ ਸਾਹਿਬ*, ਵੱਲਾ, ਅਜੀਤ, ੧੫.੦੪.੧੯੮੬.

***ਚਲਦਾ. . .***

# ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਕੁਝ ਪ੍ਰਮੁੱਖ ਹਜ਼ੂਰੀ ਰਬਾਬੀਆਂ ਬਾਰੇ

*-ਸ. ਤੀਰਥ ਸਿੰਘ ਢਿੱਲਵਾਂ**

ਅਜੋਕੇ ਸਮੇਂ, ਸਿੱਖਾਂ ਦੀ ਸਰਬਉੱਚ ਧਾਰਮਿਕ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਸੁਯੋਗ ਪ੍ਰਬੰਧ ਹੇਠ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਕੀਰਤਨ ਸਮੇਂ ਦੌਰਾਨ ਕੀਰਤਨ ਗਾਇਨ ਕਰਨ ਵਾਲੇ ਰਾਗੀਆਂ ਦੀ ਕਾਫ਼ੀ ਤਾਦਾਦ ਹੈ। ਇਨ੍ਹਾਂ ਦੇ ਨਾਲ ਮੁਹਾਰਤ ਰੱਖਣ ਵਾਲੇ ਤੰਤੀ ਸਾਜ਼ ਵਾਦਕ ਸੰਗਤ ਕਰਕੇ ਮਾਹੌਲ ਨੂੰ ਹੋਰ ਵੀ ਰੂਹਾਨੀ ਬਣਾ ਦਿੰਦੇ ਹਨ। ਇਨ੍ਹਾਂ ਵਿਚ ਰਬਾਬ, ਸਾਰੰਦਾ, ਦਿਲਰੁਬਾ ਅਤੇ ਤਾਊਸ ਸ਼ਾਮਲ ਹਨ।

ਜੇ ਦੇਸ਼ ਦੀ ਵੰਡ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਕੀਰਤਨ ਕਰਨ ਵਾਲੇ ਕੀਰਤਨਕਾਰਾਂ ਦੀ ਗੱਲ ਕਰੀਏ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਕੁਝ ਕੁ ਗੁਰਸਿੱਖ ਰਾਗੀਆਂ ਨੂੰ ਛੱਡ ਕੇ ਬਾਕੀ ਸਾਰੇ ਮੁਸਲਮਾਨ ਰਬਾਬੀ ਜਥੇ ਹਜ਼ੂਰੀ ਰਾਗੀਆਂ ਵਜੋਂ ਕੀਰਤਨ ਕਰਦੇ ਸਨ। ਉਹ ਤੰਤੀ ਸਾਜ਼ਾਂ ਨਾਲ ਕੀਰਤਨ ਕਰਦੇ ਸਨ ਅਤੇ ਉਨ੍ਹਾਂ ਦੀ ਅਨੂਠੀ ਅਤੇ ਅਤਿਅੰਤ ਕਲਾਤਮਕ ਸ਼ੈਲੀ ਸੰਗਤ ਨੂੰ ਕੀਲ ਲੈਣ ਦੀ ਸਮਰੱਥਾ ਰੱਖਦੀ ਸੀ। ਉਨ੍ਹਾਂ ਰਬਾਬੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਨਾਲ-ਨਾਲ ਭਾਈ ਗੁਰਦਾਸ ਜੀ ਦੀਆਂ ਵਾਰਾਂ ਸਮੇਤ ਹੋਰ ਬਾਣੀਆਂ ਵੀ ਕੰਠ ਸਨ। ਸ੍ਰੀ ਦਰਬਾਰ ਸਾਹਿਬ ਤੋਂ ਬਾਹਰ ਸਜਦੇ ਵੱਖ-ਵੱਖ ਦੀਵਾਨਾਂ ਵਿਚ ਉਹ ਧਾਰਮਿਕ ਗੀਤ ਵੀ ਬੜੇ ਸੁਰ-ਮਈ ਤਰੀਕੇ ਨਾਲ ਗਾਇਨ ਕਰਦੇ ਸਨ, ਜਿਵੇਂ ਕਿ ਭਾਈ ਛੈਲਾ (ਪਟਿਆਲੇ ਵਾਲਾ), ਭਾਈ ਦੇਸਾ ਅਤੇ ਸਾਂਈ ਦਿੱਤਾ ਵੱਲੋਂ ਗਾਏ ਹੋਏ ਕੁਝ ਤਵੇ ਹੁਣ ਵੀ ਉਪਲਬਧ ਹਨ। ਇਨ੍ਹਾਂ ਤਵਿਆਂ ਵਿਚਲੇ ਗੀਤ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਵਿਚ ਗਾਇਨ ਕੀਤੇ ਗਏ ਹਨ। ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਇਨ੍ਹਾਂ ਰਬਾਬੀਆਂ ਨੂੰ ਬਹੁਤ ਸਾਰੀ ਬਾਣੀ ਜ਼ਬਾਨੀ ਕੰਠ ਸੀ। ਇਸੇ ਲਈ ਭਾਈ ਲਾਲ ਜੀ (ਪਹਿਲੇ) ਅਤੇ ਭਾਈ ਚਾਂਦ ਜੀ (ਪਹਿਲੇ) ਵਰਗੇ ਉੱਚ ਕੋਟੀ ਦੇ ਰਬਾਬੀ ਗੁਰਬਾਣੀ ਦੇ ਇੱਕ-ਇੱਕ ਸ਼ਬਦ ਨੂੰ ਹੋਰਨਾਂ ਸ਼ਬਦਾਂ ਦੇ ਢੁਕਵੇਂ ਪ੍ਰਮਾਣਾਂ ਸਮੇਤ ਇੱਕ-ਇੱਕ ਘੰਟੇ ਵਿਚ ਗਾਇਨ ਕਰਦੇ ਸਨ।

ਉਸ ਵੇਲੇ ਦੇ ਲੋਕ ਦੱਸਦੇ ਹਨ ਕਿ ਜਦੋਂ ਕਿਤੇ ਭਾਈ ਲਾਲ ਜੀ ਅਤੇ ਭਾਈ ਚਾਂਦ ਜੀ ਦੀ ਕੀਰਤਨ ਡਿਊਟੀ ਹੁੰਦੀ ਸੀ ਤਾਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ,

*ਪਿੰਡ ਢਿੱਲਵਾਂ, ਡਾਕ: ਦਕੋਹਾ, ਜ਼ਿਲ੍ਹਾ ਜਲੰਧਰ- ੧੪੪੦੦੨੩; ਮੋ. +੯੧੯੮੧੫੪-੬੧੭੧੦

ਸ੍ਰੀ ਅੰਮ੍ਰਿਤਸਰ ਦੀ ਪਰਕਰਮਾ ਵਿਚ ਤਿਲ ਸੁੱਟਣ ਨੂੰ ਥਾਂ ਨਹੀਂ ਸੀ ਹੁੰਦੀ। ਸਪੀਕਰਾਂ ਦੀ ਆਮਦ ਤੋਂ ਪਹਿਲਾਂ ਰਾਗੀ ਤੇ ਰਬਾਬੀ ਉਂਞ ਹੀ ਕੀਰਤਨ ਕਰਦੇ ਸਨ। ਉਨ੍ਹਾਂ ਦੀ ਆਵਾਜ਼ ਵਿਚ ਬਹੁਤ ਦਮ ਹੁੰਦਾ ਸੀ ਅਤੇ ਦੂਰ ਤਕ ਸੁਣਾਈ ਦਿੰਦੀ ਸੀ। ਇਹ ਗੱਲ ਸ੍ਰੀ ਅੰਮ੍ਰਿਤਸਰ ਦੇ ਉਸ ਸਮੇਂ ਦੇ ਕੁਝ ਇੱਕ ਜਿਉਂਦੇ ਵਿਅਕਤੀ ਬੜੇ ਮਾਣ ਨਾਲ ਦੱਸਦੇ ਹਨ ਕਿ ਖ਼ਾਸਕਰ ਜਦੋਂ ਭਾਈ ਲਾਲ ਜੀ ਅਤੇ ਭਾਈ ਚਾਂਦ ਜੀ ਦੀ ਕੀਰਤਨ ਦੀ ਵਾਰੀ ਹੁੰਦੀ ਸੀ ਤਾਂ ਸ੍ਰੀ ਦਰਬਾਰ ਸਾਹਿਬ ਦੇ ਲਾਗੇ ਬੰਨੇ ਦੇ ਮੁਸਲਮਾਨ ਦੁਕਾਨਦਾਰ ਇੱਕ ਦੂਜੇ ਨੂੰ ਇਉਂ ਆਖਿਆ ਕਰਦੇ ਸਨ— "ਅੱਜ ਭਾਈ ਲਾਲ ਜੀ ਜਾਂ ਭਾਈ ਚਾਂਦ ਜੀ ਦੀ ਕੀਰਤਨ ਡਿਊਟੀ ਹੈ। ਇਹਨਾਂ ਨੂੰ ਸੁਣਨ ਨਾ ਚਲੇ ਜਾਇਓ, ਨਹੀਂ ਤਾਂ ਕਿਤੇ ਇਹ ਸਾਨੂੰ ਵੀ ਸਿੱਖ ਬਣਾ ਦੇਣ।" ਇਸ ਦਾ ਭਾਵ ਇਹ ਸੀ ਕਿ ਉਨ੍ਹਾਂ ਵੱਲੋਂ ਗਾਇਨ ਕੀਤੇ ਕੀਰਤਨ ਵਿਚ ਇੰਨਾ ਰਸ ਅਤੇ ਰਾਗਦਾਰੀ ਦੀ ਇੰਨੀਂ ਪਕੜ ਅਤੇ ਪ੍ਰਪੱਕਤਾ ਹੁੰਦੀ ਸੀ ਕਿ ਉਹ ਕਿਸੇ ਨੂੰ ਵੀ ਆਪਣੇ ਮਧੁਰ ਕੀਰਤਨ ਰਾਹੀਂ ਸਿੱਖੀ ਵੱਲ ਖਿੱਚ ਸਕਦੇ ਸਨ। ਰਬਾਬੀਆਂ ਬਾਰੇ ਇੱਕ ਖ਼ਾਸ ਗੱਲ ਇਹ ਹੈ ਕਿ ਬੰਬਈ (ਹੁਣ ਮੁੰਬਈ) ਦੀ ਉਸ ਵੇਲੇ ਦੀ ਫ਼ਿਲਮ ਇੰਡਸਟ੍ਰੀ ਦੇ ਮੰਨੇ-ਪ੍ਰਮੰਨੇ ਸੰਗੀਤ ਨਿਰਦੇਸ਼ਕ ਇਨ੍ਹਾਂ ਰਬਾਬੀਆਂ ਨੂੰ ਸੁਣਨ ਲਈ ਸ੍ਰੀ ਅੰਮ੍ਰਿਤਸਰ ਆਉਂਦੇ ਅਤੇ ਕਈ ਕਈ ਦਿਨ ਇਨ੍ਹਾਂ ਦਾ ਕੀਰਤਨ ਸੁਣਦੇ ਅਤੇ ਉਸ ਤੋਂ ਬਹੁਤ ਕੁਝ ਹਾਸਲ ਕਰਕੇ ਉਸੇ ਦੇ ਆਧਾਰ 'ਤੇ ਫ਼ਿਲਮਾਂ ਲਈ ਗੀਤਾਂ ਦੀਆਂ ਤਰਜ਼ਾਂ ਬਣਾਇਆ ਕਰਦੇ ਸਨ। ਇੱਥੇ ਇਹ ਗੱਲ ਵੀ ਕਾਬਿਲ-ਏ-ਜ਼ਿਕਰ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਉਸ ਵੇਲੇ ਦੇ ਰਬਾਬੀਆਂ ਵਿੱਚੋਂ ਦੋ ਬਹੁਤ ਹੀ ਖ਼ੂਬਸੂਰਤ ਰਬਾਬੀਆਂ ਭਾਈ ਦੇਸਾ ਅਤੇ ਭਾਈ ਛੈਲਾ ਨੇ ਦਰਜਨਾਂ ਫ਼ਿਲਮਾਂ ਵਿਚ ਬਤੌਰ ਅਦਾਕਾਰ ਕੰਮ ਕੀਤਾ। ਇਨ੍ਹਾਂ ਵਿੱਚੋਂ ਭਾਈ ਛੈਲਾ ਨੂੰ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਪਟਿਆਲੇ ਲੈ ਗਏ ਅਤੇ ਆਪਣਾ ਦਰਬਾਰੀ ਗਾਇਕ ਨਿਯੁਕਤ ਕੀਤਾ। ਉੱਥੇ ਵੀ ਭਾਈ ਸਾਹਿਬ ਨੇ ਕੀਰਤਨ ਕਰਨਾ ਜਾਰੀ ਰੱਖਿਆ। ਫ਼ਿਲਮਾਂ ਦੇ ਮੰਨੇ-ਪ੍ਰਮੰਨੇ ਸੰਗੀਤ ਨਿਰਦੇਸ਼ਕ ਜਨਾਬ ਗ਼ੁਲਾਮ ਮੁਹੰਮਦ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਵਰ੍ਹਿਆਂ-ਬੱਧੀਂ ਹਜ਼ੂਰੀ ਰਾਗੀ ਰਹੇ। ਇਸੇ ਕੀਰਤਨ ਦੀ ਖਿੱਚ ਸੀ ਕਿ ਮਹਾਂਕਵੀ ਰਾਬਿੰਦਰ ਨਾਥ ਟੈਗੋਰ ਆਪਣੇ ਪਿਤਾ ਜੀ ਨਾਲ ਅਕਸਰ ਹੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਆ ਕੇ ਕਈ-ਕਈ ਦਿਨ ਕੀਰਤਨ ਸਰਵਣ ਕਰ ਕੇ ਜਾਂਦੇ। ਆਪਣੇ ਸਮੇਂ ਦੇ ਪ੍ਰਸਿੱਧ ਸਿੱਖ ਰਬਾਬੀ ਭਾਈ ਬੁੱਧ ਸਿੰਘ ਤਾਨ ਅਣਵੰਡੇ ਭਾਰਤ ਦੇ ਮੋਹਰੀ ਲਾਹੌਰ ਰੇਡੀਓ ਸਟੇਸ਼ਨ ਦੇ ਸੰਗੀਤ ਵਿਭਾਗ ਦੇ ਉੱਪ ਮੁਖੀ ਦੇ ਉੱਚ ਅਹੁਦੇ 'ਤੇ ਕਾਫ਼ੀ ਸਾਲ ਰਹੇ। ਦੇਸ਼ ਦੀ ਵੰਡ ਤੋਂ ਬਾਅਦ ਕਾਫ਼ੀ ਰਬਾਬੀ ਭਰੇ ਮਨ ਨਾਲ ਪਾਕਿਸਤਾਨ ਚਲੇ ਗਏ, ਜਿਨ੍ਹਾਂ ਵਿੱਚੋਂ ਭਾਈ ਚਾਂਦ ਨੇ ਪ੍ਰਕਾਸ਼-ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਪੁਰਾਣੇ ਸਮਿਆਂ ਨੂੰ ਚੇਤੇ ਕਰਦਿਆਂ ਵੈਰਾਗਮਈ ਅਵਸਥਾ ਵਿਚ ਸੱਚਖੰਡ ਪਿਆਨਾ ਕੀਤਾ। ਇਹ ਹਨ — ਪੁਰਾਤਨ ਰਬਾਬੀਆਂ ਨਾਲ ਜੁੜੀਆਂ ਕੁਝ ਅਭੁੱਲ ਯਾਦਾਂ। ■

# ਪ੍ਰਭ ਮਿਲਣੈ ਕੀ ਏਹ ਨੀਸਾਣੀ

*-ਸ. ਬਲਵਿੰਦਰ ਸਿੰਘ 'ਗੰਭੀਰ'**

ਕਈ ਵਾਰ ਮਨ ਵਿਚ ਇਕ ਸਵਾਲ ਪੈਦਾ ਹੁੰਦਾ ਹੈ ਕਿ ਆਖਰਕਾਰ ਇਸ ਮਨੁੱਖੀ ਜੀਵ ਦਾ ਜਨਮ ਕਿਉਂ ਹੋਇਆ? ਇਸਦਾ ਮਕਸਦ ਕੀ ਸੀ? ਇਸ ਧਰਤੀ 'ਤੇ ਜੂਨਾਂ ਤਾਂ ਹੋਰ ਵੀ ਬਹੁਤ ਸਾਰੀਆਂ ਹਨ। ਪਰ ਸੰਵੇਦਨਸ਼ੀਲਤਾ ਤਾਂ ਮਨੁੱਖ ਵਿਚ ਹੀ ਸਭ ਤੋਂ ਵੱਧ ਹੈ। ਜਨਮ ਲੈਣ ਤੋਂ ਬਾਅਦ ਅਸੀਂ ਮਿਲਣਾ ਕਿਸ ਨੂੰ ਹੈ? ਗੁਰਬਾਣੀ ਵਿੱਚੋਂ ਸਹਿਜੇ ਹੀ ਇਨ੍ਹਾਂ ਸਵਾਲਾਂ ਦੇ ਜਵਾਬ ਮਿਲ ਜਾਂਦੇ ਹਨ ਕਿ ਹੇ ਭਾਈ! ਤੈਨੂੰ ਇਹ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ ਪਰਮਾਤਮਾ ਨੂੰ ਮਿਲਣ ਲਈ ਕੁਝ ਕਰਨ ਲਈ— *ਭਾਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥* ਇਹ ਦੇਹੀ ਮਿਲੀ ਪਰਮਾਤਮਾ ਦਾ ਸਿਮਰਨ ਕਰਨ ਲਈ, ਉਸ ਪਰਮਾਤਮਾ/ਪਰਮਸੱਤਾ ਦੇ ਗੁਣਾਂ ਦੀ ਵਿਚਾਰ ਕਰਨ ਅਤੇ ਉਨ੍ਹਾਂ ਦਾ ਆਤਮਸਾਤ ਕਰਨ ਲਈ ਅਤੇ ਆਪਣਾ ਜੀਵਨ ਸਫਲ ਬਣਾਉਣ ਲਈ। ਨਾਮ ਸਿਮਰਨ/ਨਾਮ ਜਪਣ ਦਾ ਅਰਥ ਹੀ ਇਹ ਹੈ ਕਿ ਉਸ ਪਰਮਸੱਤਾ ਦੇ ਗੁਣਾਂ ਦਾ ਸੁਚੇਤ ਪੱਧਰ 'ਤੇ ਚਿੰਤਨ ਮੰਥਨ ਕਰਨਾ, ਸੂਝਵਾਨ ਹੋਣਾ ਅਤੇ ਗਿਆਨਵਾਨ ਹੋਣਾ— *ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ ॥* ਪਰ ਨਾਲ ਹੀ ਗੁਰਬਾਣੀ ਤਾਕੀਦ ਕਰਦੀ ਹੈ ਕਿ ਇਹ ਚੰਗੇ ਮਨੁੱਖਾਂ ਦੀ ਸੰਗਤ ਵਿਚ ਹੀ ਹੋ ਸਸਦਾ ਹੈ। ਪਰਮਾਤਮਾ! ਪ੍ਰਭੂ ਦੇ ਗੁਣਾਂ ਦੀ ਵਿਚਾਰ ਕਰਨਾ ਹੀ ਅਸਲ ਕੰਮ ਹੈ— *ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* ਅਗਲੀ ਮੰਜ਼ਿਲ ਇਹ ਹੈ ਕਿ ਪ੍ਰਭੂ/ਪਰਮਸੱਤਾ ਦੇ ਗੁਣਾਂ ਦਾ ਚਿੰਤਨ-ਮੰਥਨ ਕਰਦਿਆਂ ਉਸੇ ਵਰਗਾ ਹੋ ਜਾਣਾ— *ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥* ਅਤੇ *ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥*

ਹੁਣ ਸਵਾਲ ਇਹ ਹੈ ਕਿ ਉਹ ਕੌਣ ਹੈ ਅਤੇ ਉਸ ਦਾ ਆਕਾਰ, ਸ਼ਕਲ ਸੂਰਤ ਕੀ ਹੈ? ਜਿਸ ਨੂੰ ਮਿਲਣਾ ਹੈ। ਇਸ ਪ੍ਰਸ਼ਨ ਦਾ ਉੱਤਰ ਭਾਲਣ ਲਈ ਸਾਨੂੰ ਪਹਿਲਾਂ ਸਵੈ- ਦੀ ਪਛਾਣ ਕਰਨੀ ਪਵੇਗੀ— *ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ* ਇਹ ਸਵੈ ਦੀ ਪਛਾਣ ਹੀ ਸਾਨੂੰ ਉਸ ਦਰ 'ਤੇ ਲੈ ਜਾਵੇਗੀ। ਕਦੇ ਸਵੇਰੇ-ਸਵੇਰੇ ਜੇ ਘਾਹ 'ਤੇ ਪਈ ਤ੍ਰੇਲ ਦੇ ਤੁਪਕੇ ਵੇਖੀਏ ਤਾਂ ਹਰ ਇਕ ਤੁਪਕੇ ਵਿੱਚੋਂ ਸੂਰਜ ਨਜ਼ਰ ਆਵੇਗਾ। ਇਸ ਦਾ ਮਤਲਬ ਇਹ ਨਹੀਂ ਕਿ ਜਿੰਨੇ ਤ੍ਰੇਲ-ਤੁਪਕੇ ਹਨ ਸੂਰਜ ਵੀ ਓਨੇ ਹੀ ਹਨ। ਨਹੀਂ! ਸੂਰਜ ਤਾਂ ਇੱਕ ਹੈ, ਉਸ ਦਾ ਨੂਰ ਸਾਰੇ ਹੀ ਤੁਪਕਿਆਂ ਵਿਚ ਵਿਚਰ ਰਿਹਾ

**ਹਾਊਸ ਨੰ. ੧੯੧, ਬੈਕਸਾਈਡ ਸੰਸਕ੍ਰਿਤੀ ਸਕੂਲ, ਬਲਾਕ : ਸੀ, ਗਰੇਟਰ ਕੈਲਾਸ਼, ਬਟਾਲਾ- ੧੪੩੫੦੬; (ਗੁਰਦਾਸਪੁਰ) ਮੋ. ੯੪੬੪੭੫੬੭੯੧*

ਹੈ। ਇਸੇ ਤਰ੍ਹਾਂ ਉਸ ਪਰਮਸਤਿ ਦੀ ਜੋਤਿ ਸਾਰਿਆਂ ਅੰਦਰ ਵਿਚਰ ਰਹੀ ਹੈ। ਜਿਸ ਨੂੰ ਅਸੀਂ ਮਹਿਸੂਸ ਕਰ ਸਕਦੇ ਹਾਂ, ਵੇਖ ਨਹੀਂ ਸਕਦੇ। ਇਸੇ ਜੋਤ ਦੀ ਪਛਾਣ ਕਰਨ ਦੀ ਲੋੜ ਹੈ— *ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥* ਸਾਰੀ ਸ੍ਰਿਸ਼ਟੀ ਵਿਚ ਉਹੀ ਜੋਤ ਵਿਚਰ ਰਹੀ ਹੈ :

*ਸਭ ਮਹਿ ਜੋਤਿ ਜੋਤਿ ਹੈ ਸੋਇ ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩)*

ਇਹੀ ਜੋਤਿ ਸਰਬ-ਵਿਆਪਕ ਅਤੇ ਸਰਬ-ਸ਼ਕਤੀਮਾਨ ਹੈ। ਇਸੇ ਜੋਤ/ਨੂਰ ਤੋਂ ਹੀ ਸਾਰੇ ਉਪਜੇ ਹਨ। ਇਸ ਲਈ ਸਾਰੇ ਮਨੁੱਖ ਬਰਾਬਰ ਹਨ। ਕੋਈ ਉੱਚਾ-ਨੀਵਾਂ ਨਹੀਂ। ਇਹ ਜਾਤ-ਪਾਤ, ਧਾਰਮਿਕ ਤੇ ਭਾਸ਼ਾਈ ਅੰਤਰ ਜਾਂ ਭਿੰਨ ਭੇਦ ਸਮਾਜਿਕ-ਆਰਥਿਕ ਹਨ। ਇਸ ਲਈ ਭਿੰਨ-ਭੇਦ, ਵਿਤਕਰੇ-ਵਖਰੇਵੇਂ ਅਤੇ ਵੈਰ-ਵਿਰੋਧ ਪਰਮ-ਸੱਤਾ ਵਿਰੋਧੀ ਹਨ। ਇਸ ਲਈ ਨਾਮ-ਸਿਮਰਨ ਦਾ ਅਰਥ ਹੀ ਉਸ ਪਰਮ ਸੱਤਾ ਦੇ ਗੁਣਾਂ ਦਾ ਅਨੁਸਰਣ ਕਰਦਿਆਂ ਰੱਬ ਦੀ ਸਿਰਜਣਾ ਦੀ ਸਮੂਹਿਕ ਭਲਾਈ ਹੈ ਅਤੇ ਮਨੁੱਖਤਾ ਦੀ ਸੇਵਾ ਹੈ— *ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥* ਮਨੁੱਖ ਦਾ ਸੰਸਾਰ ਵਿਚ ਆਉਣ ਦਾ ਮਕਸਦ ਹੀ ਸਮਾਜਿਕ ਕਲਿਆਣ ਹੈ— *ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥* ਅਤੇ ਨਾਲ ਹੀ ਸਤਿਗੁਰੂ ਸਵਾਲ ਕਰਦੇ ਹਨ— *ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥* ਇਹ ਸਵਾਲ ਉਹ ਸਮਾਜਿਕ ਕਲਿਆਣ ਹਿੱਤ ਹੀ ਕਰਦੇ ਹਨ।

ਜਦੋਂ ਪਰਮਾਤਮਾ ਨੇ ਅਫੁਰ ਤੋਂ ਸਫੁਰ ਅਵਸਥਾ ਵਿਚ ਆਉਣਾ ਚਾਹਿਆ ਤਾਂ ਉਸ ਨੇ ਇੱਕੋ ਹੁਕਮ ਨਾਲ ਸਭ ਕੁਝ ਹੋਂਦ ਵਿਚ ਲੈ ਆਂਦਾ। ਭਾਵੇਂ ਕਿ ਬਿੱਗ-ਬੈਂਗ (Bigbang) ਦੀ ਥਿਊਰੀ ੧੯੩੧ ਈ. ਵਿਚ ਆਈ ਸੀ, ਪਰ ਗੁਰੂ ਨਾਨਕ ਪਾਤਸ਼ਾਹ ਨੇ ਕਾਫੀ ਸਮਾਂ ਪਹਿਲਾਂ ਹੀ ਕਥਨ ਕਰ ਦਿੱਤਾ ਸੀ— *ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥* ਦਿਸਦਾ ਪਸਾਰਾ ਉਸਦਾ ਸਰਗੁਣ ਸਰੂਪ ਹੈ ਜਿਸ ਨੂੰ ਅੱਖਾਂ ਨਾਲ ਵੇਖਿਆ ਜਾ ਸਕਦਾ ਹੈ ਪਰ ਉਸ ਦੇ ਨਿਰਗੁਣ ਸਰੂਪ ਨੂੰ ਮਹਿਸੂਸਿਆ ਜਾ ਸਕਦਾ ਹੈ। ਵੇਖਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਪਰਮਸੱਤਾ ਦੀ ਹੋਂਦ ਕਣ-ਕਣ ਵਿਚ ਹੈ। ਤ੍ਰਿਭਵਣ ਵਿਚ ਹੀ ਉਸ ਦੀ ਜੋਤਿ ਹੈ। ਉਸ ਦੀ ਪਛਾਣ ਨਿਮਰਤਾ ਧਾਰਨ ਕੀਤਿਆਂ ਹੀ ਹੋ ਸਕਦੀ ਹੈ, ਹਾਥੀ ਨੁਮਾ ਹੰਕਾਰ ਨਾਲ ਨਹੀਂ। ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ ਅਤੇ ਉਤਭੁਜ) ਵਿਚ ਹੀ ਉਹ ਮੌਜੂਦ ਹੈ :

*-ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥*
*ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੭)*

*-ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥*
*ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੧੭)*

ਜਦੋਂ ਸਿਧਾਂ ਨੇ ਗੁਰੂ ਜੀ ਨੂੰ ਸਵਾਲ ਪੁੱਛਿਆ ਕਿ ਉਹ ਸ਼ਬਦ ਕਿੱਥੇ ਹੈ ਜਿਸ ਰਾਹੀਂ ਸੰਸਾਰ-ਸਮੁੰਦਰ ਤਰੀਦਾ ਹੈ! ਤਾਂ ਗੁਰੂ ਜੀ ਨੇ ਉੱਤਰ ਦਿੱਤਾ ਕਿ ਉਹ ਸ਼ਬਦ ਹਰ ਥਾਂ ਭਰਪੂਰ ਹੈ। ਇੱਥੇ ਸ਼ਬਦ ਤੋਂ ਭਾਵ ਪ੍ਰਭੂ ਦੀ ਜੋਤ ਤੋਂ ਹੀ ਹੈ। ਗੁਰੂ ਸਾਹਿਬ ਅਨੁਸਾਰ ਜਿਸ ਪਾਸੇ ਵੀ ਤੱਕੋ ਉੱਥੇ ਹੀ ਉਸ ਪ੍ਰਭੂ ਦੀ ਜੋਤ ਨਜ਼ਰ ਆਉਂਦੀ ਹੈ। ਸ਼ਬਦ ਉਹੀ ਹੈ, ਜੋ ਸੰਪੂਰਨ ਸੱਤਿਆਧਾਰੀ ਪ੍ਰਭੂ ਹੈ। ਜੋ ਮਨੁੱਖ ਇਸ ਸ਼ਬਦ ਜਾਂ ਜੋਤ ਨਾਲ ਸਾਂਝ ਪਾ ਲੈਂਦਾ ਹੈ ਉਸ ਦਾ ਆਪਾ-ਭਾਵ ਮਿਟ ਜਾਂਦਾ ਹੈ। ਉਸ ਦੇ ਅੰਦਰੋਂ ਮੇਰ-ਤੇਰ ਦੂਰ ਹੋ ਜਾਂਦੀ ਹੈ :

*ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥*
*ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ ॥*
*ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥*
*ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋੁ ਮੰਨਿ ਵਸਾਏ ॥*
*ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ ॥*
*ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੪)*

ਫੁੱਲ ਅਤੇ ਸੁਗੰਧੀ ਦਾ ਆਪਸ ਵਿਚ ਅਨਿੱਖੜ੍ਵਾਂ ਰਿਸ਼ਤਾ ਹੈ। ਫੁੱਲ ਬਿਨਾਂ ਸੁਗੰਧੀ ਹੋ ਹੀ ਨਹੀਂ ਸਕਦੀ। ਫੁੱਲ ਦ੍ਰਿਸ਼ਟਮਾਨ ਹੈ। ਸੁਗੰਧੀ ਅਦ੍ਰਿਸ਼ਟ ਹੈ। ਉਸ ਨੂੰ ਵੇਖਿਆ ਨਹੀਂ ਜਾ ਸਕਦਾ ਮਹਿਸੂਸਿਆ ਜਾ ਸਕਦਾ ਹੈ। ਮਾਲਿਨੀ ਨੇ ਪਾਤੀ (ਫੁੱਲ) ਤੋੜੀ ਮੂਰਤੀ ਵਾਸਤੇ ਪਰ ਉਹ ਭੁੱਲ ਹੀ ਗਈ ਕਿ ਜਾਨ ਤਾਂ ਫੁੱਲ ਦੀ ਪੱਤੀ-ਪੱਤੀ ਵਿਚ ਹੈ ਕਿਉਂ ਕਿ ਮਾਲਣ ਵਿਚ ਉਹ ਸੰਵੇਦਨਾ ਨਹੀਂ, ਉਸ ਵਿਚ ਚਾਹੀਦੀ ਸੀ। ਇਸ ਲਈ ਟੁੱਟੇ ਹੋਏ ਫੁੱਲ 'ਚੋਂ ਸੁਗੰਧੀ ਤਾਂ ਆਵੇਗੀ ਪਰ ਕੁਝ ਇਕ ਪਲ ਤਕ ਹੀ। ਸੁਗੰਧੀ ਕਿਸੇ ਦੀ ਮੁਥਾਜ ਨਹੀਂ। ਕਿਸੇ ਦੀ ਕੈਦੀ ਨਹੀਂ। ਫੁੱਲ ਦੇ ਟੁੱਟ ਜਾਣ 'ਤੇ ਜੋਤ ਨੇ ਜੋਤ ਵਿਚ ਮਿਲ ਜਾਣਾ ਹੈ। ਫੁੱਲ ਦਾ ਕਾਰਜ ਸੁਗੰਧੀ ਦੇਣਾ ਸੀ, ਉਹ ਵੀ ਖ਼ਤਮ ਹੋ ਜਾਵੇਗਾ। ਸੁਗੰਧ ਦਾ ਕੰਮ ਹਰੇਕ ਮਨੁੱਖ ਨੂੰ ਸੁਗੰਧ ਹੀ ਦੇਣੀ ਹੈ। ਖੇੜਾ ਵੰਡਣਾ ਹੈ। ਚਾਹੇ ਕੋਈ ਵਿਅਕਤੀ ਪਾਪ ਕਰਨ ਵਾਲਾ ਹੋਵੇ ਭਾਵੇਂ ਪੁੰਨ ਕਰਨ ਵਾਲਾ। ਇਸੇ ਲਈ ਜਦੋਂ ਅਰਦਾਸ ਕਰਦੇ ਹਾਂ ਤਾਂ ਸਰਬੱਤ ਦੇ ਭਲੇ ਦੀ ਹੀ ਕੀਤੀ ਜਾਂਦੀ ਹੈ। ਹਾਂ, ਇਹ ਜ਼ਰੂਰ ਹੈ ਕਿ ਪਾਪੀ ਜਾਂ ਕੁਕਰਮੀ ਦੀ ਅਰਦਾਸ ਇਹ ਹੈ ਕਿ, ਹੇ ਪ੍ਰਭੂ! ਉਸ ਨੂੰ ਸਿੱਧੇ ਰਸਤੇ ਪਾ। ਇਹ ਆਪਣੇ ਆਪ ਵਿਚ ਆਪ-ਮੁਹਾਰੇ ਹੀ ਚਿੰਨ੍ਹਾਤਮਕ ਤੌਰ 'ਤੇ ਹੋ ਜਾਂਦੀ ਹੈ ਜਦੋਂ ਅਸੀਂ ਕਹਿ ਉਠਦੇ ਹਾਂ— "ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ

ਸਰਬੱਤ ਦਾ ਭਲਾ।" ਜਿਹੜਾ ਨੂਰ ਸਾਰਿਆਂ ਵਿਚ ਹੈ ਉਹ ਸਰਬੱਤ ਦੇ ਭਲੇ ਹਿੱਤ ਪ੍ਰੇਰਿਤ ਕਰਦਾ ਹੈ। ਇਸ ਲਈ ਮਨੁੱਖ ਦਾ ਕਾਰਜ ਵੀ ਸੁਗੰਧੀ ਅਤੇ ਨੂਰ (ਜੋਤ) ਵਾਂਗ ਸਰਬ-ਕਲਿਆਣ ਹਿੱਤ ਹੀ ਹੋਣਾ ਚਾਹੀਦਾ ਹੈ। ਇਸ ਨਾਲ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਭਾਵ ਕਿ ਜੋਤ ਨੂੰ ਜਾਣ ਲੈਣ ਨਾਲ ਮਨੁੱਖ ਵਿਸਮਾਦ ਵਿਚ ਚਲਾ ਜਾਂਦਾ ਹੈ ਅਤੇ ਦੁੱਖ ਤੇ ਸੁੱਖ ਬਰਾਬਰ ਹੋ ਜਾਂਦੇ ਹਨ ਕਿਉਂਕਿ ਇਹ ਦੋਵੇਂ ਚੀਜ਼ਾਂ ਪ੍ਰਭੂ ਦੀ ਹੀ ਦੇਣ ਹਨ:

*ਅਉਖਧੁ ਹਰਿ ਕਾ ਨਾਮੁ ਹੈ ਜਿਤੁ ਰੋਗੁ ਨ ਵਿਆਪੈ ॥*
*ਸਾਧਸੰਗਿ ਮਨਿ ਤਨਿ ਹਿਤੈ ਫਿਰਿ ਦੂਖੁ ਨ ਜਾਪੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੧੪)*

ਹੁਣ ਸਵਾਲ ਇਹ ਹੈ ਕਿ ਪਰਮ ਤੱਤ/ਪਰਮ ਸੱਤਾ ਨਾਲ ਸਾਂਝ ਕਿਵੇਂ ਪਾਈ ਜਾਵੇ? ਭਗਤ ਸ਼ੇਖ ਫਰੀਦ ਜੀ ਪ੍ਰਸ਼ਨ ਕਰਦੇ ਹਨ :

*ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥*
*ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੪)*

ਭਾਵ ਇਹ ਕਿ ਕਿਹੜਾ ਅੱਖਰ ਹੈ? ਕਿਹੜਾ ਗੁਣ ਹੈ? ਉਹ ਕਿਹੜਾ ਸ਼੍ਰੋਮਣੀ ਮੰਤਰ ਹੈ? ਅਤੇ ਉਹ ਕਿਹੜਾ ਵੇਸ ਹੈ? ਜਿਸ ਨਾਲ ਉਹ ਖਸਮ ਭਾਵ ਪ੍ਰੀਤਮ ਵੱਸ ਵਿਚ ਆ ਜਾਏ। ਉੱਤਰ ਹੈ- ਨਿਊਣਾ ਅੱਖਰ ਹੈ, ਸਹਾਰਨਾ ਗੁਣ ਹੈ, ਮਿੱਠਾ ਬੋਲਣਾ ਸ਼੍ਰੋਮਣੀ ਮੰਤਰ ਹੈ। ਜੇ ਇਹ ਤਿੰਨੇ ਵੱਸ ਕਰ ਲਏ ਜਾਣ ਤਾਂ ਖਸਮ ਵੱਸ ਵਿਚ ਆ ਜਾਵੇਗਾ:

*ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥*
*ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੪)*

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਸਾਰਿਆਂ ਵਿਚ ਵਿਚਰਦੀ ਜੋਤ/ਨੂਰ ਸਰਬੱਤ ਦੇ ਭਲੇ ਹਿੱਤ ਪ੍ਰੇਰਿਤ ਕਰਦੀ ਹੈ। ਇਹ ਪਰਮਸੱਤਾ ਕਲਿਆਣਮਈ ਹੈ। ਇਹ ਸਰਵ-ਸਮਰੱਥ ਹੈ, ਦੈਵੀ ਸ਼ਕਤੀਆਂ ਦੀ ਮਾਲਕ ਹੈ। ਸਰਬ-ਕਲਾ ਸਮਰੱਥ ਹੈ। ਇਸ ਦਾ ਨਿਸ਼ਚਿਤ ਆਕਾਰ ਨਹੀਂ। ਇਸ ਦਾ ਨਿਰਗੁਣ ਸਰੂਪ ਸਮੇਂ, ਸਥਾਨ ਤੇ ਪ੍ਰਸਥਿਤੀਆਂ ਤੋਂ ਉੱਪਰ ਹੈ। ਇਨ੍ਹਾਂ ਤੋਂ ਮੁਕਤ ਹੈ ਪਰ ਫਿਰ ਵੀ ਸਾਰੇ ਬ੍ਰਹਿਮੰਡ ਵਿਚ ਬੈਠ ਕੇ ਉਸ ਨੇ ਸਰਗੁਣ ਸਰੂਪ ਧਾਰਨ ਕੀਤਾ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਆਰਤੀ ਵਾਲੇ ਸ਼ਬਦ ਵਿਚ ਉਸ ਪਰਮੇਸ਼ਰ ਦਾ ਸਰਗੁਣ ਤੇ ਨਿਰਗੁਣ ਦੋਹਾਂ ਹੀ ਰੂਪਾਂ ਦਾ ਵਰਣਨ ਕਰਦੇ ਹਨ:

*ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥*
*ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ੧੩)*

ਇਸ ਤਰ੍ਹਾਂ ਉਸ ਪਰਮਾਤਮਾ ਜਾਂ ਪਰਮਸੱਤਾ ਦਾ ਕੋਈ ਨਿਸ਼ਚਿਤ ਆਕਾਰ ਨਹੀਂ। ਇਸੇ ਕਰ ਕੇ ਉਸ ਦੇ ਕਈ ਨਾਮ ਹਨ : ਅਕਾਲ, ਅਟਲ, ਅਰੂਪ, ਅਚਲ, ਅਲੇਖ, ਅਭੇਖ,

ਅਕਾਏ, ਅਗੰਜ (ਅਜਿੱਤ), ਅਭੇਜ (ਮਾਸ ਰਹਿਤ), ਅਕਰਮੀ, ਅਧਰਮੀ, ਅਨਾਮੀ, ਅਮਿਤੋਜ, ਅਨਾਮ, ਅਠਾਮ (ਥਾਂ ਰਹਿਤ), ਅਜੀਤ, ਅਭੀਤ, ਅਬਾਹ, ਅਢਾਹ ਆਦਿ।

ਉਸ ਪਰਮਾਤਮਾ ਦੀ ਬੋਲੀ— *ਭਾਖਿਆ ਭਾਉ ਅਪਾਰ ਹੈ* ਅਤੇ *ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ* ਉਸ ਅਕਾਲ ਪੁਰਖ ਦਾ ਹਿਰਦੇ ਵਿਚ ਪ੍ਰਕਾਸ਼ ਹੋਣ ਲਈ ਯੋਗ ਕਿਵੇਂ ਬਣਿਆ ਜਾਵੇ? ਕੂੜ ਦਾ ਪਰਦਾ ਕਿਵੇਂ ਟੁੱਟ ਸਕਦਾ ਹੈ? ਇਸ ਲਈ ਉਸ ਦੇ ਹੁਕਮ/ਰਜ਼ਾ ਵਿਚ ਤੁਰਨਾ ਜ਼ਰੂਰੀ ਹੈ :

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧)*

ਉਸ ਦੇ ਪੈਦਾ ਕੀਤੇ ਇਨਸਾਨ ਨਾਲ ਪਿਆਰ ਕਰਨ ਨਾਲ ਹੀ ਪਰਮੇਸ਼ਰ ਪਾਇਆ ਜਾਂਦਾ ਹੈ। ਜਿੱਥੇ ਪਿਆਰ, ਦਇਆ ਤੇ ਖਿਮਾ ਹੈ, ਉੱਥੇ ਹੀ ਪਰਮੇਸ਼ਰ ਹੈ। ਉਸ ਦੀ ਰਚੀ ਹੋਈ ਕੁਦਰਤ ਕਾਇਨਾਤ ਨਾਲ ਵੀ ਪਿਆਰ ਕਰਨਾ ਲਾਜ਼ਮੀ ਹੈ। ਅਸਲ ਭਗਤ ਉਹੀ ਹੈ ਜੋ ਕੁਦਰਤ ਵਾਂਗ ਰਹਿੰਦਾ ਤੇ ਵਿਚਰਦਾ ਹੈ। ਉਹ ਕੇਵਲ ਕੁਦਰਤ ਦਾ ਜੱਸ ਹੀ ਗਾਇਨ ਨਹੀਂ ਕਰਦਾ ਸਗੋਂ ਇਸ ਦੇ ਗੁਣਾਂ, ਲੱਛਣਾਂ ਤੇ ਵਿਸ਼ੇਸ਼ਤਾਈਆਂ ਨੂੰ ਹਰ ਸੰਭਵ ਹੱਦ ਤਕ ਸਮਝਦਾ ਤੇ ਮਨੁੱਖ ਦੇ ਚੰਗੇਰੇ ਭਵਿੱਖ ਲਈ ਖਰਚਦਾ ਵਰਤਦਾ ਵੀ ਹੈ।

ਉਸ ਪਰਮਸੱਤਾ ਦੇ ਗੁਣਾਂ ਦਾ ਆਤਮਸਾਤ ਕਰਦਿਆਂ ਮਨੁੱਖੀ ਹਿਰਦੇ ਵਿਚ ਸਹਿਜ, ਸੰਤੋਖ ਅਤੇ ਸਤ ਆਦਿ ਗੁਣਾਂ ਦਾ ਵਾਸਾ ਹੋ ਜਾਂਦਾ ਹੈ ਤੇ ਉਸ ਦੇ ਭਾਣੇ ਵਿਚ ਚੱਲਣਾ ਆ ਜਾਂਦਾ ਹੈ। ਮਨੁੱਖ ਜਨਮ-ਮਰਨ ਦੇ ਡਰ ਤੋਂ ਮੁਕਤ ਹੋ ਜਾਂਦਾ ਹੈ। ਇਹੀ ਪਰਮੇਸ਼ਰ ਦੇ ਮਿਲਣ ਦੀ ਨਿਸ਼ਾਨੀ ਹੈ:

*ਪ੍ਰਭ ਮਿਲਣੈ ਕੀ ਏਹ ਨੀਸਾਣੀ ॥*
*ਮਨਿ ਇਕੋ ਸਚਾ ਹੁਕਮੁ ਪਛਾਣੀ ॥*
*ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥*
*ਹਥੀ ਦਿਤੀ ਪ੍ਰਭਿ ਦੇਵਣਹਾਰੈ ॥*
*ਜਨਮ ਮਰਣ ਰੋਗ ਸਭਿ ਨਿਵਾਰੇ ॥*
*ਨਾਨਕ ਦਾਸ ਕੀਏ ਪ੍ਰਭਿ ਅਪੁਨੇ ਹਰਿ ਕੀਰਤਨਿ ਰੰਗ ਮਾਣੇ ਜੀਉ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੬)*

ਅਸਲ ਵਿਚ ਹੁਕਮ ਵਿਚ ਚੱਲਣ ਨਾਲ ਪਰਮੇਸ਼ਰ ਦਾ ਭੇਦ ਪਤਾ ਲੱਗਦਾ ਹੈ। ਉਸ ਦਾ ਰਹੱਸ ਪਤਾ ਲੱਗਦਾ ਹੈ। ਪਰਮੇਸ਼ਰ ਦੇ ਭੇਦ ਦਾ ਪਤਾ ਚੱਲਣ ਨਾਲ ਹੁਕਮ/ਭਾਣੇ ਵਿਚ ਚੱਲਣਾ ਆ ਜਾਂਦਾ ਹੈ :

*ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥*
*ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੮੫)* ■

*ਪਹਿਲੀ ਸ਼ਤਾਬਦੀ ਨੂੰ ਸਮਰਪਿਤ*

# ਰਾਜਸੀ ਕੈਦੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਵੱਲੋਂ ਰਾਜ ਮੁੰਦਰੀ ਜੇਲ੍ਹ ਵਿੱਚੋਂ ਚਿੱਠੀ ਪੱਤਰ ਦੀ ਅਰੰਭਤਾ

*-ਸ. ਜੈਤੇਗ ਸਿੰਘ ਅਨੰਤ**

ਭਾਈ ਸਾਹਿਬ ਭਾਈ ਰਣਧੀਰ ਸਿੰਘ ਸਿੱਖ ਕੌਮ ਦੇ ਬੇਨਿਆਜ਼ ਹਸਤੀ ਹੋਏ ਹਨ। ਖਾਲਸਾ ਪੰਥ ਵੱਲੋਂ ਸੰਨ ੧੯੩੧ ਈ. ਨੂੰ 'ਸੋਨ ਚਿੜੀ' ਦਾ ਸਰਵਉੱਚ ਖਿਤਾਬ ਪ੍ਰਦਾਨ ਕੀਤਾ ਹੈ ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਖਾਲਸਾ ਪੰਥ ਨੂੰ ਸਮਰਪਿਤ ਕੀਤਾ। ਉਹ ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀਆਂ ਵਿੱਚੋਂ ਇਕ ਸਨ। ਪੰਜਾਬ ਦੀ ਗ਼ਦਰ ਲਹਿਰ ਦੇ ਮਹਾਨ ਨਾਇਕ ਤੇ ਅਖੰਡ ਕੀਰਤਨੀ ਜਥੇ ਦੇ ਵੀ ਜਨਮ-ਦਾਤਾ ਸਨ। ਉਹ ਇਕ ਬਹੁਪੱਖੀ ਪ੍ਰਤਿਭਾ ਦੇ ਮਾਲਕ, ਨਾਮ ਬਾਣੀ ਦੇ ਰਸੀਆ, ਗਿਆਨ ਦੇ ਭੰਡਾਰ, ਗੁਰਮਤਿ ਮਾਰਗ ਦੇ ਪਾਂਧੀ, ਸਿਦਕ ਸਿਰੜ ਦੀ ਮੂਰਤ, ਕਹਿਣੀ ਤੇ ਕਰਨੀ ਦੇ ਸੂਰੇ ਸਨ। ਉਨ੍ਹਾਂ ਦੀ ਜ਼ਿੰਦਗੀ ਦਾ ਹਰ ਪੱਖ ਬਹੁਤ ਖ਼ੂਬਸੂਰਤ ਤੇ ਪ੍ਰੇਰਨਾਦਾਇਕ ਸੀ। ਉਹ ਗੁਰੂ ਗ੍ਰੰਥ ਤੇ ਗੁਰੂ ਪੰਥ, ਸੰਗਤ ਤੇ ਪੰਗਤ ਤੇ ਨਾਮ ਅਭਿਆਸ ਦੇ ਸਿਧਾਂਤ 'ਤੇ ਖਰੇ ਉਤਰਨ ਵਾਲੇ ਇਕ ਪੱਕੇ ਸਿੱਖ ਸਨ।

ਆਪ ੭ ਜੁਲਾਈ, ੧੮੭੮ ਈ. ਦਿਨ ਐਤਵਾਰ ਨੂੰ ਪਿਤਾ ਸ. ਨੱਥਾ ਸਿੰਘ ਅਤੇ ਮਾਤਾ ਪੰਜਾਬ ਕੌਰ ਜੀ ਦੇ ਘਰ ਪਿੰਡ ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ ਵਿਖੇ ਪੈਦਾ ਹੋਏ। ਉਨ੍ਹਾਂ ਨੂੰ ਸਿੱਖੀ ਵਿਰਾਸਤ ਤੋਂ ਮਿਲੀ। ਜ਼ਿੰਦਗੀ ਦਾ ਮੁੱਖ ਸਿਧਾਂਤ ਕੀਰਤਨ ਤੇ ਚਿੰਤਨ ਸਨ। ਨੌਜਵਾਨ ਵਰਗ ਲਈ ਆਪ ਮਾਰਗ-ਦਰਸ਼ਕ ਸਨ। ਮਾਲਵਾ ਖਾਲਸਾ ਸਕੂਲ ੧੮ ਨਵੰਬਰ, ੧੯੦੮ ਈ. ਨੂੰ ਜਾਰੀ ਹੋਇਆ। ਸੰਨ ੧੯੦੯ ਤੋਂ ਲੈ ਕੇ ਸੰਨ ੧੯੧੪ ਤਕ ਭਾਈ ਸਾਹਿਬ ਰਣਧੀਰ ਸਿੰਘ ਸਕੂਲ ਦੇ ਬੋਰਡਿੰਗ ਹਾਊਸ ਵਿਚ ਕੀਰਤਨ ਕਰਿਆ ਕਰਦੇ ਸਨ। ਇਸ ਸਕੂਲ ਦੀ ਇਕ ਭੁਜੰਗੀ ਸਭਾ ਬਣੀ ਹੋਈ ਸੀ, ਉਸ ਦੇ ਸਕੱਤਰ ਨਾਹਰ ਸਿੰਘ ਗੁਜਰਵਾਲ ਸਨ। ਸਾਰੇ ਵਿਦਿਆਰਥੀ ਖੰਡੇ-ਬਾਟੇ ਦੀ ਪਾਹੁਲ ਛਕ ਕੇ ਅੰਮ੍ਰਿਤਧਾਰੀ ਹੋ ਗਏ ਸਨ। ਇੱਥੋਂ ਹੀ ਗਿਆਨੀ ਨਾਹਰ ਸਿੰਘ, ਭਾਈ ਰਣਧੀਰ ਸਿੰਘ ਦੀ ਅੱਖ ਦਾ ਤਾਰਾ ਬਣ ਗਿਆ। ਉਹ ਭਾਈ ਸਾਹਿਬ ਵੱਲੋਂ ਹਰ ਇਕੱਠ 'ਤੇ ਮੀਟਿੰਗ ਵਿਚ ਜਾਣਾ ਆਪਣਾ ਸੁਭਾਗ ਸਮਝਦਾ ਸੀ।

੩੦ ਮਈ, ੧੯੧੪ ਈ. ਨੂੰ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਦੀਵਾਰ ਸਬੰਧੀ ਲੰਡਾ ਬਾਜ਼ਾਰ, ਲਾਹੌਰ ਵਿਖੇ ਇਕ ਵਿਸ਼ੇਸ਼ ਦੀਵਾਨ ਲੱਗਾ। ਉਸ ਵਿਚ ਭਾਈ ਸਾਹਿਬ ਰਣਧੀਰ ਸਿੰਘ ਵਿਸ਼ੇਸ਼ ਤੌਰ 'ਤੇ ਪੁੱਜੇ ਸਨ। ਇਸ ਦੀਵਾਨ ਵਿਚ ਭਾਈ ਸਾਹਿਬ ਦੇ ਨਿਕਟਵਰਤੀ ਹੈੱਡ ਮਾਸਟਰ ਧਰਮ ਸਿੰਘ, ਪ੍ਰਿੰਸੀਪਲ ਇਕਬਾਲ ਸਿੰਘ,

**Surrey, Canada. Contact No. 001-7783858141*

ਭਾਈ ਸੁੰਦਰ ਸਿੰਘ ਘੁਮਾਣ ਤੇ ਗਿਆਨੀ ਨਾਹਰ ਸਿੰਘ ਗੁਜਰਵਾਲ ਨੇ ਵੀ ਆਪਣੀ ਹਾਜ਼ਰੀ ਲੁਆਈ।

ਫਿਰੋਜ਼ਪੁਰ ਛਾਉਣੀ ਗ਼ਦਰ ਐਕਸ਼ਨ ਤੋਂ ਪਹਿਲਾਂ ਮਾਲਵੇ ਇਲਾਕੇ ਵਿਚ ਗਦਰੀਆਂ ਦਾ ਭਰਵਾਂ ਇਕੱਠ ੧੪ ਫਰਵਰੀ, ੧੯੧੫ ਈ. ਨੂੰ ਪਿੰਡ ਗੁਜਰਵਾਲ ਵਿਖੇ ਹੋਇਆ। ਜਿੱਥੇ ਭਾਈ ਈਸ਼ਰ ਸਿੰਘ ਢੁਡੀਕੇ, ਭਾਈ ਉਤਮ ਸਿੰਘ ਹਾਂਸ, ਭਾਈ ਸਾਹਿਬ ਰਣਧੀਰ ਸਿੰਘ, ਭਾਈ ਹਰਨਾਮ ਸਿੰਘ ਗੁਜਰਵਾਲ, ਭਾਈ ਮੁਲਤਾਨ ਸਿੰਘ ਨਾਰੰਗਵਾਲ ਤੇ ਗਿਆਨੀ ਨਾਹਰ ਸਿੰਘ ਗੁਜਰਵਾਲ ਇਸ ਇਕੱਠ ਵਿਚ ਸ਼ਾਮਲ ਹੋਏ ਜਿਸ ਵਿਚ ਫਿਰੋਜ਼ਪੁਰ ਐਕਸ਼ਨ ਪਲੈਨ 'ਤੇ ਵਿਚਾਰਾਂ ਕੀਤੀਆਂ। ਇਹ ਇਕ ਇਤਿਹਾਸਿਕ ਭਰਵੀਂ ਇਕੱਤਰਤਾ ਸੀ।

੧੯ ਫਰਵਰੀ, ੧੯੧੫ ਈ. ਨੂੰ ਗ਼ਦਰ ਲਹਿਰ ਦੀ ਸ਼ਮੂਲੀਅਤ ਤੇ ਫਿਰੋਜ਼ਪੁਰ ਛਾਉਣੀ ਵਿਖੇ ਕਬਜ਼ਾ ਕਰਨ ਦੀ ਪਲਾਨ ਸੀ। ਗਿਆਨੀ ਨਾਹਰ ਸਿੰਘ ਗੁਜਰਵਾਲ ਤੇ ਮਾਲਵਾ ਖਾਲਸਾ ਸਕੂਲ ਦੀ ਭੁਜੰਗੀ ਸਭਾ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਪਰ ਇਹ ਐਕਸ਼ਨ ਅਸਫਲ ਹੋਣ ਕਰਕੇ ਫੜੋ ਫੜੀ ਦਾ ਦੌਰ ਸ਼ੁਰੂ ਹੋ ਗਿਆ। ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ੯ ਮਈ, ੧੯੧੫ ਈ. ਨੂੰ ਨਾਭੇ ਤੋਂ ਗ੍ਰਿਫ਼ਤਾਰ ਕਰ ਲਿਆ। ਇਸੇ ਤਰ੍ਹਾਂ ਗਿਆਨੀ ਨਾਹਰ ਸਿੰਘ ਗੁਜਰਵਾਲ ਨੂੰ ੨੫ ਜੂਨ, ੧੯੧੫ ਈ. ਨੂੰ ਗ੍ਰਿਫ਼ਤਾਰ ਕਰ ਲਿਆ। ੨੭ ਜੂਨ, ੧੯੧੫ ਈ. ਨੂੰ ਇਨ੍ਹਾਂ ਸਾਰਿਆਂ ਨੂੰ ਰੇਲ ਗੱਡੀ ਰਾਹੀਂ ਲਾਹੌਰ ਲਿਜਾਇਆ ਗਿਆ। ੨੯ ਅਕਤੂਬਰ, ੧੯੧੫ ਈ. ਨੂੰ ਸਾਰੇ ਕੈਦੀਆਂ 'ਤੇ ਮੁਕੱਦਮਾ ਸ਼ੁਰੂ ਹੋਇਆ। ਜਿਸ ਦਾ ਫੈਸਲਾ ੩੦ ਮਾਰਚ, ੧੯੧੬ ਈ. ਲਾਹੌਰ ਵਿਖੇ ਜੇਲ੍ਹ ਅੰਦਰ ਹੀ ਤਿੰਨ ਜੱਜਾਂ ਦੀ ਅਦਾਲਤ ਨੇ ਕੀਤਾ। ਆਪ ਸਾਰਿਆਂ ਨੂੰ ਲਾਹੌਰ ਸਾਜ਼ਿਸ਼ ਕੇਸ ਵਿਚ ਧਰ ਲਿਆ। ਆਪ ਨੂੰ ਉਮਰ ਕੈਦ, ਕਾਲੇ ਪਾਣੀ ਦੀ ਸਜ਼ਾ ਤੇ ਜਾਇਦਾਦ ਜ਼ਬਤ ਦਾ ਹੁਕਮ ਹੋਇਆ। ਗਿਆਨੀ ਨਾਹਰ ਸਿੰਘ ਦੀ ਉਮਰ ਛੋਟੀ ਹੋਣ ਕਾਰਨ ਸਜ਼ਾ ਘਟਾ ਕੇ ੫ ਸਾਲ ਸਖ਼ਤ ਕੈਦ ਕਰ ਦਿੱਤੀ। ਗਿਆਨੀ ਨਾਹਰ ਸਿੰਘ ੪ ਅਪ੍ਰੈਲ ਨੂੰ ਮਿੰਟਗੁਮਰੀ ਜੇਲ੍ਹ ਭੇਜ ਦਿੱਤੇ, ਜਿੱਥੋਂ ਉਹ ੧੫ ਅਪ੍ਰੈਲ, ੧੯੧੯ ਈ. ਨੂੰ ਰਿਹਾਅ ਹੋ ਕਿ ਪਿੰਡ ਗੁਜਰਵਾਲ ਆ ਗਏ।

ਭਾਈ ਸਾਹਿਬ ਭਾਈ ਰਣਧੀਰ ਸਿੰਘ ੪ ਅਪ੍ਰੈਲ, ੧੯੧੬ ਈ. ਤੋਂ ਅੱਧ ਜੁਲਾਈ ੧੯੧੬ ਈ. ਤਕ ਮੁਲਤਾਨ ਜੇਲ੍ਹ, ੧੬ ਜੁਲਾਈ, ੧੯੧੬ ਈ. ਤੋਂ ਅਕਤੂਬਰ ੧੯੨੧ ਤਕ ਹਜ਼ਾਰੀ ਬਾਗ਼ ਜੇਲ੍ਹ ਵਿਚ ਫਰੰਗੀ ਸਰਕਾਰ ਦੀਆਂ ਸਖ਼ਤੀਆਂ ਦੇ ਉਤਰਾਅ ਚੜ੍ਹਾਅ ਨੂੰ ਗੁਰੂ ਦੇ ਭਾਣੇ ਵਿਚ ਰਹਿ ਕੇ ਜਰਦੇ ਰਹੇ। ਐਪਰ ਅਕਤੂਬਰ ੧੯੨੧ ਈ. ਵਿਚ ਆਂਧਰਾ ਪ੍ਰਦੇਸ਼ ਦੀ ਰਾਜਮੁੰਦਰੀ ਜੇਲ੍ਹ ਵਿਚ ਆ ਗਏ।

**ਰਾਜਮੁੰਦਰੀ ਜੇਲ੍ਹ ਜਿੱਥੋਂ ਚਿੱਠੀਆਂ ਦਾ ਆਗਾਜ਼ ਹੋਇਆ:-** ਆਂਧਰਾ ਪ੍ਰਦੇਸ਼ ਦੇ ਰਾਜ ਵਿਚ ਰਾਜਮੁੰਦਰੀ ਵਿਖੇ ਦੇਸ਼ ਦੀ ਪੰਜਵੀਂ ਵੱਡੀ ਜੇਲ੍ਹ ਮੰਨਿਆ ਜਾਂਦਾ ਹੈ। ਜਿਸ

ਨੂੰ ਸੰਨ ੧੬੦੨ ਨੂੰ ਡਚ ਨੇ ਰਾਜਮੁੰਦਰੀ ਅੰਦਰ ਇਕ ਵਿਸ਼ਾਲ ਕਿਲ੍ਹੇ ਦੇ ਰੂਪ ਵਿਚ ਸਥਾਪਿਤ ਕੀਤਾ। ਬ੍ਰਿਟਿਸ਼ ਸਰਕਾਰ ਦੇ ਆ ਜਾਣ ਨਾਲ ੧੮੬੪ ਈ. ਵਿਚ ਇਸ ਕਿਲ੍ਹੇ ਨੇ ਜੇਲ੍ਹ ਦਾ ਰੂਪ ਧਾਰਨ ਕਰ ਲਿਆ ਜਿਸ ਨੇ ੧੮੭੦ ਈ. ਵਿਚ ਕੇਂਦਰੀ ਜੇਲ੍ਹ ਦਾ ਰੂਪ ਅਖ਼ਤਿਆਰ ਕਰ ਲਿਆ। ਭਾਈ ਸਾਹਿਬ ਭਾਈ ਰਣਧੀਰ ਸਿੰਘ ਅਕਤੂਬਰ ੧੯੨੧ ਈ. ਵਿਚ ਰਾਜਮੁੰਦਰੀ ਜੇਲ੍ਹ ਵਿਚ ਪੁੱਜੇ। ਇਸ ਜੇਲ੍ਹ ਵਿਚ ਹੀ ਭਾਈ ਸਾਹਿਬ ਨੇ 'ਗੁਰਮਤਿ ਬਿਬੇਕ' ਪੁਸਤਕ ਦੀ ਰਚਨਾ ਕੀਤੀ। ਇਸ ਜੇਲ੍ਹ ਤੋਂ ਹੀ 'ਜੇਲ੍ਹ ਚਿੱਠੀਆਂ' ਚਿੱਠੀ ਪੱਤਰ ਦੀ ਅਰੰਭਤਾ ਕੀਤੀ ਗਈ।

ਸੰਨ ੧੯੨੨ ਅੱਜ ਤੋਂ ਸੌ ਸਾਲ ਪਹਿਲਾਂ ਰਾਜਮੁੰਦਰੀ ਜੇਲ੍ਹ 'ਚੋਂ ਹੀ ਭਾਈ ਸਾਹਿਬ ਰਣਧੀਰ ਸਿੰਘ ਨੇ ਪਹਿਲੀ ਚਿੱਠੀ ੧੯ ਮਾਰਚ, ੧੯੨੨ ਈ. ਨੂੰ ਆਪਣੇ ਅੱਤ ਪਿਆਰੇ ਸਨੇਹੀ ਗਿਆਨੀ ਨਾਹਰ ਸਿੰਘ ਗੁਜਰਵਾਲ ਨੂੰ ਲਿਖੀ। ਦੂਜੀ ਚਿੱਠੀ ੨੪ ਮਾਰਚ, ੧੯੨੨ ਈ. ਤੇ ਤੀਜੀ ਚਿੱਠੀ ੩੦ ਮਾਰਚ, ੧੯੨੨ ਈ. ਨੂੰ ਲਿਖੀ ਗਈ। ਇਕ ਮਹੀਨੇ ਵਿਚ ਤਿੰਨ ਚਿੱਠੀਆਂ ਲਿਖੀਆਂ ਗਈਆਂ ਜੋ ਵੱਖੋ-ਵੱਖ ਦੋ ਲਫ਼ਾਫ਼ਿਆਂ ਵਿਚ ਗੁਜਰਵਾਲ ਪੁੱਜੀਆਂ। ਜਿਨ੍ਹਾਂ ਨੇ ਵੀ ਇਹ ਚਿੱਠੀਆਂ ਸੁਣੀਆਂ ਜਾਂ ਪੜ੍ਹੀਆਂ ਹਨ, ਉਹ ਅਸ਼-ਅਸ਼ ਕਰ ਉਠੇ ਹਨ ਕਿਉਂਕਿ ਇਨ੍ਹਾਂ ਵਿਚ ਕੁਝ ਖ਼ਾਸ ਖ਼ੂਬੀਆਂ ਸਨ :-

**੧.** ਉੱਚ ਆਤਮਿਕ ਰੰਗਾਂ ਦੇ ਪੇਖੀ ਪਰਖੀ ਹੋਈ ਆਪ ਬੀਤੀ ਵਾਰਤਾ ਹੈ ਜੋ ਨਾਮ ਬਾਣੀ ਦੇ ਪ੍ਰਤਾਪ ਨੂੰ ਦ੍ਰਿੜ੍ਹਾਉਂਦੀ ਤੇ ਗੁਰਮਤਿ ਪਰ ਸ਼ਰਧਾ ਤੇ ਭਾਵਨੀ ਵਧਾਉਂਦੀ ਹੈ।

**੨.** ਗੁਰਮਤਿ ਦੀਆਂ ਗੁੱਝੀਆਂ ਰਮਜ਼ਾਂ ਤੇ ਨਾਮ ਸਿਮਰਨ ਆਦਿ ਦੀ ਐਸੀ ਰਸਦਾਇਕ ਅਚਰਜ ਵਿਆਖਿਆ ਹੈ, ਜੋ ਬਿਨਾਂ ਨਾਮ ਬਾਣੀ ਦੇ ਰਸ-ਲੀਨ ਤੋਂ ਸਫੁਰਨ ਹੋਣੀ ਅਸੰਭਵ ਹੈ।

**੩.** ਸਿੱਖ ਇਤਿਹਾਸ ਦੇ ਨੁਕਤਾ ਨਿਗਾਹ ਨਾਲ ਇਹ ਇਕ ਦੁਰਲੱਭ ਦਸਤਾਵੇਜ਼ ਹੈ। ਸ਼ਾਇਦ ਹੀ ਇਸ ਤਰ੍ਹਾਂ ਦੀਆਂ ਤਜ਼ਰਬੇ ਵਿਚ ਆਈਆਂ ਉੱਚ ਆਤਮਿਕ ਗੱਲਾਂ ਕਿਸੇ ਨੇ ਇਉਂ ਰਸ-ਭਿੰਨੀ ਵਾਕ ਰਚਨਾ ਵਿਚ ਲਿਖੀਆਂ ਹੋਣਗੀਆਂ।

ਮੁੱਕਦੀ ਗੱਲ ਇਹ ਕਿ ਇਨ੍ਹਾਂ ਚਿੱਠੀਆਂ ਦਾ ਇਹ ਮਜਮੂਨ ਧਾਰਮਿਕ, ਇਤਿਹਾਸਿਕ ਤੇ ਸਾਹਿਤਕ ਨੁਕਤਾ ਖਿਆਲ ਨਾਲ ਇਕ ਦੁਰਲੱਭ ਚੀਜ਼ ਹੈ ਜੋ ਸ੍ਰੀਮਾਨ ਭਾਈ ਸਾਹਿਬ ਨੂੰ ਅਨੁਭਵ (Experience) ਦੁਆਰਾ ਸਫੁਰਨ ਹੋ ਕੇ ਕਲਮ ਦੁਆਰਾ ਪ੍ਰਗਟ ਹੋਇਆ। ਇਨ੍ਹਾਂ ਵਿਚ ਦੱਸਿਆ ਗਿਆ ਹੈ ਕਿ ਨਾਮ ਦੀ ਖੋਜ ਤੇ ਪ੍ਰਾਪਤੀ ਤੋਂ ਬਾਅਦ ਜੋਤ ਸਰੂਪੀ ਦਰਸ਼ਨ ਕਿਵੇਂ ਹੋਏ। ਇਸ ਤਰ੍ਹਾਂ ਦੀਆਂ ਹੋਰ ਭੀ ਕਈ ਗੁਰਮਤਿ ਦੇ ਉੱਚ ਭਾਵ ਦੀਆਂ ਗੱਲਾਂ ਹਨ।

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਕੁੱਲ ੨੫ ਇਤਿਹਾਸਿਕ ਚਿੱਠੀਆਂ ਲਿਖੀਆਂ ਜਿਸ ਦਾ ਮੁੱਢ ਰਾਜਮੁੰਦਰੀ ਜੇਲ੍ਹ ਵਿੱਚੋਂ ਹੋਇਆ। ਇਹ ਆਪ ਦੀ ਕਰਮ-

ਭੂਮੀ ਸੀ। ਇਹ ਸਾਰੀਆਂ ਚਿੱਠੀਆਂ ਭਾਈ ਸਾਹਿਬ ਨੇ ਆਪਣੇ ਇਕ ਅਜਿਹੇ ਮਿੱਤਰ ਜੋ ਰਾਜਸੀ ਕੈਦੀ ਦੇ ਤੌਰ 'ਤੇ ਖ਼ੁਦ ਲਾਹੌਰ ਸਾਜ਼ਿਸ਼ ਕੇਸ ਦੇ ਤਹਿਤ ਕੈਦ ਕੱਟ ਕੇ ਆਪਣੇ ਪਿੰਡ ਆ ਗਿਆ ਸੀ। ਇਹ ਕੋਈ ਹੋਰ ਨਹੀਂ ਬਲਕਿ ਨਾਹਰ ਸਿੰਘ ਗੁਜਰਵਾਲ ਸੀ। ਜੋ ਭਾਈ ਸਾਹਿਬ ਦਾ ਅੱਤ ਵਿਸ਼ਵਾਸਪਾਤਰ ਨਿਕਟਵਰਤੀ ਤੇ ਉਨ੍ਹਾਂ ਦੇ ਜੀਵਨ ਦੇ ਬਿਖਰੇ ਰਾਹਾਂ 'ਤੇ ਤੁਰਨ ਵਾਲਾ ਉਨ੍ਹਾਂ ਦਾ ਅੱਤ ਪਿਆਰਾ ਸਨੇਹੀ ਮਿੱਤਰ ਗਿਆਨੀ ਨਾਹਰ ਸਿੰਘ ਗੁਜਰਵਾਲ ਸਨ ਜਿਨ੍ਹਾਂ ਨੇ ਆਪਣੀ ਸੰਪਾਦਨਾ ਹੇਠ ਹੀ ਜੇਲ੍ਹ ਚਿੱਠੀਆਂ ਦਾ ਮਹਾਨ ਕਾਰਜ ਕੀਤਾ।

ਇਹ ਚਿੱਠੀਆਂ ਦਾ ਅਦਾਨ-ਪ੍ਰਦਾਨ ਗੁਪਤ ਢੰਗ ਨਾਲ ਚੱਲਦਾ ਗਿਆ। ਪੁਲਿਸ ਨੂੰ ਇਸ ਗੱਲ ਦੀ ਸੂਹ ਲੱਗ ਗਈ ਤੇ ਉਹ ਚਿੱਠੀਆਂ ਦੀ ਤਲਾਸ਼ ਕਰਨ ਲਈ ਸਰਗਰਮ ਰਹੀ। ਗਿਆਨੀ ਨਾਹਰ ਸਿੰਘ ਦੇ ਪਿੰਡ ਇਕ ਸੂਹੀਆ (ਜਾਸੂਸ) ਉਨ੍ਹਾਂ ਦੇ ਸਫ਼ਰ ਦੇ ਦੌਰਾਨ ਵਿਚ ਵੀ ਨਾਲ ਰਹਿੰਦਾ। ਪੁਲਿਸ ਵਾਲੇ ਅਕਸਰ ਆਪਣੀ ਬੋਲੀ ਵਿਚ ਗਿਆਨੀ ਨਾਹਰ ਸਿਘ ਨੂੰ 'ਲੀਡਰਾਂ ਦਾ ਲੈਟਰ ਬਾਕਸ' (Leader's Letter Box) ਕਿਹਾ ਕਰਦੇ ਸਨ। ਜਦੋਂ ਗਿਆਨੀ ਨਾਹਰ ਸਿੰਘ ਜੀ ਆਪਣੇ ਸਪੁੱਤਰ ਸਰਦੂਲ ਸਿੰਘ ਜੀ ਪਾਸ ਅੰਬਾਲੇ ਵਿਖੇ ਸਨ ਤਾਂ ਭਾਈ ਸਾਹਿਬ ਦਾ ਚਿੱਠੀਆਂ ਦਾ ਬੇਸ਼ਕੀਮਤੀ ਖ਼ਜ਼ਾਨਾ ਪੰਜਾਬ ਵਿਚ ਆਏ ਹੜ੍ਹਾਂ ਨਾਲ ਨੁਕਸਾਨੇ ਘਰ ਦੇ ਸਾਮਾਨ ਨਾਲ ਨਸ਼ਟ ਹੋ ਗਿਆ।

ਗਿਆਨੀ ਨਾਹਰ ਸਿੰਘ ਜੀ ਨੇ ਜੇਲ੍ਹ ਚਿੱਠੀਆਂ ਦਾ ਪਹਿਲਾ ਹਿੱਸਾ ਸੰਨ ੧੯੩੬ ਤੇ ਦੂਜਾ ਹਿੱਸਾ ਸੰਨ ੧੯੩੭, ਤੀਜਾ ਹਿੱਸਾ ਸੰਨ ੧੯੩੮, ਦੂਜੀ ਵਾਰ ਤਿੰਨੇ ਹਿੱਸੇ ਇਕ ਜਿਲਦ ਵਿਚ ਸੰਨ ੧੯੫੧, ਤੀਜੀ ਵਾਰ ਤਿੰਨੇ ਹਿੱਸੇ ਸੰਨ ੧੯੫੬ ਵਿਚ ਛਾਪੇ। ਇਸੇ ਤਰ੍ਹਾਂ ਵੱਡੀ ਗਿਣਤੀ ਵਿਚ ਇਸ ਦੀ ਪ੍ਰਕਾਸ਼ਨ ਹੁੰਦੀ ਰਹੀ ਜਿਸ ਨੂੰ ਅਕਤੂਬਰ ੨੦੧੬ ਈ. ਨੂੰ ਡੀ. ਟੀ. ਐਫ. ਪ੍ਰਕਾਸ਼ਨ, ਬਰਮਿੰਘਮ (ਇੰਗਲੈਂਡ) ਵੱਲੋਂ ਭਾਈ ਮਦਨ ਸਿੰਘ ਨੇ ਵੱਡੀ ਗਿਣਤੀ ਵਿਚ ਪ੍ਰਕਾਸ਼ਿਤ ਕੀਤਾ ਅਤੇ ਗੁਰੂ ਦੀਆਂ ਖ਼ੁਸ਼ੀਆਂ ਦੇ ਪਾਤਰ ਬਣੇ। 'ਜੇਲ੍ਹ ਚਿੱਠੀਆਂ' ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜੀਵਨ ਦਾ ਅਜਿਹਾ ਅਦੁੱਤੀ ਸ਼ਾਹਕਾਰ ਹੈ ਜਿਸ ਨੂੰ ਪੜ੍ਹ ਕੇ ਪਾਠਕਾਂ ਵਿਚ ਇਕ ਨਵੀਂ ਜਗਿਆਸਾ ਪ੍ਰੇਰਨਾ ਤੇ ਮਾਰਗ-ਦਰਸ਼ਨ ਪੈਦਾ ਹੁੰਦਾ ਹੈ। ਗੁਰਸਿੱਖੀ ਦੇ ਸੰਸਕਾਰ, ਗਿਆਨ ਦੀਆਂ ਕਣੀਆਂ, ਗੁਰਮਤਿ ਗਾਡੀ ਰਾਹ, ਨਾਮ ਰੰਗਾਂ ਵਿਚ ਰੰਗਿਆ ਭਾਈ ਸਾਹਿਬ ਜੀ ਦਾ ਨਾਮ ਪੰਜਾਬੀ ਸਾਹਿਤ ਵਿਚ ਸਦਾ ਧਰੂਵ ਤਾਰੇ ਵਾਂਗ ਚਮਕਦਾ ਰਹੇਗਾ। ਭਾਈ ਸਾਹਿਬ ਦੀ ਪੁਸਤਕ 'ਜੇਲ ਚਿੱਠੀਆਂ' ਪਿਛਲੀ ਸਦੀ ਦੀ ਸਭ ਤੋਂ ਚਰਚਿਤ ਪੁਸਤਕ ਮੰਨੀ ਜਾ ਚੁੱਕੀ ਹੈ। ਇਹ ਜੇਲ੍ਹਾਂ ਵਿਚ ਉਨ੍ਹਾਂ ਦਾ ਜੀਵਨ ਬਿਰਤਾਂਤ ਹੀ ਨਹੀਂ ਸਗੋਂ ਇਕ ਕਿਸਮ ਦੀ ਸਵੈ-ਜੀਵਨੀ ਵੀ ਹੈ।

ਅੱਜ ਮਾਰਚ ੨੦੨੨ (ਲੇਖ ਲਿਖਣ ਤਕ) ਚੱਲ ਰਿਹਾ ਹੈ। ਇਹ ਚਿੱਠੀ ਪੱਤਰ

ਦਾ ਇਕ ਸੌ ਸਾਲ ਜਾਂ ਪਹਿਲੀ ਸ਼ਤਾਬਦੀ 'ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਤੇ ਗਿਆਨੀ ਨਾਹਰ ਸਿੰਘ ਦੀ ਸ਼ਖ਼ਸੀਅਤ ਨੂੰ ਨਤਮਸਤਕ ਹੁੰਦੇ ਹਾਂ ਜਿਨ੍ਹਾਂ ਨੇ 'ਜੇਲ੍ਹ ਚਿੱਠੀਆਂ' ਨੂੰ ਅਮਰ ਕਰ ਦਿੱਤਾ।

ਪਾਠਕਾਂ ਲਈ 'ਜੇਲ੍ਹ ਚਿੱਠੀਆਂ' ਦੀ ਪਹਿਲੀ ਚਿੱਠੀ ਜੋ ੧੯ ਮਾਰਚ, ੧੯੨੨ ਈ. ਨੂੰ ਲਿਖੀ ਸੀ, ਪੇਸ਼ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ :-

**ੴ ਵਾਹਿਗੁਰੂ ਜੀ ਕੀ ਫ਼ਤਹ॥**

ਰਾਜ ਮੁੰਦਰੀ
੧੯ ਮਾਰਚ ੧੯੨੨

ਮੇਰੇ ਪਰਮ ਹਿਤੂ ਵੀਰ ਪਿਆਰੇ ਸ੍ਰੀ ਮਾਨ ਭਾ: ਨਾਹਰ ਸਿੰਘ ਜੀ!

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ॥

ਆਪ ਨੇ ਇਸ਼ਾਰੇ ਮਾਤਰ ਜੋ ਬਾਹਰ ਦੀ ਦਸ਼ਾ ਦਸੀ, ਉਹ ਸਾਡੇ ਆਪਣੇ ਅਨੁਮਾਨ ਅਨੁਸਾਰ ਪੂਰੀ ਉਤਰਦੀ ਦਿਸੀ। ਆਪ ਨੇ ਜੋ ਉਪਰਾਲਾ ਦਾਸ ਦੇ ਜੀਵਨ ਲਿਖਣ ਦਾ ਕੀਤਾ ਹੈ ਆਪ ਦੇ ਉਤਸ਼ਾਹ ਅਨੁਸਾਰ ਮੈਂ ਆਪ ਨੂੰ ਇਸ ਦੀ ਹਲਾ-ਸ਼ੇਰੀ ਨਾ ਦੇਣਾ ਆਪ ਦਾ ਦਿਲ ਤੋੜਨਾ ਸਮਝਦਾ ਹਾਂ ਪਰ ਆਪ ਨੇ ਜੋ ਜੀਵਨ ਚਰਿਤ੍ਰ ਦਾ ਪਦ ਲਿਖਿਆ ਹੈ ਇਸ ਨੂੰ ਪੜ ਕੇ ਮੈਨੂੰ ਬੜੀ ਲੱਜਾ ਆਈ। ਵੀਰ ਜੀ! ਮੈਂ ਇਸ ਯੋਗ ਨਹੀਂ। 'ਚਰਿਤ੍ਰ' ਤਾਂ ਮਹਾਂਪੁਰਸ਼ਾਂ ਦੇ ਜੀਵਨਾਂ ਦੇ ਹੁੰਦੇ ਹਨ। ਮੈਂ ਤਾਂ ਇਕ ਅਧਮ ਤੇ ਅਲਪਗ ਜੀਵ ਹਾਂ ਜਿਸ ਵਿਚ ਕੋਈ ਅਜੇਹਾ ਗੁਣ ਨਹੀਂ ਜਿਸ ਦੇ ਕਿ ਜੀਵਨ ਦੇ ਕਿਸੇ ਅੰਗ ਪ੍ਰਥਾਇ ਭੀ ਚਰਿਤ੍ਰ ਦਾ ਪਦ ਘਟ ਸਕੇ। ਸੋ ਕ੍ਰਿਪਾ ਪੂਰਬਕ ਚਰਿਤ੍ਰ ਦਾ ਪਦ ਜੀਵਨ ਨਾਲੋਂ ਦੂਰ ਕਰਕੇ ਕੋਈ ਹੋਰ ਸਾਧਾਰਨ ਜਿਹਾ ਪਦ ਨਾਲ ਚਮੇੜ ਦੇਵੋ। ਮੈਂ ਆਪ ਦੇ ਉਤਸ਼ਾਹ ਤੋਂ ਆਪ ਨੂੰ ਹਟਾਉਣਾ ਵਰਜਣਾ ਅਯੋਗ ਸਮਝਦਾ ਹਾਂ ਅਤੇ ਬੜਾ ਖੁਸ਼ ਹਾਂ ਕਿ ਆਪ ਨੇ ਆਪਣੇ ਚਿਰਾਂ ਤੋਂ ਮਨਮੰਨੇ ਸੰਕਲਪ ਨੂੰ ਇਸੇ ਜਨਮ ਵਿਚ ਹੀ ਪੂਰਾ ਕਰਨ ਦਾ ਉਦਮ ਧਾਰਿਆ ਹੈ, ਪ੍ਰੰਤੂ ਸਚੀ ਗਲ ਤਾਂ ਇਹ ਹੈ ਕਿ ਜੀਵਨ ਤਾਂ ਸ਼ਹੀਦ ਸਿੰਘਾਂ ਦੇ ਲਿਖੀਦੇ ਹੁੰਦੇ ਹਨ ਜਿਨ੍ਹਾਂ ਨੇ ਕੋਈ ਨਿੱਗਰ ਪੰਥ ਦੀ ਸੇਵਾ ਕੀਤੀ ਹੋਵੇ ਜਾਂ ਉਚ ਕਲਾ ਦੀ ਕਰਨੀ ਕਰਕੇ ਦਿਖਾ ਗਏ ਹੋਣ। ਮੈਂ ਤਾਂ ਜਦ ਆਪਣੇ ਅੰਦਰ ਨਜ਼ਰ ਮਾਰ ਕੇ ਦੇਖਦਾ ਹਾਂ ਤਾਂ *ਸਭਿ ਅਵਗਣ ਮੈ ਗੁਣੁ ਨਹੀ ਕੋਈ* ਸਿਰਫ਼ ਮੇਰੇ ਪੁਰ ਹੀ ਘਟਦਾ ਹੈ। ਤੇ ਕਰਨੀ ਮੇਰੀ ਕੁੱਤੇ ਜੇਹੀ ਭੀ ਨਹੀਂ, ਕਿਉਂਕਿ ਕੁੱਤੇ ਵਿਚ ਤਾਂ ਕਈ ਗੁਣ ਹਨ ਪਰ ਮੇਰੇ ਵਿਚ ਇਕ ਗੁਣ ਭੀ ਨਹੀਂ। ਆਪ ਤਾਂ ਸਮੂਹ ਜੱਥੇ ਸੰਬੰਧੀ ਇਤਿਹਾਸ ਨੂੰ ਆਪਣੀ ਲੇਖਣੀ ਦਵਾਰਾ ਲਿਖਣ ਦਾ ਉਤਸ਼ਾਹ ਪ੍ਰਗਟ ਕਰਿਆ ਕਰਦੇ ਸੀ। ਉਸ ਉਤਸ਼ਾਹ ਦੀ ਲੜੀ ਵਿਚ ਜੇ ਦਾਸ ਦਾ ਨਾਉਂ ਭੀ ਕਿਤੇ ਆ ਜਾਂਦਾ ਤਾਂ ਇਸ ਵਿਚ ਮੈਨੂੰ ਭੀ ਕੋਈ ਸੰਗ ਪ੍ਰਤੀਤ ਨ ਹੁੰਦੀ। *ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ* ਹਰ ਹਾਲਤ ਵਿਚ ਮੈਂ ਆਪਦਾ

ਦਿਲ ਨਹੀਂ ਤੋੜਨਾ ਚਾਹੁੰਦਾ। ਆਪ ਦਾ ਜੋ ਅਕਹਿ ਤੇ ਅਗੰਮੀ ਪਿਆਰ ਮੇਰੇ ਨਾਲ ਹੈ ਉਹ ਕੋਈ ਪੂਰਬਲੇ ਜਨਮ ਦਾ ਹੀ ਅੰਕੂਰ ਹੈ ਅਤੇ ਪੂਰਬਲੇ ਲੈਣੇ ਦੇਣੇ ਜਾਪਦੇ ਹਨ। ਅੱਛਾ ਜਿਵੇਂ ਰਜ਼ਾ, ਪ੍ਰੇਰਨਾ ਹੋਈ ਹੈ ਤਿਵੇਂ ਹੀ ਵਾਹਵਾ!

ਸੁਪਨੰਤ੍ਰ ਤਾਂ ਆਪ ਦੇ ਮੇਲੇ ਕਈ ਵਾਰ ਪ੍ਰਤੱਖ ਵਾਂਗ ਹੋਏ ਪਰ ਆਪ ਨੇ ਕਦੇ ਨ ਦਸਿਆ ਕਿ ਏਹ ਕੁਛ ਕਰ ਰਹੇ ਹੋ। ਕੁਝ ਲਿਖਤ ਪੜ੍ਹਤ ਕਰਦੇ ਪ੍ਰਤੀਤ ਹੁੰਦੇ ਸੀ ਪਰ ਚਰਿਤ੍ਰ ਵਾਲਾ ਭਾਰ ਚੜ੍ਹਾਉਂਦੇ ਕਦੇ ਨਾ ਦਿਸੇ।

ਕੀ ਜਾਣੀਏ ਤਿਲ ਥੋੜੇ ਹੀ ਹੋਣ, ਪਰ ਇਤਨੀ ਇੱਛਾ ਅਤਿ ਤੀਬਰ ਹੈਸੀ ਕਿ ਸੰਗਤ ਵਿਚ ਗੁਰਦੇਵ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨ ਸਰਨ ਕੀਰਤਨ ਕਰਦਿਆਂ ਅਥਵਾ ਧਰਮ ਯੁਧ ਵਿਚ ਲੇਖੇ ਲਗਦਿਆਂ ਸਰੀਰ ਛੁੱਟੇ ਪਰ ਜਿਸ ਜੋਗ ਹਾਂ ਤਿਵੇਂ ਹੀ ਹੋਵੇ, *"ਜਿਵ ਜਿਵ ਹੁਕਮ ਤਿਵੈ ਤਿਵ ਕਾਰ।"*

ਅਜ ਕਲ ਏਥੇ ਹਾੜ ਜੇਠ ਵਰਗੀ ਗਰਮੀ ਹੈ, ਹਾੜ ਜੇੜ ਨੂੰ ਖਬਰ ਨਹੀਂ ਕੇਹੀ ਜੇਹੀ ਹੋਊ। ਸਰਬ ਵੀਰਾਂ ਨੂੰ ਸਨਿਮਰ ਫ਼ਤਹ ਬੁਲਾਈ ਵਾਚਣੀ ਜੀ। ਸਤਿ ਸ੍ਰੀ ਅਕਾਲ! ■

---

## *ਸ੍ਰੀ ਗੁਰੂ ਅਮਰਦਾਸ ਜੀ*

*ਸਫ਼ਾ 14 ਦਾ ਬਾਕੀ . . .*

ਪ੍ਰਸ਼ਾਦ ਛਕਣ ਵਿਰੁੱਧ ਭੜਕਾਇਆ ਕਿ ਇਸ ਤਰ੍ਹਾਂ ਸਭ ਦਾ ਧਰਮ ਭ੍ਰਿਸ਼ਟ ਹੋ ਜਾਵੇਗਾ। ਗੁਰੂ ਜੀ ਨੇ ਉਸ ਦਾ ਹੰਕਾਰ ਤੋੜਨ ਲਈ ਹਰ ਲੰਗਰ ਛਕਣ ਵਾਲੇ ਨੂੰ ਮੋਹਰ ਦੇਣ ਦਾ ਐਲਾਨ ਕੀਤਾ। ਇਹ ਮਾਇਆਧਾਰੀ ਤਪਾ ਆਪਣੇ ਪੁੱਤਰ ਰਾਹੀਂ ਮੋਹਰਾਂ ਇਕੱਠੀਆਂ ਕਰਨ ਲੱਗਾ। ਇਕ ਦਿਨ ਦੀਵਾਰ ਟੱਪਦਿਆਂ ਇਸ ਦਾ ਪੁੱਤਰ ਡਿੱਗ ਪਿਆ ਤੇ ਉਸ ਦੀ ਲੱਤ ਟੁੱਟ ਗਈ। ਤਪੇ ਦਾ ਰਾਜ ਖੁੱਲ੍ਹ ਗਿਆ। ਲੋਕਾਂ ਨੇ ਉਸ ਨੂੰ ਫਿਟਕਾਰਾਂ ਪਾਈਆਂ। ਗੁਰੂ ਜੀ ਨੇ ਤਪੇ ਨੂੰ ਪਾਸ ਬੁਲਾ ਕੇ ਸਮਝਾਇਆ ਕਿ ਤਪਾ ਉਹ ਹੈ ਜੋ ਤਪ ਕਰਦਿਆਂ ਸ਼ਬਦ ਦੀ ਸੋਝੀ ਰੱਖਦਾ ਹੈ ਤੇ ਸੇਵਾ ਕਰ ਕੇ ਗੁਰੂ ਨੂੰ ਰੀਝਾਂਦਾ ਹੈ:

*ਸੋ ਤਪਾ ਜਿ ਇਹੁ ਤਪੁ ਘਾਲੇ॥ ਸਤਿਗੁਰ ਨੋ ਮਿਲੈ ਸਬਦੁ ਸਮਾਲੇ॥*
*ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ॥ ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੮)*

ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਜਾਣ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਬਖ਼ਸ਼ਿਸ਼ ਕੀਤੀ ਅਤੇ ਸੰਨ ੧੫੭੪ ਨੂੰ ਜੋਤੀ ਜੋਤ ਸਮਾ ਗਏ।

*ਲਹਣੈ ਪੰਥੁ ਧਰਮ ਕਾ ਕੀਆ॥ ਅਮਰਦਾਸ ਭਲੇ ਕਉ ਦੀਆ॥*
*ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ॥ ਹਰਿ ਕਾ ਨਾਮੁ ਅਖੈ ਨਿਧਿ ਅਪ੍ਯਉ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੧)* ■

# ਸਿੱਖ ਇਤਿਹਾਸ ਦਾ ਅਹਿਮ ਪਾਤਰ : ਸਰਦਾਰ ਜੱਸਾ ਸਿੰਘ ਆਹਲੂਵਾਲੀਆ

*-ਸ੍ਰੀ ਰਮੇਸ਼ ਬੱਗਾ ਚੋਹਲਾ**

ਜਦੋਂ ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰਮਲ ਪੰਥ ਦੀ ਨੀਂਹ ਰੱਖੀ ਤਾਂ ਇਸ ਪੰਥ ਵਿਚ ਪ੍ਰਵੇਸ਼ ਕਰਨ ਲਈ ਇੱਕ ਲਾਜ਼ਮੀ ਸ਼ਰਤ ਵੀ ਲਗਾ ਦਿੱਤੀ। ਇਸ ਸ਼ਰਤ ਦੇ ਮੁਤਾਬਿਕ:-

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)*

ਭਾਵ ਇਸ ਨਿਰਮਲ ਪੰਥ ਦਾ ਭਾਗੀਦਾਰ ਬਣਨ ਲਈ ਆਪਣਾ ਤਨ ਅਤੇ ਮਨ ਪੂਰਨ ਰੂਪ ਵਿਚ ਗੁਰੂ/ਸਿਧਾਂਤ ਨੂੰ ਸਮਰਪਿਤ ਕਰਨ ਲਈ ਕਹਿ ਦਿੱਤਾ।

ਸਿੱਖੀ ਪਰਮੇਸ਼ਰ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸਵੇਰੇ-ਸ਼ਾਮ ਸਰਬੱਤ ਦਾ ਭਲਾ ਲੋਚਦੀ ਹੈ। ਇਸ ਲੋਚਾ ਮੁਤਾਬਿਕ ਪੂਰੇ/ਖ਼ਰੇ ਉਤਰਨ ਦੀ ਆਸ ਇੱਕ ਸਮਰਪਿਤ ਸਿੱਖ/ਸ਼ਰਧਾਲੂ ਕੋਲੋਂ ਹੀ ਕੀਤੀ ਜਾ ਸਕਦੀ ਹੈ। ਸੇਵਾ, ਸਿਮਰਨ ਅਤੇ ਪਰਉਪਕਾਰੀ ਜੀਵਨ ਸਿੱਖ ਫ਼ਲਸਫ਼ੇ ਦਾ ਅਹਿਮ ਹਿੱਸਾ ਹਨ। ਇਸ ਫ਼ਲਸਫ਼ੇ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਹੈ। ਇਸ ਯੋਗਦਾਨ ਵਿਚ ਮਹਾਨ ਸ਼ਹੀਦੀਆਂ ਵੀ ਹੋਈਆਂ ਹਨ ਜਿਹੜੀਆਂ ਸਮੇਂ-ਸਮੇਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਵੱਲੋਂ ਦਿੱਤੀਆਂ ਗਈਆਂ ਹਨ। ਗੁਰੂ ਸਾਹਿਬ ਵੱਲੋਂ ਪਾਈ ਵੰਗਾਰ (ਸੀਸ ਤਲੀ 'ਤੇ ਧਰਨ) ਦੇ ਹੁੰਗਾਰੇ ਵਜੋਂ ਬਹੁਤ ਸਾਰੇ ਸਿੱਖ ਤਲਵਾਰ ਦੀ ਧਾਰ 'ਤੇ ਤੁਰ ਕੇ ਸਿੱਖ ਇਤਿਹਾਸ ਨੂੰ ਅਮੀਰ ਬਣਾਉਂਦੇ ਰਹੇ ਹਨ। ਇਨ੍ਹਾਂ ਪ੍ਰਮੁੱਖ ਸਿੱਖਾਂ ਵਿਚ ਹੀ ਸ਼ਾਮਲ ਹੈ 'ਸੁਲਤਾਨ-ਉੱਲ-ਕੌਮ' ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਨਾਮ।

ਸੰਤ-ਸਿਪਾਹੀ ਬਿਰਤੀ ਦੇ ਧਨੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ੩ ਮਈ, ੧੭੧੮ ਈ. ਨੂੰ ਸ. ਬਦਰ ਸਿੰਘ ਅਤੇ ਮਾਤਾ ਜੀਵਨ ਕੌਰ ਦੇ ਗ੍ਰਹਿ ਵਿਖੇ ਪਿੰਡ ਆਹਲੂ, ਜ਼ਿਲ੍ਹਾ ਲਾਹੌਰ ਵਿਖੇ ਹੋਇਆ। ਇਸ ਪਰਵਾਰ ਦੇ ਵਡੇਰੇ ਸ. ਬਦਰ ਸਿੰਘ ਅਤੇ ਦੇਵਾ ਸਿੰਘ (ਦਾਦਾ) ਗੁਰੂ-ਘਰ ਦੇ ਪ੍ਰਤੀ ਅਥਾਹ ਸ਼ਰਧਾ ਰੱਖਦੇ ਸਨ। ਸਰਦਾਰ ਜੱਸਾ ਸਿੰਘ ਦੀ ਮਾਤਾ ਵੀ ਸਿੱਖੀ ਸਰੂਪ ਵਿਚ ਪ੍ਰਪੱਕ ਅਤੇ ਨਿੱਤਨੇਮ ਵਾਲੀ ਇਸਤਰੀ ਸੀ। ਸ਼ਬਦ ਚੌਂਕੀ ਲਗਾਉਣਾ ਅਤੇ ਗੁਰਬਾਣੀ ਦਾ ਕੀਰਤਨ ਕਰਨਾ ਉਸ ਦੇ ਨਿੱਤਨੇਮ ਵਿਚ ਸ਼ਾਮਿਲ ਸੀ।

**#੧੩੪੮/੧੭/੧ ਗਲੀ ਨੰ: ੮, ਰਿਸ਼ੀ ਨਗਰ ਐਕਸਟੈਂਸ਼ਨ, ਲੁਧਿਆਣਾ- ੧੪੧੦੦੧; ਮੋ. ੯੪੬੩੧੩੨੭੧੯*

ਜਦੋਂ ਜੱਸਾ ਸਿੰਘ ਅਜੇ ਚਾਰ ਕੁ ਸਾਲ ਦਾ ਹੀ ਹੋਇਆ ਸੀ ਕਿ ਪਿਤਾ ਸ. ਬਦਰ ਸਿੰਘ ਚੜ੍ਹਾਈ ਕਰ ਗਿਆ। ਬਾਲਕ ਲਈ ਹੁਣ ਕੇਵਲ ਮਾਤਾ ਦਾ ਹੀ ਸਹਾਰਾ ਰਹਿ ਗਿਆ ਸੀ। ਮਾਂ ਦੇ ਸਹਾਰੇ ਦੇ ਨਾਲ-ਨਾਲ ਗੁਰਬਾਣੀ ਦਾ ਓਟ-ਆਸਰਾ ਵੀ ਉਸ ਦੇ ਜੀਵਨ ਦਾ ਆਧਾਰ ਬਣਨ ਲੱਗਾ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸੱਚਖੰਡ ਪਿਆਨਾ ਕਰ ਜਾਣ ਤੋਂ ਬਾਅਦ ਖ਼ਾਲਸਾ-ਪੰਥ ਦੀ ਅਗਵਾਈ ਮਾਤਾ ਸੁੰਦਰੀ ਜੀ ਕਰ ਰਹੇ ਸਨ। ਇੱਕ ਦਿਨ ਬਾਲਕ ਜੱਸਾ ਸਿੰਘ ਆਪਣੀ ਮਾਤਾ ਅਤੇ ਮਾਮਾ ਸ. ਬਾਘ ਸਿੰਘ ਨਾਲ ਮਾਤਾ ਸੁੰਦਰੀ ਜੀ ਕੋਲੋਂ ਅਸ਼ੀਰਵਾਦ ਲੈਣ ਲਈ ਗਏ। ਮਾਤਾ ਜੀ ਉਸ ਦੇ ਰਸਭਿੰਨੇ ਕੀਰਤਨ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਉਸ ਨੂੰ ਆਪਣੇ ਕੋਲ ਹੀ ਰੱਖ ਲਿਆ ਅਤੇ ਪੁੱਤਾਂ ਵਾਂਗ ਪਿਆਰ ਕਰਨ ਲੱਗੇ। ਮਾਤਾ ਸੁੰਦਰੀ ਜੀ ਦੀ ਸੰਗਤ ਕਰ ਕੇ ਬਾਲਕ ਜੱਸਾ ਸਿੰਘ ਨੇ ਕਈ ਧਾਰਮਿਕ ਅਤੇ ਇਤਿਹਾਸਿਕ ਪੁਸਤਕਾਂ ਪੜ੍ਹੀਆਂ ਜਿਹੜੀਆਂ ਉਸ ਨੂੰ ਸਿੱਖੀ ਦੇ ਦੋ ਥੰਮਾਂ ਸੇਵਾ ਅਤੇ ਸਿਮਰਨ ਨਾਲ ਜੋੜਨ ਵਿਚ ਸਹਾਈ ਸਾਬਤ ਹੋਈਆਂ।

ਸੱਤ ਸਾਲ ਦਿੱਲੀ ਵਿਖੇ ਰਹਿਣ ਤੋਂ ਬਾਅਦ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜਲੰਧਰ ਵਿਖੇ ਆਪਣੇ ਮਾਮਾ ਬਾਘ ਸਿੰਘ ਹੱਲੋਵਾਲੀਆ ਕੋਲ ਆ ਗਿਆ। ਆਪਣੀ ਭੈਣ ਅਤੇ ਭਾਣਜੇ ਨੂੰ ਨਾਲ ਲੈ ਕੇ ਮਾਮਾ ਜੀ ਇੱਕ ਦਿਨ ਨਵਾਬ ਕਪੂਰ ਸਿੰਘ ਨੂੰ ਮਿਲਣ ਲਈ ਕਰਤਾਰਪੁਰ ਸਾਹਿਬ ਵਿਖੇ ਪਹੁੰਚ ਗਏ। ਨਵਾਬ ਸਾਹਿਬ ਮਾਂ-ਪੁੱਤ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਜੱਸਾ ਸਿੰਘ ਨੂੰ ਪੱਕੇ ਤੌਰ 'ਤੇ ਆਪਣੇ ਕੋਲ ਰੱਖਣ ਲਈ ਕਹਿਣ ਲੱਗੇ। ਮਾਮਾ ਬਾਘ ਸਿੰਘ ਜੀ ਪੰਥ ਦੀ ਸਿਰਮੌਰ ਸ਼ਖ਼ਸੀਅਤ ਦਾ ਕਿਹਾ ਨਾ ਮੋੜ ਸਕੇ। ਨਵਾਬ ਸਾਹਿਬ ਦੀ ਆਪਣੀ ਸੰਤਾਨ ਨਾ ਹੋਣ ਕਰਕੇ ਉਹ ਜੱਸਾ ਸਿੰਘ ਨੂੰ ਆਪਣੇ ਪੁੱਤਰ ਵਾਂਗ ਹੀ ਪਿਆਰਨ ਅਤੇ ਦੁਲਾਰਨ ਲੱਗੇ।

ਨਵਾਬ ਕਪੂਰ ਸਿੰਘ ਨੇ ਸਰਦਾਰ ਜੱਸਾ ਸਿੰਘ ਦੇ ਨਿਖਰੇ (ਰਹਿਤ-ਬਹਿਤ ਵਾਲੇ) ਜੀਵਨ ਨੂੰ ਦੇਖ ਕੇ ਉਸ ਨੂੰ (ਪੰਜਾਂ ਪਿਆਰਿਆਂ ਕੋਲੋਂ) ਖੰਡੇ-ਬਾਟੇ ਦੀ ਪਾਹੁਲ ਛਕਾ ਦਿੱਤੀ। ਪਾਹੁਲ ਛਕਣ ਤੋਂ ਬਾਅਦ ਸਰਦਾਰ ਜੱਸਾ ਸਿੰਘ ਤਨੋਂ-ਮਨੋਂ ਗੁਰੂ-ਘਰ ਨੂੰ ਸਮਰਪਿਤ ਹੋ ਗਿਆ। ਖਾਲਸੇ ਦੇ ਦੀਵਾਨਾਂ ਵਿਚ ਸਵੇਰੇ-ਸ਼ਾਮ ਸੰਗਤ ਦੀ ਸੇਵਾ (ਪੱਖਾ ਝੱਲ ਕੇ), ਗੁਰਬਾਣੀ ਦੇ ਪਾਠ ਅਤੇ ਸ਼ਬਦ-ਕੀਰਤਨ ਵਿਚ ਵੱਧ-ਚੜ੍ਹ ਕੇ ਭਾਗ ਲੈਣ ਲੱਗਾ। ਗੁਰੂ-ਘਰ ਪ੍ਰਤੀ ਸੁੱਚੀ ਲਗਨ ਨੂੰ ਦੇਖ ਕੇ ਨਾਨਕ ਨਾਮ-ਲੇਵਾ ਸੰਗਤ ਵੀ ਉਸ ਨੂੰ ਰੱਜਵਾਂ ਪਿਆਰ ਤੇ ਸਤਿਕਾਰ ਦੇਣ ਲੱਗੀ।

ਨਵਾਬ ਸਾਹਿਬ ਦੀ ਅਗਵਾਈ ਹੇਠ ਜੱਸਾ ਸਿੰਘ ਨੇ ਘੋੜ-ਸਵਾਰੀ, ਨੇਜਾਬਾਜ਼ੀ, ਤੀਰ-ਅੰਦਾਜ਼ੀ ਅਤੇ ਤੇਗ਼ ਚਲਾਉਣੀ ਬਾਖ਼ੂਬੀ ਸਿੱਖ ਲਈ। ਇਸ ਸਿਖਲਾਈ ਤੋਂ ਬਾਅਦ ਉਹ ਯੁੱਧ-ਕਲਾ ਵਿਚ ਕਾਫ਼ੀ ਨਿਪੁੰਨ ਹੋ ਗਿਆ।

ਛੋਟੀ ਉਮਰੇ ਦਿੱਲੀ ਵਿਖੇ ਰਹਿਣ ਕਰਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ

ਦੀ ਬੋਲ-ਬਾਣੀ ਵਿਚ ਹਿੰਦੀ ਅਤੇ ਉਰਦੂ ਦੇ ਕੁਝ ਲਫ਼ਜ਼ਾਂ ਦੀ ਰਲਾਵਟ ਹੋ ਗਈ ਸੀ, ਜਿਸ ਕਰਕੇ ਨਾਲ ਦੇ ਸਿੰਘ ਉਸ ਨੂੰ 'ਹਮਕੋ-ਤੁਮਕੋ' ਕਹਿ ਕੇ ਮਖੌਲ ਕਰਦੇ ਸਨ। ਇੱਕ ਦਿਨ ਸਰਦਾਰ ਜੱਸਾ ਸਿੰਘ ਇਸ ਮਖੌਲ ਦਾ ਬੁਰਾ ਮਨਾ ਗਿਆ ਅਤੇ ਨਵਾਬ ਸਾਹਿਬ ਕੋਲ ਸ਼ਿਕਾਇਤ ਕਰ ਦਿੱਤੀ। ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਪਿਆਰ ਨਾਲ ਸਮਝਾਇਆ ਕਿ— "ਇਹ ਕਲਗੀਧਰ ਦਾ ਖ਼ਾਲਸਾ ਹੈ, ਜੇ ਇਹ ਮੇਰੇ ਵਰਗੇ (ਘੋੜਿਆਂ ਦੀ ਲਿੱਦ ਚੁੱਕਣ ਵਾਲੇ) ਨੂੰ ਨਵਾਬੀ ਬਖ਼ਸ਼ ਸਕਦਾ ਹੈ ਤਾਂ ਕੀ ਪਤਾ ਕੱਲ੍ਹ ਨੂੰ ਤੇਰੇ ਵਰਗੇ ਦਾਣਾ-ਫੱਕਾ ਵੰਡਣ ਵਾਲੇ ਨੂੰ ਪਾਤਸ਼ਾਹ ਹੀ ਬਣਾ ਦੇਵੇ।"

ਨਵਾਬ ਸਾਹਿਬ ਦੀ ਕੀਤੀ ਹੋਈ ਇਹ ਭਵਿੱਖਬਾਣੀ ਉਸ ਸਮੇਂ ਸੌ ਪ੍ਰਤੀਸ਼ਤ ਸੱਚ ਸਾਬਤ ਹੋਈ ਜਦੋਂ ੧੭੬੨ ਈ. ਵਿਚ ਖ਼ਾਲਸਾ ਪੰਥ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨ-ਉਲ-ਕੌਮ' ਦੇ ਲਕਬ ਨਾਲ ਨਿਵਾਜ਼ ਦਿੱਤਾ।

ਹੁਣ ਜਿਵੇਂ-ਜਿਵੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਆਪਣੀ ਹਯਾਤੀ ਦਾ ਸਫ਼ਰ ਤੈਅ ਕਰਦਾ ਜਾ ਰਿਹਾ ਸੀ, ਤਿਵੇਂ-ਤਿਵੇਂ ਆਪਣੇ ਫ਼ਰਜ਼ਾਂ ਪ੍ਰਤੀ ਵੀ ਸੁਚੇਤ ਹੋਈ ਜਾ ਰਿਹਾ ਸੀ। ਇੱਕ ਰਾਤ ਬਹੁਤ ਤੇਜ ਬਾਰਿਸ਼ ਹੋ ਰਹੀ ਸੀ। ਨਵਾਬ ਕਪੂਰ ਸਿੰਘ ਨੇ ਕਈ ਵਾਰ ਆਵਾਜ਼ ਦਿੱਤੀ, 'ਪਹਿਰੇ 'ਤੇ ਕੌਣ ਹੈ? ਹਾਜ਼ਰ ਹੋਵੇ' ਜਵਾਬ ਵਿਚ ਹਰ ਵਾਰੀ ਸਰਦਾਰ ਜੱਸਾ ਸਿੰਘ 'ਆਇਆ ਜੀ' ਕਹਿ ਕੇ ਹਾਜ਼ਰ ਹੋ ਜਾਂਦਾ। ਉਸ ਦੀ ਇਸ ਵਫ਼ਾਦਾਰੀ ਨੂੰ ਦੇਖ ਕੇ ਨਵਾਬ ਸਾਹਿਬ ਨੇ ਉਸ ਨੂੰ ਆਪਣਾ ਅਹਿਲਕਾਰ ਬਣਾ ਲਿਆ।

੨੦ ਕੁ ਸਾਲ ਦੀ ਉਮਰ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਨਾਦਰਸ਼ਾਹ ਦੀ ਫ਼ੌਜ ਨੂੰ ਅਜਿਹਾ ਸਬਕ ਸਿਖਾਇਆ ਕਿ ਉਹ ਜ਼ਕਰੀਆ ਖ਼ਾਨ ਨੂੰ ਇਹ ਕਹਿਣ ਲਈ ਮਜ਼ਬੂਰ ਹੋ ਗਿਆ ਕਿ "ਅਜਿਹੇ ਲੋਕਾਂ (ਖ਼ਾਲਸਾ ਪੰਥ) ਤੋਂ ਡਰਨਾ ਚਾਹੀਦਾ ਹੈ, ਉਹ ਸਮਾਂ ਦੂਰ ਨਹੀਂ ਜਦੋਂ ਇਸ ਮੁਲਕ ਦੀ ਮਲਕੀਅਤ ਇਨ੍ਹਾਂ ਲੋਕਾਂ ਦੇ ਹੱਥ ਹੋਵੇਗੀ।"

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਵਿਅਕਤੀਤੱਵ ਦਾ ਇੱਕ ਉੱਭਰਵਾਂ ਪੱਖ ਇਹ ਵੀ ਰਿਹਾ ਹੈ ਕਿ ਉਸ ਨੇ ਸਾਰੀ ਉਮਰ ਕੀਤੇ ਜੰਗਾਂ-ਯੁੱਧਾਂ ਵਿਚ ਨੈਤਿਕਤਾ ਦਾ ਪੱਲਾ ਕਦੇ ਨਹੀਂ ਛੱਡਿਆ। ਇਸ ਦੀ ਇੱਕ ਉਦਾਹਰਣ ਪਾਣੀਪਤ ਦੀ ਤੀਸਰੀ ਲੜਾਈ ਤੋਂ ਬਾਅਦ ਅਹਿਮਦਸ਼ਾਹ ਅਬਦਾਲੀ ਦੇ ਕਬਜ਼ੇ ਵਿੱਚੋਂ ੨੨੦੦ ਹਿੰਦੂ ਲੜਕੀਆਂ ਨੂੰ ਛੁਡਾ ਕੇ ਬਾਇੱਜ਼ਤ ਅਤੇ ਸਹੀ ਸਲਾਮਤ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾਉਣਾ ਹੈ। ਜਦੋਂ ਅਬਦਾਲੀ ਦਾ ਜਰਨੈਲ ਜਹਾਨ ਖ਼ਾਨ ਸਿਆਲਕੋਟ ਦੀ ਜੰਗ ਹਾਰ ਗਿਆ ਤਾਂ ਉਸ ਦੀ ਪਿਆਰੀ ਬੇਗ਼ਮ ਅਤੇ ਉਸ ਦੀਆਂ ਕੁਝ ਨਜ਼ਦੀਕੀ ਇਸਤਰੀਆਂ ਖ਼ਾਲਸੇ ਦੇ ਘੇਰੇ ਵਿਚ ਆ ਗਈਆਂ। ਆਹਲੂਵਾਲੀਏ ਸਰਦਾਰ ਨੇ ਉਨ੍ਹਾਂ ਪਰਾਈਆਂ ਇਸਤਰੀਆਂ ਨੂੰ ਵੀ ਬਣਦਾ ਮਾਣ-ਸਤਿਕਾਰ ਦਿੱਤਾ ਅਤੇ ਸੁਰੱਖਿਅਤ ਥਾਵਾਂ ਉੱਪਰ ਪਹੁੰਚਾਇਆ।

*ਬਾਕੀ ਸਫ਼ਾ 59 'ਤੇ*

# ਗ਼ਦਰੀ ਬਾਬਾ : ਸ਼ਹੀਦ ਪ੍ਰੇਮ ਸਿੰਘ ਸੁਰ ਸਿੰਘ

*-ਡਾ. ਅਮਰਜੀਤ ਕੌਰ**

ਗ਼ਦਰੀ ਬਾਬਿਆਂ ਦਾ ਪਿੰਡ ਸੁਰਸਿੰਘ, ਜ਼ਿਲ੍ਹਾ ਤਰਨਤਾਰਨ (ਪਹਿਲਾਂ ਲਾਹੌਰ ਤੇ ਫਿਰ ਸ੍ਰੀ ਅੰਮ੍ਰਿਤਸਰ) ਦੇ ਗ਼ਦਰੀਆਂ, ਸ਼ਹੀਦਾਂ ਵਿਚ ਇਕ ਚਮਕਦਾ ਸਿਤਾਰਾ ਗ਼ਦਰੀ ਬਾਬਾ ਸ਼ਹੀਦ ਭਾਈ ਪ੍ਰੇਮ ਸਿੰਘ ਹੈ।

ਭਾਈ ਪ੍ਰੇਮ ਸਿੰਘ ਦਾ ਜਨਮ ਭਾਈ ਜੀਵਨ ਸਿੰਘ ਦੇ ਘਰ ਮਾਤਾ ਕਰਮ ਕੌਰ ਦੀ ਕੁੱਖੋਂ ਪਿੰਡ ਸੁਰਸਿੰਘ, ਪੱਤੀ ਚੰਦੂ ਕੀ ਵਿਖੇ ਹੋਇਆ। ਆਪਣੇ ਦੇਸ਼ ਨੂੰ ਅਜ਼ਾਦ ਤੇ ਆਪਣੇ ਪਿਆਰੇ ਪੰਜਾਬ ਨੂੰ ਖੁਸ਼ਹਾਲ ਵੇਖਣ ਲਈ ਅੰਗਰੇਜ਼ਾਂ ਦੀ ਗ਼ੁਲਾਮੀ ਦਾ ਜੂਲਾ ਲਾਹ ਸੁੱਟਣ ਦੇ ਦੋਸ਼ ਤਹਿਤ ਨੌਜੁਆਨ ਪ੍ਰੇਮ ਸਿੰਘ ਨੂੰ ੧੬ ਮਈ, ੧੯੧੬ ਈ. ਨੂੰ ਲਾਹੌਰ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਭਾਈ ਪ੍ਰੇਮ ਸਿੰਘ (ਢਿੱਲੋਂ) ਵੀ ਪਿੰਡ ਦੇ ਹੋਰਨਾਂ ਲੋਕਾਂ ਵਾਂਗ ਰੋਜ਼ੀ-ਰੋਟੀ ਦੀ ਤਾਲਾਸ਼ ਵਿਚ ੧੯੦੩ ਈ. ਵਿਚ ਮਲਾਇਆ ਚਲੇ ਗਏ। ਉਹ ਇੱਕ ਸਾਲ ਬਾਅਦ ਹਾਂਗਕਾਂਗ ਪਹੁੰਚ ਗਏ ਜਿੱਥੇ ਉਨ੍ਹਾਂ ਆਪਣੇ ਗੁਰਸਿੱਖ ਸਾਥੀਆਂ ਪਾਸੋਂ ਅੰਮ੍ਰਿਤ-ਪਾਨ ਕੀਤਾ। ਅੰਮ੍ਰਿਤ ਛਕਣ ਤੋਂ ਪਹਿਲਾਂ ਭਾਈ ਪ੍ਰੇਮ ਸਿੰਘ ਦਾ ਨਾਮ ਊਧਮ ਸਿੰਘ ਸੀ ਲੇਕਿਨ ਅੰਮ੍ਰਿਤ ਛਕਣ ਤੋਂ ਬਾਅਦ ਇਨ੍ਹਾਂ ਨੇ ਆਪਣੀ ਪਛਾਣ ਪ੍ਰੇਮ ਸਿੰਘ ਨਾਲ ਹੀ ਕਰਵਾਈ। ਹਾਂਗਕਾਂਗ ਵਿਚ ਪ੍ਰੇਮ ਸਿੰਘ ਨੇ ਇਕ ਕੰਪਨੀ ਵਿਚ ਬਤੌਰ ਸੇਲਜ਼ਮੈਨ ਵਜੋਂ ਕੰਮ ਕੀਤਾ। ਫਿਰ ਗ਼ਦਰ ਲਹਿਰ ਚੱਲ ਪਈ। ਉਹ ਸਾਨਫਰਾਂਸਿਸਕੋ ਪੁੱਜ ਕੇ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਏ। ਇੱਥੇ ਪੰਜਾਬੀ ਵੱਡੀ ਗਿਣਤੀ ਵਿਚ ਸਨ। ਇਨ੍ਹਾਂ ਨੇ ਆਪਣੇ ਵਡੇਰਿਆਂ ਪਾਸੋਂ ਸਿੱਖ ਰਾਜ ਦੀਆਂ ਗੱਲਾਂ ਸੁਣੀਆਂ ਸਨ। ਇਸ ਤਰ੍ਹਾਂ ਭਾਈ ਪ੍ਰੇਮ ਸਿੰਘ ਦੇ ਵੀ ਰੋਮ-ਰੋਮ ਵਿਚ ਦੇਸ਼ ਦੀ ਅਜ਼ਾਦੀ ਵੱਸ ਗਈ ਸੀ। ਉਸ ਅੰਦਰ ਅੰਗਰੇਜ਼ਾਂ ਪ੍ਰਤੀ ਨਫ਼ਰਤ ਕੁੱਟ-ਕੁੱਟ ਕੇ ਭਰ ਗਈ ਸੀ। ਭਾਈ ਪ੍ਰੇਮ ਸਿੰਘ ਨੇ ਗ਼ਦਰ ਲਹਿਰ ਦੇ ਜਨਮ ਤੋਂ ਲੈ ਕੇ ਆਖਰੀ ਦਮ ਤੀਕ ਪਾਰਟੀ ਵਿਚ ਕੰਮ ਕੀਤਾ। ਇਹ ਵੀ ਸੱਚ ਹੈ ਕਿ ਇਨ੍ਹਾਂ ਦੀ ਮੌਤ ਵਾਲੀ ਫਾਇਲ ਵਿਚ ਇਨ੍ਹਾਂ ਨੂੰ ਇੱਕ 'ਖ਼ਤਰਨਾਕ ਆਦਮੀ' ਗਰਦਾਨਿਆ ਗਿਆ। Struggle for Hindustan, Ghadr Directory. Edited by Bhai Nahar Singh M.A., Bhai Kirpal Singh (Punjabi Section) Vol IV, 1913-1915, Virsa Singh, Gobind Sadan Gadaipur, Mehrauli, New Delhi, 1993, ਦੇ ਅਨੁਸਾਰ ਭਾਈ ਪ੍ਰੇਮ ਸਿੰਘ ਸੁਰਸਿੰਘ ਲਈ ਵਰਤੀ ਗਈ ਸ਼ਬਦਾਵਲੀ ਇਸ ਤਰ੍ਹਾਂ ਹੈ :-

**ਪਿੰਡ ਤੇ ਡਾਕ: ਇੱਬਣ ਕਲਾਂ, ਝਬਾਲ ਰੋਡ, ਜ਼ਿਲ੍ਹਾ ਅੰਮ੍ਰਿਤਸਰ-੧੪੩੦੦੯; ਮੋ. +੯੧੯੭੮੦੬-੩੪੧੯੭*

(98.790) Prem Singh Son of Jiwan Singh, jat of Sur Singh, Police Station Khalra, District Lahore, Bhai Prem Singh a noted bad Character and took an absconder in the Lahore Conspirancy Case, took a leading part in Seducting to men of the 23rd Cavelry in Lahore 1914-1915. Has a Pronounced squirt was in possession of a Pistol and reported to be most dangerous man. One of the Murderers of Kapur Singh Shahukar in revengee Oseditious leafient in Amritsar and Patti was arrested in November 1915.

ਭਾਈ ਪ੍ਰੇਮ ਸਿੰਘ ਦਾ ਗ਼ਦਰੀ ਜੀਵਨ ਲੰਮੇਰਾ ਹੈ। ਉਸ ਵਿੱਚੋਂ ਕੁਝ ਅੰਸ਼ਾਂ ਦਾ ਵੇਰਵਾ ਸੰਖੇਪ ਰੂਪ ਵਿਚ ਇਸ ਤਰ੍ਹਾਂ ਹੈ:-

**੧. ਮੀਆਂ ਮੀਰ ਛਾਉਣੀ ਦੇ ੨੩ਵੇਂ ਰਸਾਲੇ ਨਾਲ ਸੰਬੰਧ ਜੋੜਨੇ :** ਭਾਈ ਪ੍ਰੇਮ ਸਿੰਘ ਨੇ ਮੀਆਂ ਮੀਰ ਛਾਉਣੀ ਦੇ ੨੩ਵੇਂ ਰਸਾਲੇ ਨਾਲ ਸੰਬੰਧ ਜੋੜੇ। ਛਾਉਣੀ ਵਿਚ ਬਾਬਾ ਮਦਨ ਸਿੰਘ ਗਾਗਾ ਦੀ ਲੱਕੜੀ ਦੇ ਸਾਮਾਨ ਦੀ ਦੁਕਾਨ ਸੀ। ਉਸ ਦੁਕਾਨ ਵਿਚ ਸ. ਪ੍ਰੇਮ ਸਿੰਘ, ਸ. ਜਗਤ ਸਿੰਘ ਸੁਰਸਿੰਘ, ਭਾਈ ਬੰਤਾ ਸਿੰਘ ਸਾਂਘਣਾ, ਭਾਈ ਲਛਮਣ ਸਿੰਘ ਚੂਸਲੇਵੜ ਅਤੇ ਹੋਰਨਾਂ ਨੇ ਬਾਬਾ ਮਦਨ ਸਿੰਘ ਗਾਗਾ ਰਾਹੀਂ ੨੩ਵੇਂ ਰਸਾਲੇ ਨੂੰ ਬਗ਼ਾਵਤ ਕਰਨ ਲਈ ਤਿਆਰ ਕਰ ਲਿਆ। ਇਸ ਤੋਂ ਇਲਾਵਾ ਭਾਈ ਪ੍ਰੇਮ ਸਿੰਘ ਨੇ ਫਿਰੋਜ਼ਪੁਰ ਛਾਉਣੀ ਅਤੇ ਅੰਬਾਲਾ ਛਾਉਣੀ ਵਿਚ ਵੀ ਬਗ਼ਾਵਤ ਦੀ ਲਹਿਰ ਪੈਦਾ ਕਰਨ ਦਾ ਕੰਮ ਪ੍ਰੇਮ ਸਿੰਘ ਨੇ ਹੀ ਕੀਤਾ ਸੀ।

**੨. ਗ਼ਦਰ ਪਾਰਟੀ ਦਾ ਸਾਹਿਤ ਵੰਡਣਾ :** ਭਾਈ ਪ੍ਰੇਮ ਸਿੰਘ ਘੁਮਿਆਰ ਦਾ ਭੇਸ ਬਣਾ ਕੇ ਚਾਰ ਖੋਤਿਆਂ ਦੀਆਂ ਛਟਾਂ ਵਿਚ ਗ਼ਦਰ ਪਾਰਟੀ ਦਾ ਸਾਹਿਤ ਭਰ ਕੇ ਅੰਮ੍ਰਿਤਸਰ ਤੋਂ ਦਿੱਲੀ ਤਕ ਵੰਡਦਾ ਰਿਹਾ।

**੩. ਅੱਛਰ ਸਿੰਘ ਜ਼ੈਲਦਾਰ ਜਗਤਪੁਰਾ (ਸ੍ਰੀ ਅੰਮ੍ਰਿਤਸਰ) ਦਾ ਕਤਲ :** ਭਾਈ ਪ੍ਰੇਮ ਸਿੰਘ ਸੁਰਸਿੰਘ, ਭਾਈ ਕਾਲਾ ਸਿੰਘ ਸੁਰਸਿੰਘ, ਭਾਈ ਕਾਲਾ ਸਿੰਘ ਜਗਤਪੁਰਾ, ਭਾਈ ਚੰਨਣ ਸਿੰਘ ਬੂੜਚੰਦ (ਪੱਟੀ) ਚਾਰਾਂ ਨੇ ਸਰਕਾਰੀ ਮੁਖ਼ਬਰ ਅੱਛਰ ਸਿੰਘ ਜੈਲਦਾਰ ਪਿੰਡ ਜਗਤਪੁਰੇ ਨੂੰ ਮਾਰ ਮੁਕਾਇਆ।

**੪. ਈਸ਼ਰ ਸਿੰਘ ਸੈਂਹਸਰਾ ਜ਼ੈਲਦਾਰ 'ਤੇ ਗੋਲੀ ਚਲਾਉਣੀ :** ਭਾਈ ਪ੍ਰੇਮ ਸਿੰਘ ਸੁਰਸਿੰਘ, ਭਾਈ ਜਗਨਨਾਥ ਸੈਂਹਸਰਾ ਤੇ ਭਾਈ ਖੁਸ਼ਹਾਲ ਸਿੰਘ ਘੁਕੇਵਾਲੀ ਨੇ ਗੱਦਾਰ ਈਸ਼ਰ ਸਿੰਘ ਜ਼ੈਲਦਾਰ 'ਤੇ ਗੋਲੀ ਚਲਾਈ ਪਰ ਉਹ ਤਖਤੇ ਓਹਲੇ ਹੋ ਕੇ ਬਚ ਗਿਆ।

**੫. ਲਾਭ ਸਿੰਘ ਮੁਖ਼ਬਰ 'ਤੇ ਗੋਲੀ ਚਲਾਉਣੀ :** ਤ੍ਰਿਕਾਲਾਂ ਦੇ ਵਕਤ ਪ੍ਰੇਮ ਸਿੰਘ ਤੇ ਕਰਮ ਸਿੰਘ ਦੁਆਬੀਏ ਨੇ ਲਾਭ ਸਿੰਘ 'ਤੇ ਗੋਲੀਆਂ ਚਲਾਈਆਂ। ਉਹ ਤਖਤ

ਪੋਸ਼ ਤੋਂ ਹੇਠਾਂ ਡਿੱਗ ਗਿਆ ਤੇ ਬਚ ਗਿਆ। ਉਹ ਹੋਰ ਵੀ ਗ਼ਦਰੀਆਂ ਦੇ ਲਹੂ ਦਾ ਤ੍ਰਿਹਾਇਆ ਹੋ ਗਿਆ।

**੬.** ਮਾਰਚ, ੧੯੧੫ ਈ. ਨੂੰ ਸ਼ਾਲੀਮਾਰ ਬਾਗ ਵਿਚ ਸਾਵਣ ਮੱਲ ਥਾਣੇਦਾਰ 'ਤੇ ਬੰਬ ਸੁੱਟਿਆ ਤਾਂ ਉਹ ਦੌੜ ਕੇ ਭੀੜ ਵਿਚ ਵੜ ਗਿਆ। ਗ਼ਦਰੀ ਵਾਪਸ ਆ ਗਏ ਕਿ ਕਿਸੇ ਬੇਕਸੂਰ ਦਾ ਨੁਕਸਾਨ ਨਾ ਹੋ ਜਾਵੇ। ਇਸੇ ਤਰ੍ਹਾਂ ਐਮਾਂ ਕਲਾਂ ਦੇ ਮੇਹਰ ਸਿੰਘ ਮੁਖ਼ਬਰ ਨੂੰ ਸ. ਕਰਮ ਸਿੰਘ ਦੁਆਬੀਏ ਅਤੇ ਭਾਈ ਪ੍ਰੇਮ ਸਿੰਘ ਨੇ ਪਾਰ ਬੁਲਾ ਦਿੱਤਾ ਇਸ ਤੋਂ ਇਲਾਵਾ ਪੱਧਰੀ ਕਲਾਂ ਦੇ ਜ਼ੈਲਦਾਰ ਕਪੂਰ ਸਿੰਘ, ਗੱਦਾਰ ਕਿਰਪਾਲ ਸਿੰਘ ਤੇ ਬੇਲਾ ਸਿੰਘ ਮਾਧੋ ਕੇ ਬਰਾੜ ਜੈਲਦਾਰ ਨੂੰ ਵੀ ਮਾਰਨ ਦੀ ਜ਼ਿੰਮੇਵਾਰੀ ਭਾਈ ਪ੍ਰੇਮ ਸਿੰਘ ਨੇ ਲਈ ਸੀ; ਕਿਉਂਕਿ ਇਨ੍ਹਾਂ ਤਿੰਨਾਂ ਬੰਦਿਆਂ ਨੇ ਵੱਡੀ ਗਿਣਤੀ ਵਿਚ ਦੇਸ਼-ਭਗਤ ਗ਼ਦਰੀਆਂ ਨੂੰ ਫੜਾਇਆ ਸੀ। ਇਨ੍ਹਾਂ ਤਿੰਨਾਂ ਕਾਰਨ ਹੀ ਗ਼ਦਰ ਲਹਿਰ ਦਾ ਤਕਰੀਬਨ ਅੰਤ ਹੀ ਹੋ ਗਿਆ ਸੀ। ਰਹਿੰਦੀ ਕਸਰ ਗੰਡਾ ਸਿੰਘ ਗੰਡੀਵਿੰਡੀਏ ਨੇ ਪੂਰੀ ਕਰ ਦਿੱਤੀ ਸੀ।

ਜਦੋਂ ਕਪੂਰ ਸਿੰਘ ਪੱਧਰੀ ਵਾਲੇ ਦੇ ਸਿਲਸਿਲੇ ਵਿਚ ਪੱਧਰੀ ਗਏ ਤਾਂ ਅੱਠ-ਦਸ ਗ਼ਦਰੀ ਪਿੰਡ ਦੇ ਘੇਰੇ-ਘੇਰੇ ਹੋ ਗਏ। ਕਪੂਰ ਸਿੰਘ ਪੱਧਰੀ ਪਿੰਡ ਦੀ ਖੂਹੀ 'ਤੇ ਨਹਾਉਂਦਾ ਮਿਲ ਗਿਆ। ਭਾਈ ਪ੍ਰੇਮ ਸਿੰਘ ਨੇ ਉਸ ਦੀ ਖੱਬੀ ਵੱਖੀ ਵਿਚ ਗੋਲੀ ਮਾਰੀ ਤੇ ਉਹ ਡਿੱਗ ਪਿਆ। ਭਾਈ ਅਰੂੜ ਸਿੰਘ ਨੇ ਸਿਰ ਵਿਚ ਗੋਲੀ ਮਾਰੀ ਤੇ ਇੰਦਰ ਸਿੰਘ ਪੱਧਰੀ ਨੇ ਗੰਡਾਸੀ ਨਾਲ ਉਸ ਦਾ ਸਿਰ ਕਲਮ ਕਰ ਦਿੱਤਾ। ਇਸ ਤੋਂ ਮਗਰੋਂ ਭਾਈ ਪ੍ਰੇਮ ਸਿੰਘ ਭੂਰਿਆਂ ਵਾਲੇ ਭਾਈ ਲਾਲ ਸਿੰਘ ਦੇ ਘਰ ਰਾਤ ਰਹਿਣ ਨੂੰ ਗਏ। ਭਾਈ ਲਾਲ ਸਿੰਘ ਭੂਰੇ ਇਨ੍ਹਾਂ ਦਾ ਸਾਥੀ ਸੀ ਜਿਸ ਕਰ ਕੇ ਆਉਣ-ਜਾਣ ਸੀ ਪਰ ਉਸ ਦਾ ਸਾਲਾ ਬਲਵੰਤ ਸਿੰਘ ਜੋ ਜੌੜ ਸਿੰਘ ਵਾਲੇ ਦਾ ਸੀ, ਉਸ ਨੇ ਲਾਲ ਸਿੰਘ ਦੇ ਪੁੱਤਰ ਚੰਨਣ ਸਿੰਘ ਨਾਲ ਮਿਲ ਕੇ ਭਾਈ ਪ੍ਰੇਮ ਸਿੰਘ ਨੂੰ ਫੜਾਉਣ ਦੀ ਵਿਉਂਤ ਬਣਾਈ। ਬਲਵੰਤ ਸਿੰਘ ਦੇ ਦੋ ਭਣੇਵੇਂ ਕੁੰਦੂ ਤੇ ਦਾਰੀ ਜੋ ਦਦੇਹਰ ਦੇ ਸਨ, ਦੋਵੇਂ ਵੱਡੇ ਬਦਮਾਸ਼ ਸਨ। ਉਨ੍ਹਾਂ ਸਾਰਿਆਂ ਰਲ ਕੇ ਭਾਈ ਪ੍ਰੇਮ ਸਿੰਘ ਨੂੰ ਮਾਨੋਚਾਹਲ ਤੋਂ ਫੜਵਾ ਦਿੱਤਾ। ਭਾਈ ਪ੍ਰੇਮ ਸਿੰਘ ਨੂੰ ਸਈਅਦ ਮੀਰ ਅਲੀ ਇੰਸਪੈਕਟਰ ਦੀ ਪੁਲਿਸ ਅਗਵਾਈ ਵਿਚ ਤਰਨ ਤਾਰਨ ਲਿਜਾਇਆ ਗਿਆ। ਫਿਰ ਡੀ. ਸੀ. ਅੰਮ੍ਰਿਤਸਰ ਦੇ ਪੇਸ਼ ਹੋਣ ਤੋਂ ਬਾਅਦ ਲਾਹੌਰ ਜੇਲ੍ਹ ਵਿਚ ਲੈ ਗਏ। ਜੇਲ੍ਹ ਵਿਚ ਭਾਈ ਪ੍ਰੇਮ ਸਿੰਘ ਉੱਤੇ ਕਾਫੀ ਸਾਰੇ ਕੇਸ ਪਾਏ ਗਏ, ਜਿਨ੍ਹਾਂ ਵਿਚ ਚੱਬੇ ਦਾ ਡਾਕਾ ਅਤੇ ਵੱਲੇ ਦਾ ਡਾਕਾ ਵੀ ਸੀ। ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਫਾਂਸੀ ਦੀ ਸਜਾ ਦਿੱਤੀ ਗਈ। ਭਾਈ ਪ੍ਰੇਮ ਸਿੰਘ ਸੁਰਸਿੰਘ ਵਾਲੇ ਨੂੰ ਲਾਹੌਰ ਜੇਲ੍ਹ ਵਿਚ ੧੬ ਮਈ, ੧੯੧੬ ਈ. ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਭਾਈ ਪ੍ਰੇਮ ਸਿੰਘ ਗ਼ਦਰੀ ਬਾਬੇ ਦੀ ਬੰਸਾਵਲੀ ਇਹ ਹੈ :

**ਜਿਊਣ ਸਿੰਘ**

**।**

**ਜਵਾਲਾ ਸਿੰਘ-ਮਾਹਲਾ ਸਿੰਘ-ਮਿੱਤ ਸਿੰਘ-ਪ੍ਰੇਮ ਸਿੰਘ**

**। ।**

**ਅਜੈਬ ਸਿੰਘ ਦਾਰਾ ਸਿੰਘ-ਗੁਲਜ਼ਾਰ ਸਿੰਘ**

**।**

**ਕਰਨੈਲ ਸਿੰਘ-ਕਸ਼ਮੀਰ ਸਿੰਘ-ਜਗੀਰ ਸਿੰਘ**

**।**

**ਪਰਮਿੰਦਰ ਸਿੰਘ-ਸੁਖਜੀਤ ਸਿੰਘ**

**।**

**ਰਜਮਿੰਦਰ ਸਿੰਘ-ਗੁਰਮਿੰਦਰ ਸਿੰਘ**

ਭਾਈ ਜਵਾਲਾ ਸਿੰਘ, ਭਾਈ ਮਿੱਤ ਸਿੰਘ ਤੇ ਭਾਈ ਪ੍ਰੇਮ ਸਿੰਘ ਤਿੰਨੇ ਭਰਾ ਵਿਦੇਸ਼ ਗਏ। ਵੱਡੇ ਜਵਾਲਾ ਸਿੰਘ ਦਾ ਉੱਥੇ ਹੀ ਕਤਲ ਹੋ ਗਿਆ। ਪ੍ਰੇਮ ਸਿੰਘ ਪੰਝੀਵੇਂ ਵਰ੍ਹੇ ਫਾਂਸੀ ’ਤੇ ਚੜ੍ਹ ਗਿਆ। ਭਾਈ ਮਿੱਤ ਸਿੰਘ ਨੇ ਕੁਆਰਿਆਂ ਰਹਿ ਕੇ ਭਰਾਵਾਂ ਦੇ ਬੱਚਿਆਂ ਦੀ ਪਰਵਰਿਸ਼ ਕੀਤੀ। ਭਾਈ ਪ੍ਰੇਮ ਸਿੰਘ ਕਰਕੇ ਭਾਈ ਮਿੱਤ ਸਿੰਘ ਅਤੇ ਮਾਹਲਾ ਸਿੰਘ ਦੋਵਾਂ ਭਰਾਵਾਂ ਨੂੰ ਮੁਜ਼ਰਮ ਗਰਦਾਨਿਆ ਗਿਆ। ਸਰਕਾਰੀ ਉਜਾੜਾ ਭਾਈ ਮਿੱਤ ਸਿੰਘ ਨੇ ਆਪਣੇ ਸਿਰ ਝੱਲਿਆ। ਗ਼ਰੀਬੀ ਵਿਚ ਪਰਵਾਰ ਦੀ ਪਰਵਰਿਸ਼ ਕੀਤੀ। ਸਿਤਮ ਦੀ ਗੱਲ ਹੈ ਕਿ ਗ਼ਦਰੀ ਪਰਵਾਰਾਂ ਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦੀਆਂ ਕਿਹੜੀਆਂ ਜ਼ਮੀਨਾਂ ਜਾਇਦਾਦਾਂ ਦੀ ਨੀਲਾਮੀ ਹੋਈ ਜਾਂ ਜਬਤ ਹੋਈਆਂ। ਅੱਜ ਤਕ ਕਿਸੇ ਸਰਕਾਰ ਨੇ ਵੀ ਇਨ੍ਹਾਂ ਪਰਵਾਰਾਂ ਦੀ ਬਾਂਹ ਨਹੀਂ ਫੜੀ। ਬਹੁਤ ਸਾਰੇ ਪਰਵਾਰ ਹਨ ਜਿਨ੍ਹਾਂ ਦੇ ਵਡੇਰੇ ਅਜ਼ਾਦੀ ਦੀ ਸ਼ਮ੍ਹਾਂ ਦੇ ਪ੍ਰਵਾਨੇ ਬਣੇ। ਸੁਰਸਿੰਘ ਪਿੰਡ ਦੇ ਦੋ ਪਰਵਾਰ ਹਨ ਜਿਨ੍ਹਾਂ ਦੇ ਵਡੇਰਿਆਂ ਨੂੰ ਫਾਂਸੀ ਲੱਗੀ ਸੀ। ਪਹਿਲੇ ਸ. ਜਗਤ ਸਿੰਘ ਨੂੰ ੧੬ ਨਵੰਬਰ, ੧੯੧੫ ਈ. ਨੂੰ ਤੇ ਸ. ਪ੍ਰੇਮ ਸਿੰਘ ਨੂੰ ੧੬ ਮਈ, ੧੯੧੬ ਈ. ਵਾਲੇ ਦਿਨ ਫਾਂਸੀ ਲੱਗੀ ਸੀ। ਦੋਵਾਂ ਨੂੰ ਸ਼ਹੀਦੀਆਂ ਪਾਈਆਂ ਨੂੰ ਇੱਕ-ਇੱਕ ਸਦੀ ਹੋ ਗਈ ਹੈ।

ਸਾਡਾ ਫਰਜ਼ ਬਣਦਾ ਹੈ ਕਿ ਉਨ੍ਹਾਂ ਸ਼ਹੀਦਾਂ, ਮਰਜੀਵੜਿਆਂ ਜਿਨ੍ਹਾਂ ਕਾਲੇ ਪਾਣੀਆਂ ਦੀਆਂ ਜੇਲ੍ਹਾਂ ਵਿਚ ਅਸਹਿ ਤੇ ਅਕਹਿ ਕਸ਼ਟ ਕੇਵਲ ਇਸ ਕਰ ਕੇ ਝੱਲੇ ਕਿ ਉਨ੍ਹਾਂ ਦੇ ਦੇਸ਼-ਵਾਸੀ ਅਜ਼ਾਦ ਫ਼ਿਜ਼ਾ ਵਿਚ ਸਾਹ ਲੈ ਸਕਣ। ਉਹ ਤੇ ਕੁਰਬਾਨੀਆਂ ਕਰ ਗਏ ਪਰ ਕੀ ਸਰਕਾਰਾਂ ਨੇ ਉਨ੍ਹਾਂ ਨੂੰ ਯਾਦ ਕਰਨ ਦਾ ਜੋ ਫ਼ਰਜ਼ ਬਣਦਾ ਸੀ, ਉਹ ਫਰਜ਼ ਨਿਭਾਇਆ ਹੈ?

ਜੇਕਰ ਸ. ਭਗਤ ਸਿੰਘ ਅਤੇ ਸ. ਕਰਤਾਰ ਸਿੰਘ ਸਰਾਭਾ ਨੂੰ ਸਰਕਾਰੀ ਸਨਮਾਨ ਦਿੱਤਾ ਗਿਆ ਹੈ ਬਹੁਤ ਚੰਗਾ ਹੈ ਲੇਕਿਨ ਸ. ਜਗਤ ਸਿੰਘ ਵੀ ਤਾਂ ਉਸੇ ਘੜੀ, ਉਸੇ ਪਲ ਉਸੇ ਤਖਤੇ ਉੱਤੇ ਫਾਂਸੀ ਲੱਗੇ ਸਨ ਫਿਰ ਉਸੇ ਤਖਤੇ ’ਤੇ ਸ. ਪ੍ਰੇਮ ਸਿੰਘ ਫਾਂਸੀ ਲੱਗੇ ਸਨ। ਫਿਰ ਇਹ ਵਿਤਕਰਾ ਕਿਉਂ? ਅੱਜ ਦੀ ਨਵੀਂ ਪੀੜ੍ਹੀ ਇਨ੍ਹਾਂ ਸੁਆਲਾਂ ਦੇ ਜੁਆਬ ਮੰਗਦੀ ਹੈ। ■

# ਗਿਆਨੀ ਗਿਆਨ ਸਿੰਘ ਜੀ : ਜੀਵਨ ਤੇ ਰਚਨਾ

*-ਭਾਈ ਬਲਵਿੰਦਰ ਸਿੰਘ ਲੌਂਗੋਵਾਲ**

ਸਿੱਖ ਇਤਿਹਾਸਕਾਰ ਜਿਨ੍ਹਾਂ ਨੂੰ ਪੰਜਾਬੀ ਵਾਰਤਕ ਵਿਚ ਸਿੱਖ ਇਤਿਹਾਸ ਲਿਖਣ ਦਾ ਸੁਭਾਗਾ ਸਮਾਂ ਮਿਲਿਆ, ਉਹ ਹਨ— ਗਿਆਨੀ ਗਿਆਨ ਸਿੰਘ ਜੀ। ਇਨ੍ਹਾਂ ਦਾ ਜਨਮ ੧੯ ਅਪ੍ਰੈਲ, ੧੮੨੨ ਈ. ਪਿੰਡ ਲੌਂਗੋਵਾਲ ਵਿਖੇ ਪਿਤਾ ਭਾਗ ਸਿੰਘ ਜੀ ਦੇ ਘਰ ਮਾਤਾ ਦੇਸਾਂ (ਦੇਸ ਕੌਰ) ਦੀ ਕੁੱਖੋਂ ਹੋਇਆ। ਗਿਆਨੀ ਜੀ ਅਨੁਸਾਰ ਉਹ ਭਾਈ ਮਨੀ ਸਿੰਘ ਜੀ ਦੀ ਵੰਸ਼ ਵਿੱਚੋਂ ਪੜਪੋਤੇ ਲੱਗਦੇ ਸਨ। ਗਿਆਨੀ ਜੀ ਨੇ ਬਚਪਨ ਵਿਚ ਹੀ ਗੁਰਬਾਣੀ ਸਿੱਖਣੀ ਸ਼ੁਰੂ ਕੀਤੀ। ਪਿੰਡ ਦੇ ਹੀ ਗ੍ਰੰਥੀ ਭਾਈ ਭੋਲਾ ਸਿੰਘ ਜੀ ਤੋਂ ਪੰਜਾਬੀ ਲਿਖਣੀ ਸਿੱਖੀ ਅਤੇ ਨਾਲ ਹੀ ਗੁਰਬਾਣੀ ਵੀ ਪੜ੍ਹਨੀ ਸਿੱਖੀ।

ਗਿਆਨੀ ਗਿਆਨ ਸਿੰਘ ਜੀ ਆਪਣੇ ਗ੍ਰੰਥ 'ਪੰਥ ਪ੍ਰਕਾਸ਼' ਦੇ ਅੰਤ ਵਿਚ ਆਪਣੀ ਵੰਸ਼ ਦਾ ਵੇਰਵਾ ਦਿੰਦੇ ਹਨ। ਉਨਾਂ ਅਨੁਸਾਰ ਉਨ੍ਹਾਂ ਦਾ ਪਰਿਵਾਰਿਕ ਪਿਛੋਕੜ ਚੌਹਾਨ ਖ਼ਾਨਦਾਨ ਦੇ ਪ੍ਰਸਿੱਧ ਰਾਜੇ ਪ੍ਰਿਥਵੀ ਰਾਜ ਜਾਂ ਰਾਏ ਪਿਥੌਰਾ ਨਾਲ ਮਿਲਦਾ ਹੈ। ਰਾਏ ਪਿਥੌਰਾ ਦਾ ਦੂਸਰਾ ਭਰਾ ਰਾਏ ਬੀਰਾ ਸੀ। ਦਿੱਲੀ ਦਾ ਰਾਜ ਰਾਏ ਪਿਥੌਰਾ ਦੇ ਅਧੀਨ ਅਤੇ ਆਗਰੇ ਦਾ ਰਾਜ ਰਾਏ ਬੀਰਾ ਦੇ ਅਧੀਨ ਸੀ। ਰਾਏ ਬੀਰਾ ਆਪਣੀ ਅਦਾਲਤ ਵਿਚ ਪੇਸ਼ ਹੋਣ ਵਾਲੇ ਮੁਦਈ ਅਤੇ ਮੁਦੱਅਲਹਿ ਦੋਨਾਂ ਨੂੰ ਲੁੱਟ ਲੈਂਦਾ ਸੀ। ਇੱਕ ਵਾਰ ਰਾਏ ਬੀਰਾ ਆਪਣੇ ਭਰਾ ਰਾਏ ਪਿਥੌਰਾ ਨੂੰ ਮਿਲਣ ਲਈ ਦਿੱਲੀ ਆਇਆ । ਰਾਏ ਪਿਥੌਰਾ ਨੇ ਹੱਸ ਕੇ ਕਿਹਾ— "ਆਓ ਦੋਲੁੱਟ ਬੀਰ ਹਮਾਰੇ" ਉਸ ਸਮੇਂ ਤੋਂ ਹੀ ਰਾਏ ਬੀਰਾ ਦਾ ਨਾਮ ਦੋਲੁੱਟ (ਦੋਨਾਂ ਨੂੰ ਲੁੱਟਣ ਵਾਲਾ) ਪੈ ਗਿਆ। ਫਿਰ ਹੌਲੀ ਹੌਲੀ ਬਦਲ ਕੇ ਦੁੱਲਟ ਬਣ ਗਿਆ।੧੧੯੨ ਈ. ਨੂੰ ਤਰੈਣ ਦੀ ਲੜਾਈ ਵਿਚ ਪ੍ਰਿਥਵੀ ਰਾਜ ਚੌਹਾਨ ਮੁਹੰਮਦ ਗੋਰੀ ਤੋਂ ਹਾਰ ਗਿਆ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਰਾਏ ਬੀਰਾ ਤੁਰਕਾਂ ਦੇ ਹੱਥ ਨਹੀਂ ਆਇਆ। ਉਹ ਭੱਜ ਕੇ ਪੰਜਾਬ ਵਿਚ ਸੁਨਾਮ ਦੇ ਨੇੜੇ ਹੀ ਜੰਗਲਾਂ ਵਿਚ ਲੁਕ ਗਿਆ। ਸੁਨਾਮ ਉਸ ਸਮੇਂ ਗੁੱਜਰ ਕੌਮ ਦੇ ਰਾਜ ਅਧੀਨ ਸੀ। ਜਿਸ ਨੂੰ ਰਾਣੀ ਸੋਇਨਾ ਨੇ ਅਬਾਦ ਕੀਤਾ ਸੀ। ਸੋਇਨਾ ਰਾਣੀ ਬੜੀ ਸਿਆਣੀ ਅਤੇ ਦਾਨਾਅ ਇਸਤਰੀ ਸੀ। ਉਸ ਨੇ ਦੁੱਲਟ ਰਾਏ ਬੀਰਾ ਨੂੰ ਆਪਣੇ ਕੋਲ ਫੌਜ ਵਿਚ ਰੱਖ ਲਿਆ ਅਤੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਦਿੱਤੀਆਂ ਕਿਉਕਿ ਰਾਜਿਆਂ ਨੂੰ ਹਮੇਸ਼ਾ ਹੀ ਤਕੜੇ ਧਾੜਵੀਆਂ ਤੇ ਜ਼ੋਰਾਬਾਰੀ ਕਰਨ ਵਾਲਿਆਂ ਦੀ ਲੋੜ ਰਹਿੰਦੀ ਸੀ ਤਾਂ ਜੋ ਉਨ੍ਹਾਂ ਦੀ ਸਹਾਇਤਾ ਨਾਲ ਆਪਣੇ ਰਾਜ ਵਿਚ ਦਬਦਬਾ ਕਾਇਮ ਰੱਖ ਸਕਣ। ਬਹੁਤ ਸਾਰੇ ਧਾੜਵੀ ਰਾਏ ਬੀਰਾ ਦੇ ਨਾਲ ਆ ਮਿਲੇ ਤੇ ਉਨ੍ਹਾਂ ਨੇ ਦੂਰ-

**ਪ੍ਰਚਾਰਕ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. +੯੧੯੪੬੩੮-੩੪੪੮੬*

ਦੂਰ ਤਕ ਧਾੜੇ ਮਾਰਨੇ ਸ਼ੁਰੂ ਕਰ ਦਿੱਤੇ। ਗਿਆਨੀ ਜੀ ਲਿਖਦੇ ਹਨ ਕਿ:-

*ਲੋਗ ਧਾੜਵੀ ਦੇਸੀ ਜੇਤੇ ਮਿਲੇ ਰਾਏ ਦੁੱਲਟ ਮੈ ਤੇਤੇ।*
*ਉਨਸੈ ਮਿਲ ਧਾੜੇ ਬਹੁ ਮਾਰੇ ਦੌਲਤ ਹਾਸਲ ਕਰੀ ਅਪਾਰੇ।*

ਅੱਗੇ ਗਿਆਨੀ ਜੀ ਫਿਰ ਰਾਏ ਬੀਰਾ ਦੁੱਲਟ ਦੀ ਸੰਤਾਨ ਬਾਰੇ ਲਿਖਦੇ ਹਨ ਕਿ:-

*ਸਾਤ ਪੂਤ ਦੁੱਲਟ ਕੇ ਥੀਏ। ਸ਼ੂਰ, ਧਾਰ ਕੈਬੋ, ਬਨ, ਲੀਏ।*
*ਲੌਂਗੋ, ਰਾਜਰਾਣੀ, ਬਡਿਆਣੀ। ਰਾਇ ਨਾਮ ਪ੍ਰਗਟੇ ਬੜ ਜਾਣੀ।*
*ਪੁਤ ਪੌਤ੍ਰ ਭਏ ਉਨੇ ਅਪਾਰੇ। ਜੱਟਨ ਕੇ ਘਰ ਬਿਯਾਹੇ ਸਾਰੇ।*
*ਉਨਤੀ ਸੰਤਤਿ ਜ਼ੋ ਬਹੁ ਹੋਈ। ਦੁਲਟ ਗੋਤ੍ਰ ਪ੍ਰਗਟੇ ਸੋਈ।*
*ਚੱਠੇ ਉੱਪਲੀ, ਕੈਬੋਵਾਲ। ਲੌਂਗੋਵਾਲਦਿਕ ਬਹੁ ਕਾਲ।*

ਇਸ ਤਰ੍ਹਾਂ ਦੁੱਲਟ ਦੀ ਔਲਾਦ ਬਹੁਤ ਸਾਰੇ ਪੰਜਾਬ ਦੇ ਪਿੰਡਾਂ ਵਿਚ ਵੱਧ ਗਈ। ਮਾਈਆ ਅਤੇ ਮਾਲੀ ਨਾ ਦੇ ਵਿਅਕਤੀ ਨੇ ਆਪਣੀ ਜਾਤ ਦਾ ਨਾਂ ਕਾਇਮ ਰੱਖਣ ਲਈ ਦੁੱਲਟ ਪਿੰਡ ਵਸਾਇਆ (ਜੋ ਕਿ ਜ਼ਿਲ੍ਹਾ ਗੁਰਦਾਸਪੁਰ ਵਿਚ ਹੈ)।

ਮਾਲਵਾ ਦੇਸ਼ ਦੀ ਯਾਤਰਾ ਦੌਰਾਨ ਨੌਵੇਂ ਪਤਾਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪ੍ਰਚਾਰ ਕਰ ਰਹੇ ਸਨ ਤਾਂ ਬਹੁਤ ਸਾਰੇ ਦੁੱਲਟ ਉਨ੍ਹਾਂ ਦੇ ਸਿੱਖ ਬਣ ਗਏ ਅਤੇ ਪਿੱਛੋਂ ਦਸਵੇਂ ਗੁਰੂ ਸਾਹਿਬਾਨ ਨਾਲ ਧਰਮ ਯੁੱਧਾਂ ਸਮੇਂ ਦੁੱਲਟ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਗੁਰੂ ਸਾਹਿਬ ਦੀ ਫੌਜ ਵਿਚ ਭਰਤੀ ਹੋ ਕੇ ਖਾਲਸਾ ਪੰਥ ਦੀ ਸੇਵਾ ਵਿਚ ਲੱਗ ਗਏ। ਔਰੰਗਜ਼ੇਬ ਦੇ ਕਮਜ਼ੋਰ ਉਤਰਾ-ਅਧਿਕਾਰੀਆਂ ਦੇ ਸਮੇਂ ਜਦੋਂ ਮੁਲਕ ਵਿਚ ਬੜੀ ਬਦਅਮਨੀ ਫੈਲੀ ਅਤੇ ਨਾਦਰ ਸ਼ਾਹ ਅਤੇ ਅਹਿਮਦਸ਼ਾਹ ਅਬਦਾਲੀ ਵਰਗੇ ਨਿਰਦਈ ਹਲਮਾਵਰਾਂ ਨੇ ਮੁਲਕ ਨੂੰ ਲੁੱਟ ਕੇ ਬਰਬਾਦ ਕਰਨਾ ਸ਼ੁਰੂ ਕੀਤਾ ਤਾਂ ਦੁੱਲਟਾਂ ਨੂੰ ਵੀ ਬਹੁਤ ਸਾਰਾ ਨੁਕਸਾਨ ਪਹੁੰਚਿਆ। ਰਿਆਸਤ ਮਾਲੇਰਕੋਟਲਾ ਦਾ ਵੱਡਾ ਪਿੰਡ ਬਡਬਰ ਮੁਸਲਮਾਨਾਂ ਦਾ ਗੜ੍ਹ ਸੀ। ਇੱਥੋਂ ਦੇ ਚੌਧਰੀ ਰਿਆਸਤ ਮਾਲੇਰਕੋਟਲਾ ਦੇ ਦੀਵਾਨ ਸਨ। ਲੌਂਗੋਵਾਲ, ਕੈਂਬੋਵਾਲ ਆਦਿ ਇਹ ੭ ਪਿੰਡ ਦੁੱਲਟਾਂ ਦੇ ਵਸਾਏ ਸਨ। ਇਨ੍ਹਾਂ ਨਾਲ ਹੀ ਚਾਰ ਪਿੰਡ ਹੋਰ ਤਕੀਪੁਰ, ਸਾਹੋਕੇ, ਢੱਡਰੀਆਂ ਅਤੇ ਰੱਤੋਕੇ ਮੁਸਲਮਾਨਾਂ ਦੇ ਪਿੰਡ ਸਨ। ਇਨ੍ਹਾਂ ਨੇ ਨਾਦਰ ਸ਼ਾਹ ਅਤੇ ਅਬਦਾਲੀ ਦੇ ਸਮੇਂ ਸਿੱਖਾਂ ਨੂੰ ਦਬਾਉਣ ਲਈ ਬਹੁਤ ਵੱਡੀ ਮਦਦ ਕੀਤੀ। ਅਬਦਾਲੀ ਨੇ ਹਮਲੇ ਦੌਰਾਨ ਲੌਂਗੋਵਾਲ, ਕੈਂਬੋਵਾਲ ਦੇ ਨਾਲ ਸੱਤ ਪਿੰਡ ਹੋਰ ਉਜਾੜ ਦਿੱਤੇ ਸਨ। ਅੱਜ ਵੀ ਉਨ੍ਹਾਂ ਪਿੰਡਾਂ ਦੀਆਂ ਥੇਹਾਂ ਮਿਲਦੀਆਂ ਹਨ। ਜਦੋਂ ਬਾਬਾ ਆਲਾ ਸਿੰਘ ਆਪਣਾ ਰਾਜ ਸਥਾਪਿਤ ਕਰ ਕੇ ਬਰਨਾਲਾ ਵਸਾਉਣ ਉਪਰੰਤ ਉਹ ਸੁਨਾਮ ਵੱਲ ਵਧੇ ਤਾਂ ਉਨਾਂ ਦੀ ਨਿਗਾਹ ਢਹਿ-ਢੇਰੀ ਹੋਏ ਲੌਂਗੋਵਾਲ ਕੈਂਬੋਵਾਲ 'ਤੇ ਪਈ। ਨੇ ਉਸੇ ਸਮੇਂ ਜਦੋਂ ਪਤਾ ਲੱਗਾ ਕਿ ਇਹ ਦੁੱਲਟ ਜੱਟਾਂ ਦੇ ਪਿੰਡ ਸਨ ਤਾਂ ਉਨ੍ਹਾਂ ਨੇ ਨੂੰ ਇਕੱਠਾ ਕਰ ਕੇ ੧੭੪੯ ਈ. ਨੂੰ ਲੌਂਗੋਵਾਲ ਮੁੜ ਅਬਾਦ ਕੀਤਾ। ਉਸ ਤੋਂ ਪਹਿਲਾਂ ਦੋ ਸਾਲ ਉਭਾਵਾਲ, ਚੱਠੇ ਅਤੇ ਉੱਪਲੀ ਨਗਰ

ਵਸਾਏ ਸਨ। ਬਾਬਾ ਆਲਾ ਸਿੰਘ ਜੀ ਨੇ ਫਿਰ ਇਸ ਪਿੰਡ ਦੀ ਮਲਕੀਅਤ ਦੁੱਲਟਾਂ ਨੂੰ ਦੇ ਦਿੱਤੀ ਅਤੇ ਗੁਰੂ ਕੇ ਲੰਗਰ ਲਈ ਜ਼ਮੀਨ ਲਗਾਈ ਗਈ ਜੋ ਅੱਜ ਵੀ ਗੁਰਦੁਆਰਾ ਚੁੱਲੇ ਬਾਬਾ ਆਲਾ ਸਿੰਘ ਜੀ ਦੇ ਨਾਂ 'ਤੇ ਚੱਲ ਰਹੀ ਹੈ। ਇਨ੍ਹਾਂ ਦੁੱਲਟਾਂ ਵਿੱਚੋਂ ਵਡੇਰੇ ਕਾਲਾ ਚੌਧਰੀ ਹੋਏ ਹਨ। ਜਿਹੜੇ ਅਕੋਈ ਸਾਹਿਬ ਵਿਆਹੇ ਸਨ। ਜਦੋਂ ਨੌਵੇਂ ਪਾਤਸ਼ਾਹ ਮਾਲਵਾ ਫੇਰੀ ਦੌਰਾਨ ਅਕੋਈ ਸਾਹਿਬ ਆਏ ਤਾਂ ਇਹ ਵੀ ਆਪਣੇ ਪੁੱਤਰਾਂ ਤੇ ਪਰਵਾਰ ਸਮੇਤ ਗੁਰੂ ਜੀ ਦੇ ਦਰਸ਼ਨਾਂ ਲਈ ਗਏ। ਸਰਦਾਰ ਕਾਲਾ ਸਿੰਘ ਚੌਧਰੀ ਫਿਰ ਸ੍ਰੀ ਅਨੰਦਪੁਰ ਸਾਹਿਬ ਮਿਲਣ ਗਿਆ ਤੇ ਉੱਥੇ ਹੀ ਇਨ੍ਹਾਂ ਦਾ ਛੋਟਾ ਪੁੱਤਰ ਮਨੀਆ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹਾਣੀ ਸੀ, ਨਾਲ ਖੇਡਦਾ ਖੇਡਦਾ ਰਚ ਗਿਆ। ਮਨੀਏ ਨੇ ਨਾਲ ਵਾਪਸ ਆਉਣ ਲਈ ਨਾਂਹ ਕਰ ਦਿੱਤੀ ਤੇ ਗੁਰੂ ਜੀ ਨੇ ਕਿਹਾ ਕਿ ਇਹ ਬਾਲਕ ਗੋਬਿੰਦ ਰਾਇ ਨਾਲ ਖੇਡ ਲਿਆ ਕਰੂ ਇੱਥੇ ਹੀ ਰਹਿਣ ਦਿਓ। ਇੱਥੋਂ ਮਨੀਏ ਤੋਂ ਫਿਰ ਭਾਈ ਮਨੀ ਸਿੰਘ ਬਣ ਕੇ ਕੌਮ ਦੀ ਸੇਵਾ ਕੀਤੀ ਅਤੇ ਬੰਦ-ਬੰਦ ਕਟਾ ਕੇ ਸ਼ਹੀਦੀ ਪ੍ਰਾਪਤ ਕੀਤੀ। ਸਰਦਾਰ ਕਾਲਾ ਸਿੰਘ ਚੌਧਰੀ ਦਾ ਵੱਡਾ ਪੁੱਤਰ ਭਾਈ ਨਗਾਹੀਆ ਸਿੰਘ ਨਾਲ ਵਾਪਸ ਆ ਕੇ ਆਪਣਾ ਕਾਰੋਬਾਰ ਕਰਨ ਲੱਗ ਪਿਆ। ਭਾਈ ਨਿਗਾਹੀਆ ਸਿੰਘ ਵਿਆਹਿਆ ਗਿਆ ਜਿਸ ਦੇ ਸੱਤ ਪੁੱਤ ਹੋਏ ਜਿਨ੍ਹਾਂ ਦੇ ਨਾਂ— ਦਰਗਾਹਾ ਸਿੰਘ, ਅੱਘੜ ਸਿੰਘ, ਥਰਾਜ ਸਿੰਘ, ਮਰਾਝ ਸਿੰਘ, ਰੁੱਘਾ ਸਿੰਘ, ਬਖਤਾ ਸਿੰਘ ਅਤੇ ਸੁਜਾਨ ਸਿੰਘ ਸਨ, ਇਨ੍ਹਾਂ ਵਿੱਚੋਂ ਅੱਘੜ ਸਿੰਘ ਅਤੇ ਥਰਾਜ ਸਿੰਘ ਸਰਦਾਰ ਕਪੂਰ ਸਿੰਘ ਦੇ ਨਾਲ ਜਾ ਸ਼ਾਮਿਲ ਹੋਏ। ਇਹ ਕਿਹਾ ਜਾਂਦਾ ਕਿ ਇਹ ਦੋਵੇਂ ਭਰਾ ਰੋਪੜ ਦੇ ਕੋਲ ਮੁਸਲਮਾਨਾਂ ਨਾਲ ਲੜਦੇ ਹੋਏ ਸ਼ਹੀਦੀਆਂ ਪਾ ਗਏ ਸਨ। ਉਨ੍ਹਾਂ ਦੀ ਯਾਦ ਵਿਚ ਉੱਥੇ ਸ਼ਹੀਦ ਗੰਜ ਬਣਿਆ ਹੋਇਆ ਹੈ। ਭਾਈ ਦਰਗਾਹਾ ਸਿੰਘ ਨਿਰਮਲਾ ਸਾਧੂ ਬਣ ਗਿਆ ਜਿਨ੍ਹਾਂ ਨੇ ਹਰਿਦੁਆਰ ਵਿਖੇ ਧਰਮਸ਼ਾਲਾ ਬਣਾਈ ਹੋਈ ਹੈ। ਸਰਦਾਰ ਬਖਤਾ ਸਿੰਘ ਦੇ ਘਰ ਭਾਗ ਸਿੰਘ ਪੈਦਾ ਹੋਇਆ। ਭਾਗ ਸਿੰਘ ਦਾ ਵਿਆਹ ਸੁਨਾਮ ਦੇ ਨੇੜੇ ਸ਼ੇਰੋ ਪਿੰਡ ਵਿਚ ਸਰਦਾਰ ਤਕੜਾ ਸਿੰਘ ਦੀ ਧੀ ਦੇਸਾਂ ਜਿਸ ਨੂੰ ਤਕੜੋ ਵੀ ਕਹਿੰਦੇ ਸਨ, ਨਾਲ ਹੋਇਆ। ਸਰਦਾਰ ਤਕੜਾ ਸਿੰਘ ਇਕ ਗੁਰਮੁੱਖ ਪੁਰਸ਼ ਸਨ।

ਗਿਆਨੀ ਜੀ ਦੀ ਮਾਤਾ ਉੱਚੀ ਸ਼ਖ਼ਸੀਅਤ ਦੀ ਮਾਲਕ ਸੀ ਅਤੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਵਾਲੀ ਸੀ। ਜਿਸ ਦੇ ਪ੍ਰਭਾਵ ਹੇਠ ਗਿਆਨੀ ਜੀ ਵੱਡੇ ਹੋਏ। ਉਨ੍ਹਾਂ ਆਪਣੀ ਮਾਤਾ ਤੋਂ ਹੀ ਗੁਰਸਿੱਖੀ ਦੀ ਸੇਧ ਮਿਲੀ ਅਤੇ ਜੀਵਨ-ਜਾਚ ਸਿੱਖੀ।

ਗਿਆਨੀ ਜੀ ਭਾਈ ਮਨੀ ਸਿੰਘ ਜੀ ਦੀ ਪੰਜਵੀਂ ਪੀੜ੍ਹੀ ਵਿੱਚੋਂ ਸਨ ਤੇ ਭਾਈ ਸਾਹਿਬ ਦੀ ਸ਼ਹਾਦਤ ਬਾਰੇ ਦੱਸਦਿਆਂ ਆਪਣੀ ਲਿਖਤ 'ਤਵਾਰੀਖ ਗੁਰੂ ਖਾਲਸਾ' ਵਿਚ ਲਿਖਦੇ ਹਨ ਕਿ ਇਸ ਕਥਨ ਨੂੰ ਲਿਖਦੀ ਹੋਈ ਮੇਰੀ ਕਲਮ ਤੇ ਛਾਤੀ ਇਸ ਵਾਸਤੇ ਅਧਿਕ ਤੜਫਦੀ ਹੈ ਕਿ ਇਹ ਮੇਰੇ ਬਾਪ ਦਾ ਦਾਦਾ ਸੀ। (ਐਡੀਸ਼ਨ ੧੯੭੦, ਪੰਨਾ ਨੰ: ੧੨੭) ਜਿਸ ਖ਼ਾਨਦਾਨ ਵਿਚ ਭਾਈ ਮਨੀ ਸਿੰਘ ਜੀ ਵਰਗੇ ਮਹਾਨ ਵਿਦਵਾਨ ਅਤੇ ਸ਼ਰਧਾਵਾਨ ਸਿੰਘ ਹੋਏ ਹੋਣ ਉਸ ਖ਼ਾਨਦਾਨ ਨੂੰ ਆਪਣੇ ਵਿਰਸੇ

'ਤੇ ਗੌਰਵ ਹੋਣਾ ਸੁਭਾਵਿਕ ਹੈ ਅਤੇ ਉਸ ਗੌਰਵ ਦੇ ਨਾਲ ਆਪਣੀਆਂ ਖ਼ਾਨਦਾਨੀ ਰਵਾਇਤਾਂ ਨੂੰ ਕਾਇਮ ਰੱਖਣਾ ਉਨਾਂ ਦਾ ਵੀ ਫ਼ਰਜ਼ ਬਣ ਜਾਂਦਾ ਹੈ।

ਗਿਆਨੀ ਜੀ ਆਪਣੇ ਮਾਪਿਆ ਦੀ ਚੌਥੀ ਔਲਾਦ ਸਨ ਤੇ ਇਨਾਂ ਤੋਂ ਵੱਡੇ ਇਨ੍ਹਾਂ ਦੇ ਤਿੰਨ ਭਰਾ— ਸਰਦਾਰ ਸੱਦਾ ਸਿੰਘ, ਭਾਈ ਸੰਤੋਖ ਸਿੰਘ ਤੇ ਅਨੋਖ ਸਿੰਘ ਸਨ। ਗਿਆਨੀ ਜੀ ਦੇ ਜੀਵਨ ਦੀ ਜਾਣਕਾਰੀ ਇਨ੍ਹਾਂ ਦੇ ਗ੍ਰੰਥਾਂ 'ਪੰਥ ਪ੍ਰਕਾਸ਼', 'ਗੁਰਧਾਮ ਸੰਗ੍ਰਹਿ', 'ਰਿਪਦਮਨ ਪ੍ਰਕਾਸ਼' ਵਿੱਚੋਂ ਮਿਲਦੀ ਹੈ ਪਰ ਇਨ੍ਹਾਂ ਨੇ ਆਪਣਾ ਜੀਵਨ ਬ੍ਰਿਤਾਂਤ ਅਪਣੇ ਭਰਾ ਸੱਦਾ ਸਿੰਘ ਦੀ ਸਪੁੱਤਰੀ ਬੀਬੀ ਪ੍ਰਧਾਨ ਕੌਰ ਦੇ ਲੜਕੇ ਗਿਆਨੀ ਹਮੀਰ ਸਿੰਘ ਜੀ ਤੋਂ ਲਿਖਵਾਇਆ। ਗਿਆਨੀ ਹਮੀਰ ਸਿੰਘ ਜੀ ਨੇ ਉਸ ਜੀਵਨ ਕਥਾ ਨੂੰ ਉਰਦੂ ਵਿਚ ਛਾਪਣ ਦਾ ਪ੍ਰਬੰਧ ਕੀਤਾ ਪਰ ਉਹ ਛਪ ਨਹੀਂ ਸਕੀ।

ਗਿਆਨੀ ਜੀ ਦਾ ਕੱਦ ਛੋਟਾ, ਸਰੀਰ ਪਤਲਾ, ਸੋਹਣੇ ਨਕਸ਼ ਤੇ ਸੁਰੀਲੀ ਅਵਾਜ਼ ਸੀ। ਉਹ ਬੜਾ ਪ੍ਰਭਾਵਸ਼ਾਲੀ ਭਾਸ਼ਣ ਕਰਦੇ ਸਨ। ਗਿਆਨੀ ਜੀ ਦੇ ਮਾਤਾ ਬੜੇ ਧਾਰਮਿਕ ਵਿਚਾਰਾਂ ਵਾਲੇ ਸਨ, ਜਿਸ ਕਰਕੇ ਗਿਆਨੀ ਜੀ 'ਤੇ ਸਿੱਖੀ ਦਾ ਪ੍ਰਭਾਵ ਪਿਆ। ਬਚਪਨ ਵਿਚ ਹੀ ਉਹ ਅੰਮ੍ਰਿਤਧਾਰੀ ਸਿੰਘ ਸਜ ਗਏ ਸਨ। ਪਿੰਡ ਦੇ ਗ੍ਰੰਥੀ ਭਾਈ ਭੋਲਾ ਸਿੰਘ ਜੀ ਤੋਂ ਗੁਰਮਤਿ ਦੀ ਮੁੱਢਲੀ ਵਿੱਦਿਆ ਦੀ ਪ੍ਰਾਪਤੀ ਦੇ ਨਾਲ 'ਸ੍ਰੀ ਗੁਰੂ ਗ੍ਰੰਥ ਸਾਹਿਬ', 'ਦਸਮ ਗ੍ਰੰਥ ਸਾਹਿਬ', 'ਵਾਰਾਂ', 'ਕਵਿੱਤ ਸਵੱਯੇ ਭਾਈ ਗੁਰਦਾਸ', ਹਨੂੰਮਾਨ ਨਾਟਕ ਆਦਿ ਗ੍ਰੰਥਾਂ ਨੂੰ ਅਰਥਾਂ ਸਮੇਤ ਪੜ੍ਹਿਆ।

ਗਿਆਨੀ ਜੀ ਦੀ ਅਵਾਜ਼ ਬਹੁਤ ਸੁਰੀਲੀ ਸੀ। ਜਿਸ ਕਰਕੇ ਜਦੋਂ ਗੁਰਬਾਣੀ ਪੜ੍ਹਦੇ ਸਨ ਤਾਂ ਸੁਣਨ ਵਾਲਾ ਪ੍ਰਭਾਵਿਤ ਹੋ ਜਾਂਦਾ ਸੀ। ਪਰ ਘਰ ਦੀ ਆਰਥਿਕ ਦਸ਼ਾ ਕੋਈ ਬਹੁਤ ਚੰਗੀ ਨਹੀਂ ਸੀ। ਮੁਢਲੇ ਦਿਨਾਂ ਵਿਚ ਕੁਝ ਤੰਗੀ ਵੀ ਕੱਟੀ। ਕੁਦਰਤੀ ਇੱਕ ਦਿਨ ਉਨਾਂ ਦਾ ਮਾਮਾ ਸਰਦਾਰ ਕਰਮ ਸਿੰਘ ਜੋ ਮਹਾਰਾਜਾ ਰਣਜੀਤ ਸਿੰਘ ਜੀ ਦੀ ਫੌਜ ਵਿਚ ਸੂਬੇਦਾਰ ਸੀ, ਆਪਣੇ ਭੈਣ ਅਤੇ ਭਰਾ ਨੂੰ ਮਿਲਣ ਆਇਆ ਤਾਂ ਉਸ ਨੇ ਘਰ ਦੀ ਗ਼ਰੀਬੀ ਦੇਖੀ ਅਤੇ ਗਿਆਨੀ ਜੀ ਦੀ ਮਿੱਠੀ ਅਵਾਜ਼ ਰਾਹੀਂ ਗੁਰਬਾਣੀ ਸੁਣ ਕੇ ਬਹੁਤ ਖੁਸ਼ ਹੋਇਆ। ਜਦੋਂ ਉਹ ਛੁੱਟੀ ਕੱਟ ਕੇ ਵਾਪਸ ਜਾਣ ਲੱਗਿਆ ਤਾਂ (੧੮੩੫ ਈ. ਵਿਚ) ਇਨ੍ਹਾਂ ਨੂੰ ਆਪਣੇ ਨਾਲ ਹੀ ਲਾਹੌਰ ਲੈ ਗਿਆ। ਮਹਾਰਾਜਾ ਦੇ ਜਨਾਨ ਖਾਨੇ ਦਾ ਨਾਇਬ ਅਫਸਰ ਸਰਦਾਰ ਧੰਨਾ ਸਿੰਘ ਮਲਵਈ ਜੋ ਗਿਆਨੀ ਜੀ ਦੀ ਮਧੁਰ ਮਿੱਠੀ ਅਵਾਜ਼ ਵਿਚ ਕੀਤੇ ਪਾਠ ਤੋਂ ਬਹੁਤ ਖੁਸ਼ ਹੋਇਆ। ਸਰਦਾਰ ਧੰਨਾ ਸਿੰਘ ਦੇ ਵਸੀਲੇ ਨਾਲ ਗਿਆਨੀ ਜੀ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੇ ਕੋਲ ਸਵੇਰੇ ਸੁਖਮਨੀ ਸਾਹਿਬ ਦਾ ਪਾਠ ਸੁਣਾਉਣ ਲਈ ਰੱਖ ਲਿਆ। ਉਸ ਸਮੇਂ ਗਿਆਨੀ ਜੀ ਦੀ ਉਮਰ ਤਕਰੀਬਨ ੧੩ ਕੁ ਸਾਲਾਂ ਦੀ ਸੀ। ਇਨ੍ਹਾਂ ਲਗਾਤਾਰ ਛੇ ਸੱਤ ਸਾਲ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਪਾਠ ਸੁਣਾਉਣ ਦੀ ਸੇਵਾ ਕੀਤੀ। ਜਦੋਂ ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਹੋ ਗਈ ਅਤੇ ਖਾਲਸਾ ਰਾਜ ਦਾ ਦੀਵਾ ਬੁਝ ਗਿਆ ਤਾਂ ਇਹ ਇੱਥੋਂ ਆਪਣੇ ਘਰ ਪਿੰਡ ਲੌਂਗੋਵਾਲ ਵਾਪਸ ਆ ਗਏ।

ਕੁਝ ਸਮਾਂ ਘਰ ਵਿਚ ਕੰਮ-ਕਾਜ ਕੀਤਾ। ਇੱਕ ਦਿਨ ਇਨ੍ਹਾਂ ਦਾ ਤਾਇਆ ਸਰਦਾਰ ਹਰੀ ਸਿੰਘ ਜੋ ਰਿਆਸਤ ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਦੇ ਰਸਾਲੇ ਵਿਚ ਨੌਕਰ ਸਨ, ਘਰ ਮਿਲਣ ਆਏ ਹੋਏ ਸਨ। ਜਦੋਂ ਸਰਦਾਰ ਹਰੀ ਸਿੰਘ ਛੁੱਟੀ ਕੱਟ ਕੇ ਜਾਣ ਲੱਗੇ ਤਾਂ ਨਾਲ ਹੀ ਗਿਆਨੀ ਜੀ ਨੂੰ ਲੈ ਗਏ। ਜਾਰਜ ਥਾਮਸਨ ਨਾਲ ਮੁਕਾਬਲੇ 'ਤੇ ਲੜਦੇ ਹੋਏ ਸਰਦਾਰ ਹਰੀ ਸਿੰਘ ਸ਼ਹੀਦ ਹੋ ਗਏ। ਉਨਾਂ ਦੀ ਕੋਈ ਔਲਾਦ ਨਹੀਂ ਸੀ। ਸਰਦਾਰ ਹਰੀ ਸਿੰਘ ਦੀ ਜੰਗ ਵਿਚ ਸ਼ਹੀਦੀ ਹੋਣ ਉਪਰੰਤ ਗਿਆਨੀ ਜੀ ਨੂੰ ਮਹਾਰਾਜਾ ਕਰਮ ਸਿੰਘ ਨੇ ਆਪਣੇ ਕੋਲ ਬੁਲਾਇਆ। ਗਿਆਨੀ ਜੀ ਤੋਂ 'ਹਨੂੰਮਾਨ ਨਾਟਕ' ਦੇ ਅਰਥ ਸੁਣੇ ਤੇ ਇਨ੍ਹਾਂ ਦੀ ਵਿਦਵਤਾ ਤੋਂ ਬੜਾ ਪ੍ਰਭਾਵਿਤ ਹੋਇਆ। ਉਨ੍ਹਾਂ ਦਿਨਾਂ ਵਿਚ 'ਹਨੂੰਮਾਨ ਨਾਟਕ' ਦੀ ਵਿਆਖਿਆ ਕਰਨੀ ਸੌਖੀ ਗੱਲ ਨਹੀਂ ਸੀ। ਮਹਾਰਾਜੇ ਨੇ ਖੁਸ਼ ਹੋ ਕੇ ਤਹਿਸੀਲ ਦੇ ਵਿਚ ਨੌਕਰੀ 'ਤੇ ਲਗਾ ਦਿੱਤਾ।

੧੮੪੯-੫੦ ਈ. ਨੂੰ ਜੀਂਦ ਰਿਆਸਤ ਦੇ ਬਾਂਗਰੂਆਂ ਦੇ ਪੰਦਰਾਂ ਪਿੰਡਾਂ ਨੇ ਨਿਗਾਹੀਏ ਜੱਟ ਦੀ ਅਗਵਾਈ ਵਿਚ ਮਹਾਰਾਜਾ ਸਰੂਪ ਸਿੰਘ ਦੇ ਖ਼ਿਲਾਫ਼ ਬਗਾਵਤ ਕਰ ਦਿੱਤੀ। ਬਾਗੀਆਂ ਨੂੰ ਕਾਬੂ ਕਰਨ ਲਈ ਜੀਂਦਪਤੀ ਦੀ ਬੇਨਤੀ 'ਤੇ ਪਟਿਆਲੇ ਤੋਂ ਤੋਪਖਾਨਾ ਤੇ ਰਸਾਲਾ ਭੇਜਿਆ ਗਿਆ। ਪਟਿਆਲੇ ਦੀ ਫੌਜ ਨੇ ਬਾਂਗਰੂਆਂ ਦੀ ਬਗ਼ਾਵਤ ਨੂੰ ਕਾਬੂ ਕਰ ਲਿਆ ਪ੍ਰੰਤੂ ਪਟਿਆਲਾ ਫੌਜ ਦੇ ੯੩ ਆਦਮੀ ਫੱਟੜ ਹੋਏ ਅਤੇ ੩੩ ਰਣ-ਭੂਮੀ ਵਿਚ ਮਾਰੇ ਗਏ। ਗਿਆਨੀ ਜੀ ਦੇ ਖੱਬੇ ਪੱਟ ਵਿਚ ਗੋਲੀ ਵੱਜੀ ਜਿਸ ਨਾਲ ਪੱਟ ਦੀ ਹੱਡੀ ਟੁੱਟ ਗਈ। ਉਨਾਂ ਦਾ ਜ਼ਖ਼ਮ ਨਾਸੂਰ ਵਿਚ ਬਦਲ ਗਿਆ ਤੇ ਲੱਤ ਨਿਕੰਮੀ ਹੋ ਗਈ। ਬਾਂਗਰ ਦੇ ਲੋਕ ਉਸ ਲੜਾਈ ਦੀਆਂ ਅੱਜ ਤਕ ਵਾਰਾਂ ਗਾਉਂਦੇ ਹਨ:-

*ਸਰੂਪੇ ਰੇ ਸਰੂਪੇ ਰੇ।*
*ਤੇਰੇ ਮਹਿਲੋਂ ਮੈ ਪੜ ਗਏ ਰੁਕੇ ਰੇ।*
*ਤੂੰ ਗੱਠੜੀ ਬੰਨ ਲੈ ਪਾਲੇ ਕੀ।*
*ਤੂੰ ਫੌਜ ਮਗਾ ਲਾ ਆਲੇ ਕੀ।*
*ਤੇਰਾ ਗੋਲਾ ਚਾਲੇ ਗੋਬਰ ਕਾ।*
*ਨਿਗਾਹੀਆ ਜਾਟ ਬਰਾਬਰ ਕਾ।*

ਫਿਰ ਦੋ ਸਾਲਾਂ ਬਾਅਦ ੧੮੫੨ ਈ. ਵਿਚ ਗਿਆਨੀ ਜੀ ਇੱਕ ਭਿਆਨਕ ਫੋੜੇ ਦੇ ਰੋਗ ਕਰਕੇ ਸਾਲ ਭਰ ਮੰਜੇ ਤੋਂ ਉੱਠ ਨਾ ਸਕੇ ਜਿਸ ਕਾਰਨ ਨੌਕਰੀ ਤੋਂ ਗੈਰ-ਹਾਜ਼ਿਰ ਹੋਣ ਕਰਕੇ ਨਾਂ ਕੱਟ ਦਿੱਤਾ। ਗਿਆਨੀ ਜੀ ਪਟਿਆਲੇ ਦੀ ਨੌਕਰੀ, ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਵਿਚ ਅੰਗਰੇਜ਼ਾਂ ਪਾਸੇ ਹਾਜ਼ਰ ਹੋਣਾ, ਜੀਂਦ ਦੇ ਕੁਝ ਚੌਧਰੀਆਂ ਦੀ ਬਗਾਵਤ ਦੇ ਖਿਲਾਫ਼ ਹਿੱਸਾ ਲੈਣ ਤੇ ਜ਼ਖ਼ਮੀ ਹੋਣ ਤੇ ਆਦਿ ਦਾ ਜ਼ਿਕਰ ਆਪਣੀ ਪੁਸਤਕ 'ਗੁਰਧਾਮ ਸੰਗ੍ਰਹਿ' ਦੇ ਸ਼ੁਰੂ ਵਿਚ ਇਉਂ ਕਰਦੇ ਹਨ:-

*ਅਠਾਰਾ ਸੈ ਅਠਾਨਵੇਂ ਪਟਿਆਲੇ ਨ੍ਰਿਪ ਕੇਰ।*
*ਅਸਵਾਰੋਂ ਮੇਂ ਨੌਕਰੀ ਕੀਨੀ ਹੋਏ ਦਲੇਰ।*

*ਉਨੀਂ ਸੈ ਦੋ ਮੇਂ ਭਇਓ ਮਹਾਂ ਘੋਰ ਸੰਗ੍ਰਾਮ।*
*ਅੰਗਰੇਜ਼ੋਂ ਕੀ ਸੇਵ ਹਿੱਤ ਪਠੀ ਫੌਜ ਨ੍ਰਿਪ ਆਮ।*
*ਤਿਸਮੇਂ ਮੈਂ ਭੀ ਜਾਏ ਤਬ ਪੇਖਯੋ ਜੰਗ ਨਿਸੰਗ।*
*ਪੁਨ ਉਨੀ ਸੈ ਖਸਟ ਵਿਚ ਬਿਗੜਿਓ ਮੁਲਕ ਕੁਢੰਗ।*
*ਜੀਂਦ ਪਤੀਂ ਨ੍ਰਿਪ ਕੀ ਪ੍ਰਜਾ ਪੁਰ ਜਲਵਾਣੈ ਰਾਹਿ।*
*ਪਟਿਆਲੇ ਨੇ ਪਤਿ ਤੋਂ ਲਈ ਮੱਦਦ ਜੰਗੀ ਭੂਰ।*
*ਜੰਗ ਜੀਤ ਨ੍ਰਿਪਨ ਲਯੋ ਕੀਓ ਗਦਰ ਸਭ ਦੂਰ।*
*ਉਸ ਲੜਾਈ ਮੈ ਲਗੀ ਗੋਲੀ ਮਮਲਿਤ ਮਾਹਿ।*
*ਜਿਸ ਕਰ ਸਵਾਰੀ ਜੰਗ ਕੇ ਜੋਗ ਰਹਿਓਂ ਮੈਂ ਨਾਹਿ।*
*ਕੁਲ ਕਾਰਜ ਮਮ ਦੋਊ ਯੇ ਖੇਤੀ ਔਰ ਸੰਗ੍ਰਾਮ।*
*ਲਾਤ ਨਾਕਾਰੀ ਹੋਣ ਤੇ ਛੁਟ ਗਏ ਦੋਨੋਂ ਕਾਮ।*
*ਪੈਨਸ਼ਨ ਕਾ ਨਾ ਰਵਾਜ ਥਾ ਇਸਹਿਤ ਮਿਲੀਨਾ ਵਾਹਿ।*

ਗਿਆਨੀ ਜੀ ਵਾਪਸ ਆਪਣੇ ਪਿੰਡ ਲੌਂਗੋਵਾਲ ਆ ਗਏ। ਗਿਆਨੀ ਜੀ ਦੇ ਪਿਤਾ ਸ. ਭਾਗ ਸਿੰਘ ੧੯੫੩ ਈ. ਵਿਚ ਅਕਾਲ ਚਲਾਣਾ ਕਰ ਗਏ। ਗਿਆਨੀ ਜੀ ਦੇ ਭਰਾ ਅੱਡ ਸਨ। ਗਿਆਨੀ ਜੀ ਆਪਣੀ ਮਾਤਾ ਨਾਲ ਘਰ ਦੀ ਗਰੀਬੀ ਕਾਰਨ ਰੋਜੀ ਰੋਟੀ ਲਈ ਸੂਤ ਕਤਾਈ ਬੁਣਾਈ, ਚੱਕੀ ਪਿਸਾਈ, ਚਰਖਾ ਕੱਤਣਾ ਆਦਿ ਕੰਮ ਕਰ ਕੇ ਗੁਜ਼ਾਰਾ ਕਰਨ ਲੱਗੇ। ਗਿਆਨੀ ਜੀ ਦੀਆਂ ਭਰਜਾਈਆਂ ਕੌੜੇ ਤਾਨੇ ਮਿਹਣੇ ਮਾਰਦੀਆਂ ਸਨ। ਇੱਕ ਦਿਨ ਗਿਆਨੀ ਜੀ ਨੇ ਅੱਕ ਕੇ ਆਤਮ ਹੱਤਿਆ ਕਰਨ ਲਈ ਅਰਦਾਸਾ ਸੋਧ ਕੇ ਪਿੰਡ ਦੇ ਖੂਹ ਵਿਚ ਛਾਲ ਮਾਰਨ ਦੀ ਤਿਆਰੀ ਹੀ ਕੀਤੀ ਸੀ ਕਿ ਇੰਨੇ ਨੂੰ ਇੱਕ ਸਾਧੂ ਜਾਨਕੀ ਦਾਸ ਆ ਗਿਆ ਤੇ ਉਸ ਨੇ ਗਿਆਨੀ ਜੀ ਨੂੰ ਐਸਾ ਕਰਨ ਤੋਂ ਰੋਕ ਕੇ ਸਮਝਾਇਆ ਕਿ ਹੁਣ ਤੇਰੀਆਂ ਮੁਸੀਬਤਾਂ ਖਤਮ ਹੋ ਗਈਆਂ ਹਨ ਅਤੇ ਚੰਗੇ ਦਿਨ ਸ਼ੁਰੂ ਹੋ ਗਏ ਹਨ।

ਇੱਕ ਦਿਨ ਗਿਆਨੀ ਜੀ ਨੂੰ ਇੱਕ ਹੋਰ ਸੱਜਣ ਜੋ ਘਰਾਂ 'ਚੋਂ ਤਾਇਆ ਲਗਦਾ ਸੀ, ਜਿਸ ਦਾ ਨਾਂ ਪ੍ਰੇਮ ਸਿੰਘ ਸੀ ਜਿਹੜਾ ਪਟਿਆਲਾ ਵਿਚ ਨੌਕਰੀ ਕਰਦਾ ਸੀ। ਉਹ ਛੁੱਟੀ ਕੱਟਣ ਘਰੇ ਆਇਆ ਹੋਇਆ ਸੀ। ਜਦੋਂ ਉਸ ਨੇ ਗਿਆਨੀ ਜੀ ਨੂੰ ਚਰਖਾ ਕੱਤਦੇ ਨੂੰ ਦੇਖਿਆ ਤਾਂ ਉਸਨੇ ਚਰਖਾ ਪਰ੍ਹਾਂ ਹਟਾ ਕੇ ਗਿਆਨੀ ਜੀ ਨਾਲ ਗੱਲਾਂ-ਬਾਤਾਂ ਕਰਦਿਆਂ 'ਹਨੂੰਮਾਨ ਨਾਟਕ' ਦੇ ਅਰਥ ਸੁਣੇ ਤੇ ਬੜਾ ਪ੍ਰਸੰਨ ਹੋਇਆ। ਉਹ ਵਾਪਸ ਪਟਿਆਲੇ ਜਾਂਦੇ ਹੋਏ ਗਿਆਨੀ ਜੀ ਨੂੰ ਨਾਲ ਲੈ ਕੇ ਮਹਾਰਾਜਾ ਨਰਿੰਦਰ ਸਿੰਘ ਜੀ ਦੇ ਸਾਹਮਣੇ ਪੇਸ਼ ਹੋ ਕੇ ਗੁਰਬਾਣੀ ਦਾ ਪਾਠ ਬਹੁਤ ਸੁਰੀਲੀ ਅਵਾਜ਼ ਵਿਚ ਸੁਣਾਇਆ। ਮਹਾਰਾਜੇ ਨੇ ਖੁਸ਼ ਹੋ ਕੇ ਉਸ ਨੂੰ ਤਿੰਨ ਰੁਪਏ ਮਹੀਨੇ ਦੀ ਨੌਕਰੀ 'ਤੇ ਗ੍ਰੰਥੀ ਰੱਖ ਲਿਆ। ਪਟਿਆਲੇ ਵਿਚ ਹੀ ਭਾਈ ਧਰਮ ਸਿੰਘ ਤੋਂ ਗੁਰਮੁਖੀ ਦੀ ਸੋਹਣੀ ਲਿਖਾਈ ਸ਼ੁਰੂ ਕਰ ਦਿੱਤੀ। ਜਿਸ ਨਾਲ ਭਾਈ ਧਰਮ ਸਿੰਘ ਵੱਲੋਂ ਉਨਾਂ ਨੂੰ ਪੁਸਤਕਾਂ ਲਿਖਣ ਲਈ ਉਨਾਂ ਨੂੰ ਦੱਸ ਰੁਪਏ ਮਹੀਨਾ ਮਿਲਣ ਲੱਗ ਪਿਆ। ਇਸ ਤਰ੍ਹਾਂ ਗਿਆਨੀ ਜੀ ਜਦੋਂ ਡੇਢ

ਸਾਲ ਬਾਅਦ ਘਰ ਆਏ ਤਾ ਉਨਾਂ ਆਪਣੀ ਮਾਤਾ ਜੀ ਨੂੰ ੩੦ ਰੁਪਏ ਦਿੱਤੇ ਜੋ ਉਸ ਸਮੇਂ ਬਹੁਤ ਵੱਡੀ ਰਕਮ ਸੀ। ਫਿਰ ਦੁਬਾਰਾ ਪਟਿਆਲੇ ਚਲੇ ਗਏ।

ਗਿਆਨੀ ਜੀ ਨੇ ਬਹੁਤ ਉਤਰਾਅ ਚੜ੍ਹਾਅ ਦੇਖੇ। ਹੁਣ ਗਿਆਨੀ ਜੀ ਨੂੰ ਬਹੁਤ ਵਧੀਆ ਰੁਜਗਾਰ ਮਿਲ ਗਿਆ ਸੀ। ਪਰ ਹੁਣ ਤਾਂ ਸੁਚੇਤ ਮਨ ਜਾਗ ਚੁੱਕਿਆ ਸੀ ਜੋ ਆਪਣਾ ਰਾਸਤਾ ਖੁਦ ਤੈਅ ਕਰ ਸਕਦਾ ਸੀ। ਗਿਆਨੀ ਜੀ ਦਾ ਖੁਦ ਕਥਨ ਹੈ ਕਿ ਉਸ ਨੂੰ ਖੇਤੀ ਤੇ ਫੌਜ ਦੀ ਨੌਕਰੀ ਦੇ ਛੁੱਟ ਜਾਣ ਦਾ ਕੋਈ ਅਫਸੋਸ ਨਹੀਂ ਸੀ ਕਿਉਂਕਿ ਉਸ ਨੂੰ ਇਸ ਗੱਲ ਦਾ ਇਲਮ ਹੋ ਚੁੱਕਿਆ ਸੀ ਕਿ ਕਲਮ ਦਾ ਕੰਮ ਦੋਹਾਂ ਕੰਮਾਂ (ਖੇਤੀ ਤੇ ਫੌਜ) ਤੋਂ ਮਹਾਂਬਲੀ ਹੈ। ਇਸ ਕੰਮ ਲਈ ਸਾਧ ਬਣਨ ਦਾ ਫੈਸਲਾ ਕੀਤਾ ਕਿਉਂਕਿ ਉਹ ਸਾਧੂ ਬਣ ਕੇ ਹੀ ਕਲਮ ਦੀ ਵਰਤੋਂ ਜ਼ਿਆਦਾ ਚੰਗੀ ਤਰ੍ਹਾਂ ਕਰ ਸਕਦਾ ਹੈ। ਗਿਆਨੀ ਜੀ ਅਣ-ਵਿਆਹੇ ਸਨ, ਇਸ ਲਈ ਉਨ੍ਹਾਂ ਨੇ ਇਹ ਫੈਸਲਾ ਲਿਆ ਅਤੇ ਆਪਣੀ ਲਿਖਤ ਵਿਚ ਇਸ ਤਰ੍ਹਾਂ ਦਰਜ ਕੀਤਾ:-

*ਕੁਲ ਕਾਰਜ ਮਮ ਦੋਊ ਥੇ ਖੇਤੀ ਔ ਸੰਗਰਾਮ।*
*ਲਾਤ ਨਿਕਾਰੀ ਹੋਣ ਤੇ ਛੁਟ ਗਏ ਦੋਨੋ ਕਾਮ।*
*ਪੈਨਸ਼ਨ ਕਾ ਨਾ ਰਵਾਜ ਥਾ ਇਸ ਹਿਤ ਮਿਲੀ ਨਾ ਵਾਹਿ।*
*ਉਮਰ ਕਟਨ ਹਿਤ ਵਿਧੀ ਇਹ ਦਸੀ ਸਤਿਗੁਰੂ ਚਾਹਿ।*
*ਭੋ ਗਯਾਨ ਹਰਿ ਤੇਗ ਹਲ ਛੁਟੇ ਤੇ ਨਾ ਕਰ ਸ਼ੋਕ।*
*ਹਲ ਤਲਵਾਰੋਂ ਬਲੀ ਹੈ ਤੁੱਛ ਕਲਮ ਕੀ ਨੌਕ।*
*ਕਲਮ ਪਕੜ ਕਰ ਦਾਹਨੇ ਵੇਸ ਫ਼ਕੀਰੀ ਧਾਰ।*
*ਦੇਸਾਟਨ ਕਰ ਪੰਥ ਕੀ ਸੇਵਾ ਕਰ ਦਿਨ ਝਾਰ।*

ਇਸ ਲਈ ਗਿਆਨੀ ਗਿਆਨ ਸਿੰਘ ਜੀ ਨੇ ਸਾਧੂਆਂ ਦਾ ਭੇਸ ਧਾਰਨ ਕਰਨ ਦਾ ਮਨ ਬਣਾਇਆ ਸੀ ਤਾਂਕਿ ਉਹ ਦੇਸ਼ ਭਰ ਦੇ ਧਾਰਮਿਕ ਸਥਾਨਾਂ ਦਾ ਭਰਮਣ ਵੀ ਕਰ ਸਕੇ ਲਿਖ-ਪੜ੍ਹ ਕੇ ਵੀ ਕੁਝ ਸੇਵਾ ਕਰ ਸਕੇ ਪ੍ਰੰਤੂ ਗਿਆਨੀ ਜੀ ਦੇ ਮਾਤਾ ਜੀ ਇਸ ਗੱਲ ਲਈ ਤਿਆਰ ਨਹੀਂ ਸਨ ਕਿ ਉਹ ਸਾਧੂ ਬਣੇ। ਦੂਜਾ ਸਭ ਤੋਂ ਵੱਡੀ ਰੋਕ ਇਹ ਸੀ ਕਿ ਸਾਧੂ ਭੇਸ ਵੀ ਸਿਰਫ਼ ਉਹੀ ਧਾਰਨ ਕੀਤਾ ਜਾਵੇ ਜਿਸ ਨਾਲ ਸਿੱਖ ਸਿਧਾਂਤ ਕਾਇਮ ਰਹਿ ਸਕਨ। ਇਸ ਕੰਮ ਲਈ ਉਸ ਨੇ ਸਿਰਫ਼ ਨਿਰਮਲ ਸੰਪਰਦਾ ਧਾਰਨ ਕਰਨ ਦਾ ਫੈਸਲਾ ਕੀਤਾ। ਹੁਣ ਗਿਆਨੀ ਜੀ ਨੇ ਆਪਣੀ ਮਾਤਾ ਜੀ ਤੋਂ ਇਸ ਵਾਅਦੇ ਉੱਪਰ ਆਗਿਆ ਲੈ ਲਈ ਕਿ ਉਹ ਉਮਰ ਭਰ ਇਮਾਨਦਾਰੀ ਨਾਲ ਬਿਨਾਂ ਕਿਸੇ ਲੋਭ-ਲਾਲਚ ਦੇ ਧਰਮ ਪ੍ਰਚਾਰ ਕਰੇਗਾ। ਮਾਤਾ ਜੀ ਦੀਆਂ ਗਿਆਨੀ ਜੀ ਨੂੰ ਨਸੀਹਤਾਂ ਸਨ ਕਿ ਉਹ ਸੰਤ ਬਣ ਕੇ ਸਿੱਖੀ ਰਹਿਤ ਨੂੰ ਕਾਇਮ ਰੱਖਣ। ਗਿਆਨੀ ਜੀ ਨੇ ਆਪਣੇ ਅੰਤਲੇ ਸੁਵਾਸਾਂ ਤਕ ਮਾਤਾ ਦੇ ਬਚਨਾਂ ਨੂੰ ਨਿਭਾਇਆ। ਗਿਆਨੀ ਜੀ ਦੀਆਂ ਲਿਖਤਾਂ ਵਿਚ ਇਹ ਜ਼ਿਕਰ ਮਿਲਦਾ ਹੈ ਕਿ:-

*ਆਗਯਾ ਜਨਨੀ ਤੇ ਚਹੀ ਸੋ ਸੁਣ ਕੇ ਤਤਕਾਲ*

*ਰੋਦਨ ਕਰ ਬਿਆਕੁਲ ਭਈ ਸੁੱਤ ਬਿਓਮ ਦੁਖ ਭਾਲ।*
*ਕਈ ਮਾਸ ਇਹ ਆਸ ਮਹਿ ਖਾਸ ਮਾਤ ਮੁਤ ਕੇਰ।*
*ਰਹਿਓ ਬਹਿਸ ਬਨ ਤਹਿਸ ਤੁਛ ਓੜਕ ਸਮ ਹਠ ਹੇਰ।*
*ਤੋ ਉਨ ਅਉਗਨ ਗੁਣ ਘਣੇ ਸਾਧੂ ਹੋਣ ਕੇ ਗਾਇ।*
*ਕਹਯੋ ਸਾਧ ਬੇਸ਼ਨ ਬਨੋ ਪਰ ਰਹੀਓ ਇਸ ਭਾਇ।. . .*
*ਤੋ ਮਦ ਕੁੱਖ ਭੀ ਸਫਲ ਹੋਇ ਰੁੱਖ ਸਮ ਪਰ ਸੁਖ ਦਾਨ।*
*ਪਾਵਤ ਭਾਵਤ ਕੀਜੀਓਂ ਜਾਵਤ ਆਵਤ ਪ੍ਰਾਣ।*
*ਅਰ ਇੱਕ ਠੌਰ ਨਾ ਠਹਿਰ ਕਰ ਘਰ ਨਾ ਲੀਓ ਬਨਾਇ।*
*ਦੁੱਖ ਫਿਕਰ ਜ਼ੋ ਗ੍ਰਿਸਤ ਸੇ ਪਰ ਹੈਨ ਗਲ ਆਇ।*
*ਤਾਂ ਪਰ ਜਬ ਲੋ ਬਿਰਧ ਪਨ, ਤਨ ਪਰ ਬਯਾਪੈ ਨਾਹਿ।*
*ਤਬ ਲੋ ਦੇਸ ਬਿਦੇਸ ਫਿਰ ਤੀਰਥ ਪਰਸੋ ਚਾਹਿ।*

ਇਸ ਤਰ੍ਹਾਂ ਗਿਆਨੀ ਜੀ ਪਟਿਆਲੇ ਜਾ ਕੇ ਨਿਰਮਲ ਸੰਪਰਦਾ ਦੇ ਮੁਖੀ ਪੰਡਿਤ ਤਾਰਾ ਸਿੰਘ ਨਰੋਤਮ ਦੇ ਸ਼ਿਸ਼ ਬਣ ਗਏ। ਇੱਥੋਂ ਹੀ ਗਿਆਨੀ ਜੀ ਨੇ ਆਪਣੇ ਵਿੱਦਿਆ ਗੁਰੂ ਪੰਡਿਤ ਤਾਰਾ ਸਿੰਘ ਨਰੋਤਮ ਨਾਲ ਆਪਣੀਆਂ ਯਾਤਰਾਵਾਂ ਸ਼ੁਰੂ ਕੀਤੀਆਂ। ਗਿਆਨੀ ਜੀ ਖੁਦ ਲਿਖਦੇ ਹਨ ਕਿ ਉਨ੍ਹਾਂ ਪਹਿਲੀ ਯਾਤਰਾ ੧੯੫੪ ਈ. ਵਿਚ ਸ਼ੁਰੂ ਕੀਤੀ। ੧੯੬੫ ਈ. ਤਕ ਦੇਸ਼ ਦੇ ਕੋਨੇ ਕੋਨੇ ਘੁੰਮ ਕੇ ਦੇਖਿਆ ਅਤੇ ਨਾਲ ਹੀ ਇਤਿਹਾਸਿਕ ਥਾਵਾਂ ਦਾ ਵੇਰਵਾ ਇਕੱਠਾ ਕਰਦਾ ਸੀ। ਉਹ ਸੰਤਾਂ ਦੀਆਂ ਵਹੀਰਾਂ ਜੋ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਨੂੰ ਘੁੰਮਦੀਆਂ ਰਹਿੰਦੀਆਂ ਸਨ ਜਿਸ ਕਾਰਨ ਗਿਆਨੀ ਜੀ ਵੀ ਇਨ੍ਹਾਂ ਵਹੀਰਾਂ ਵਿਚ ਸ਼ਾਮਲ ਹੋ ਕੇ ਬਹੁਤ ਸਾਰਾ ਇਤਿਹਾਸ ਆਪਣੀ ਕਲਮ ਨਾਲ ਨੋਟ ਕੀਤਾ।

ਇਨ੍ਹਾਂ ਯਾਤਰਾਵਾਂ ਦੀ ਵਿਸ਼ੇਸ਼ਤਾ ਇਹ ਸੀ ਕਿ ਗਿਆਨੀ ਜੀ ਜਿਹੜੇ ਵੀ ਅਸਥਾਨ 'ਤੇ ਜਾਂਦੇ ਸਨ ਉਸ ਅਸਥਾਨ ਦਾ ਸਾਰਾ ਅੱਖੀਂ ਡਿੱਠਾ ਹਾਲ ਨਾਲ-ਨਾਲ ਲਿਖਦੇ ਸਨ। ਹਰ ਅਸਥਾਨ ਨਾਲ ਸੰਬੰਧਿਤ ਸਥਾਨਿਕ ਰਵਾਇਤਾਂ ਉੱਥੋਂ ਦੇ ਪੁਜਾਰੀਆਂ ਜਾਂ ਇਲਾਕੇ ਦੇ ਬਜ਼ੁਰਗਾਂ ਪਾਸੋਂ ਸੁਣਦੇ ਸੀ ਅਤੇ ਨਾਲ-ਨਾਲ ਲਿਖਦੇ ਸੀ। ਇਸ ਤਰ੍ਹਾਂ ਸਮੁੱਚੇ ਸਿੱਖ ਅਸਥਾਨਾਂ ਦੀ ਜਿਹੜੀ ਰਿਪੋਰਟ ਗਿਆਨੀ ਜੀ ਨੇ ਤਿਆਰ ਕੀਤੀ ਸੀ ਉਸ ਰਿਪੋਰਟ ਨੂੰ ਪਟਿਆਲੇ ਆ ਕੇ ਆਪਣੇ ਵਿੱਦਿਆ-ਗੁਰੂ ਪੰਡਿਤ ਤਾਰਾ ਸਿੰਘ ਨਰੋਤਮ ਨੂੰ ਸੌਂਪੀ। ਪੰਡਿਤ ਜੀ ਨੇ ਇਹ ਰਿਪੋਰਟ ਨੂੰ ੧੯੮੪ ਈ. ਵਿਚ ਅੰਬਾਲਾ ਪ੍ਰਿੰਟਿਗ ਪ੍ਰੈਸ ਤੋਂ 'ਸ੍ਰੀ ਗੁਰੂ ਤੀਰਥ ਸੰਗ੍ਰਹ' ਦੇ ਸਿਰਲੇਖ ਹੇਠ ਪੁਸਤਕ ਰੂਪ ਵਿਚ ਛਪਾਇਆ। ਗਿਆਨੀ ਜੀ ਨੇ ਜੋ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦੀ ਰਚਨਾ ਕਰਨੀ ਸ਼ੁਰੂ ਕੀਤੀ ਸੀ ਉਸ ਨੂੰ ੧੮੭੪-੭੫ ਈ. ਤਕ ਪੂਰਾ ਕਰ ਲਿਆ ਸੀ ਅਤੇ ੧੮੮੦ ਈ. ਵਿਚ ਇਸ ਦੀ ਪਹਿਲੀ ਛਾਪ ਪੱਥਰ ਛਾਪੇ ਰਾਹੀਂ ਛਪਾਈ। ਇਸ ਵਿਚ ਗਿਆਨੀ ਜੀ ਨੇ ੧੪੬੯ ਈ. ਤੋਂ ਲੈ ਕੇ ਆਪਣੇ ਸਮੇਂ ਤਕ ਦਾ ਸਿੱਖ ਇਤਿਹਾਸ ਦਰਜ ਕੀਤਾ। ਇਸ ਪਿੱਛੋਂ ਇਹੀ ਲਿਖਤ ਪੱਥਰ ਛਾਪ ਵਿਚ ਹੀ ੧੮੮੯ ਈ. ਵਿਚ ਛਾਪੀ ਗਈ। ਇਹ ਯੁੱਗ ਕਵਿਤਾ ਵਿਚ ਲਿਖਣ ਦਾ ਸੀ।

ਇਸੇ ਕਰਕੇ ਗਿਆਨੀ ਜੀ ਨੇ 'ਪੰਥ ਪ੍ਰਕਾਸ਼' ਸਿਰਫ਼ ਕਾਵਿਤਾ ਵਿਚ ਹੀ ਰਚਿਆ ਤੇ ਗਿਆਨੀ ਜੀ ਨੇ ਠੇਠ ਪੰਜਾਬੀ ਵਿਚ ਬੜੀ ਹੀ ਉੱਚ ਕੋਟੀ ਦੀ ਕਵਿਤਾ ਅਤੇ ਇਤਿਹਾਸਿਕ ਤੱਥਾਂ ਦਾ ਮੇਲ ਕਰ ਕੇ ਨਵੀਂ ਪਿਰਤ ਪਾਈ। ੧੮੯੧ ਈ. ਵਿਚ ਗਿਆਨੀ ਜੀ ਨੇ ਗੁਰਮੁਖੀ ਦੀ ਵਾਰਤਕ ਵਿਚ ਪਹਿਲੀ ਵਾਰ ਸਿੱਖ ਇਤਿਹਾਸ ਨੂੰ ਕਲਮ ਬੰਦ ਕਰ ਕੇ ਨਵੀਂ ਸ਼ੁਰੂਆਤ ਕੀਤੀ। ਇਹ ਇਤਿਹਾਸਿਕ ਲਿਖਤ ਹੈ 'ਤਵਾਰੀਖ ਗੁਰੂ ਖਾਲਸਾ' ਜਿਹੜੀ ਪੱਥਰ ਛਾਪ ਵਿਚ ਸਿਆਲਕੋਟ ਤੋਂ ਛਪੀ ਇਸ ਵਿਚ ਦਸ ਗੁਰੂ ਸਾਹਿਬਾਨ ਦਾ ਜੀਵਨ ਬਿਰਤਾਂਤ ਦਿੱਤਾ ਗਿਆ।

ਗਿਆਨੀ ਜੀ ਬਹੁਤ ਸਮਾਂ ਯਾਤਰਾਵਾਂ 'ਤੇ ਰਹੇ। ੧੮੫੪ ਈ. ਤੋਂ ਲੈ ਕੇ ੧੮੯੫ ਈ. ਤਕ ਦੇ ੪੧ ਸਾਲ ਸਾਰੇ ਦੇ ਸਾਰੇ ਲੱਗਭਗ ਯਾਤਰਾਵਾਂ ਵਿਚ ਹੀ ਗੁਜ਼ਾਰੇ। ਗਿਆਨੀ ਜੀ ਜਦੋਂ ਯਾਤਰਾਵਾਂ 'ਤੇ ਨਿਕਲਦੇ ਸਨ ਤਾਂ ਉਹ ਪਿਛਲੀ ਰਿਹਾਇਸ਼ ਦਾ ਸਾਰਾ ਮੋਹ ਤਿਆਗ ਕੇ ਅੱਗੇ ਨਿਕਲਦੇ ਹਨ। ਉਹ ਆਪਣੀ ਮਾਤਾ ਨਾਲ ਕੀਤੇ ਵਾਅਦੇ ਨੂੰ ਹਰ ਸਮੇਂ ਯਾਦ ਰੱਖਦੇ ਸਨ। ਗਿਆਨੀ ਜੀ ਆਪਣੀ ਲਿਖਤ ਵਿਚ ਖੁਦ ਲਿਖਦੇ ਹਨ ਕਿ ਕਦੋਂ ਯਾਤਰਾਵਾਂ ਸ਼ੁਰੂ ਕੀਤੀਆਂ ਅਤੇਂ ਕਦੋਂ ਸਮਾਪਤ ਕੀਤੀਆਂ ਤੇ ਕਿੱਥੇ ਕਿੱਥੇ ਗਏ :

*ਉੱਨੀ ਸੌਂ ਗਿਆਰਾਂ (ਬਿ.) ਤੋਂ ਲੈ ਕੇ ਬਾਵਨ ਲੌ ਵਿਚ ਰਯੋ ਧਰ ਪੈ ਕੇ।*<br>
*ਸਿੰਧ, ਕੱਛ, ਕਾਠੀ, ਗੁਜਰਾਤ ਵਿਖੇ ਦੇਸ ਵੇਸ ਬਾਖਿਅਤ।*<br>
*ਪੁਨ ਗੋਦਾਵਰੀ ਕੁੰਡ ਇਸਨਾਨ। ਕੀਨੇ ਚੀਨੇ ਮੁਲਕ ਮਹਾਨ।*

੧੮੯੫ ਈ. ਤੋਂ ਪਿੱਛੋਂ ਗਿਆਨੀ ਜੀ ਯਾਤਰਾਵਾਂ 'ਤੇ ਨਹੀਂ ਗਏ ਕਿਉਂਕਿ ਇਕ ਤਾਂ ਉਨ੍ਹਾਂ ਦਾ ਸਰੀਰ ਵਡੇਰੀ ਉਮਰ ਹੋਣ ਕਾਰਨ ਸਰੀਰ ਬਿਰਧ ਹੋ ਗਿਆ ਸੀ, ਦੂਜਾ ਉਹ ਹੁਣ ਵਧੇਰੇ ਗੰਭੀਰ ਮਸਲਿਆਂ ਵੱਲ ਧਿਆਨ ਦੇਣ ਲੱਗ ਪਏ ਸੀ। ਉਹ ਮਹਾਰਾਜਾ ਭੁਪਿੰਦਰ ਸਿੰਘ ਆਫ ਪਟਿਆਲਾ ਦੇ ਸਭ ਤੋਂ ਵਧੇਰੇ ਭਰੋਸੇਯੋਗ ਵਿਅਕਤੀਆਂ ਵਿੱਚੋਂ ਸਨ ਤੇ ਇਸ ਦੇ ਨਾਲ ਉਹ ਮਹਾਰਾਜਾ ਰਿਪੁਦਮਨ ਸਿੰਘ ਆਫ ਨਾਭਾ ਦਾ ਰਿਸ਼ਤੇ ਵਜੋਂ ਨਾਨਾ ਲੱਗਦਾ ਸੀ। ਗਿਆਨੀ ਜੀ ਦੇ ਭਰਾ ਅਨੋਖ ਸਿੰਘ ਦੀ ਸਪੁੱਤਰੀ ਬੀਬੀ ਹਰਨੂਪ ਕੌਰ (ਜਿਸ ਨੂੰ ਹਰਨੋਲੀ ਵਾਲੀ ਰਾਣੀ ਵੀ ਕਿਹਾ ਜਾਦਾ ਸੀ।) ਇਹ ਰਿਪੁਦਮਨ ਸਿੰਘ ਦੀ ਮਾਂ ਸੀ। ਇਸ ਲਈ ਗਿਆਨੀ ਜੀ ਦੋਵਾਂ ਹਾਕਮਾਂ ਦੇ ਬਹੁਤ ਨੇੜੇ ਸੀ। ਗਿਆਨੀ ਜੀ ਦਾ ਇਹ ਦੋਵੇਂ ਸਿੱਖ ਹਾਕਮ ਇੰਨਾ ਸਤਿਕਾਰ ਕਰਦੇ ਸਨ ਕਿ ਉਨ੍ਹਾਂ ਦੇ ਮਤਭੇਦਾਂ ਨੂੰ ਕਈ ਵਾਰ ਖਾਣੇ ਦੇ ਮੇਜ਼ 'ਤੇ ਬਿਠਾ ਕੇ ਦੂਰ ਕਰਵਾਇਆ ਸੀ। ਜਿੱਥੇ ਗਿਆਨੀ ਜੀ ਨੇ ਪਹਿਲੀ ਉਮਰੇ ਬਹੁਤ ਗਰੀਬੀ ਕੱਟੀ ਉੱਥੇ ਅੱਧ ਤੋਂ ਵੱਧ ਉਮਰ ਸ਼ਾਹੀ ਘਰਾਣਿਆਂ ਵਾਂਗ ਰਹਿ ਕੇ ਕੱਟੀ ਸੀ।

ਗਿਆਨੀ ਜੀ ਨੇ ੧੯੦੦ ਈ. ਤਕ ਅਪਣੀਆਂ ਉਹ ਸਾਰੀਆਂ ਲਿਖਤਾਂ ਲਗ-ਪਗ ਲਿਖ ਲਈਆਂ ਸਨ। ਜਿਹੜੀਆਂ ਇਤਿਹਾਸਿਕ ਤੌਰ 'ਤੇ ਨਿਰਣਈ ਸਨ। ਭਾਵ ਕਿ ਇਸ ਸਮੇਂ ਤਕ 'ਸ੍ਰੀ ਗੁਰੂ ਪੰਥ ਪ੍ਰਕਾਸ਼', 'ਤਵਾਰੀਖ ਗੁਰੂ ਖਾਲਸਾ', 'ਤਵਾਰੀਖ ਸ਼ਮਸ਼ੇਰ ਖਾਲਸਾ', 'ਤਵਾਰੀਖ ਰਾਜ ਖਾਲਸਾ', 'ਤਵਾਰੀਖ ਸਰਦਾਰ ਖਾਲਸਾ',

'ਨਿਰਮਲ ਪੰਥ ਪ੍ਰਦੀਪਕਾ' ਲਿਖੀਆਂ ਜਾ ਚੁੱਕੀਆਂ ਸਨ। ੧੯੦੧ ਈ. ਵਿਚ ਗਿਆਨੀ ਜੀ ਸਖਤ ਬਿਮਾਰ ਹੋ ਗਏ। ਉਨ੍ਹਾਂ ਦੇ ਬਚਨ ਦੀ ਕੋਈ ਉਮੀਦ ਨਹੀਂ ਸੀ । ਹੁਣ ਗਿਆਨੀ ਜੀ ਇੱਕ ਵਿਦਵਾਨ ਰੂਪ ਵਿਚ ਪ੍ਰਗਟ ਹੋ ਚੁੱਕੇ ਸਨ। ਗਿਆਨੀ ਜੀ ਦੀ ਬਿਮਾਰੀ ਤੋਂ ਚਿੰਤਤ ਹੋ ਕੇ ਕੁਝ ਸੱਜਣਾਂ ਨੇ ਇਹ ਫੈਸਨਾ ਕੀਤਾ ਕਿ ਉਹ ਉਨ੍ਹਾਂ ਦੀਆਂ ਸਾਰੀਆਂ ਲਿਖਤਾਂ ਨੂੰ ਛਪਾ ਕੇ ਸੰਭਾਲਿਆ ਜਾਵੇ। ਇਸ ਲਈ ਉਨ੍ਹਾਂ ਦੀ ਬਿਮਾਰੀ ਨੂੰ ਗੰਭੀਰ ਕਿਸਮ ਦੀ ਸਮਝ ਕੇ ਖਾਲਸਾ ਟਰੈਕਟ ਸੁਸਾਇਟੀ ਦੇ ਮੈਂਬਰ ਗਿਆਨੀ ਜੀ ਪਾਸ ਇਹ ਮਨੋਰਥ ਲੈ ਕੇ ਆਏ ਉਹ ਉਨ੍ਹਾਂ ਨੂੰ ਆਪਣੀਆਂ ਸਾਰੀਆਂ ਪ੍ਰਕਾਸ਼ਿਤ ਅਤੇ ਅਣ-ਪ੍ਰਕਾਸ਼ਿਤ ਪੁਸਤਕਾਂ ਦੇ ਛਾਪਣ ਅਤੇ ਵੇਚਣ ਦਾ ਅਧਿਕਾਰ ਦੇ ਦੇਣ। ਗਿਆਨੀ ਜੀ ਨੇ ਬੇ-ਝਿਜਕ ਸਾਰੀਆਂ ਪ੍ਰਕਾਸ਼ਿਤ, ਅਣ-ਪ੍ਰਕਾਸ਼ਿਤ ਪੁਸਤਕਾਂ ਦੇ ਕੇ ਅਧਿਕਾਰ ਦਿੱਤਾ। ਜੋ ਕਿਤਾਬਾਂ ਛਪੀਆਂ ਪਈਆਂ ਸਨ ਉਹ ਗਿਆਨੀ ਜੀ ਅਨੁਸਾਰ ਪੰਜ ਹਜ਼ਾਰ ਰੁਪਏ ਦੀਆਂ ਸਨ ਅਤੇ ਇਹ ਸਭ ਵੀ ਸੁਸਾਇਟੀ ਨੂੰ ਹੀ ਦੇ ਦਿੱਤੀਆਂ ਸਨ। ਸੁਸਾਇਟੀ ਨੇ ਗਿਆਨੀ ਜੀ ਦੇ ਇਸ ਕੁਰਬਾਨੀ ਭਰੇ ਕਦਮ ਦੀ ਬਹੁਤ ਸ਼ਲਾਘਾ ਕੀਤੀ ਅਤੇ ਸੁਸਾਇਟੀ ਨੇ ਗਿਆਨੀ ਜੀ ਦੀ ਪ੍ਰਸੰਸਾ ਕਰਨ ਲਈ ਇਸ਼ਤਿਹਾਰ ਵੰਡੇ। ਸੁਸਾਇਟੀ ਵੱਲੋਂ ਗਿਆਨੀ ਜੀ ਨੂੰ ੧੨ ਰੁਪਏ ਮਹੀਨਾ ਉਮਰ ਭਰ ਦੇਣ ਦਾ ਫੈਸਲਾ ਕੀਤਾ ਅਤੇ ਇਹ ਵੀ ਵਾਅਦਾ ਕੀਤਾ ਕਿ ਗਿਆਨੀ ਜੀ ਜੋ ਵੀ ਪੁਸਤਕਾਂ ਲਿਖਣਗੇ ਉਹ ਸੁਸਾਇਟੀ ਛਾਪੇਗੀ।

ਪਰ ਕੁਦਰਤੀ ਪਰਮਾਤਮਾ ਦੀ ਕਿਰਪਾ ਸਦਕੇ ਗਿਆਨੀ ਜੀ ਲੰਮੀ ਬਿਮਾਰੀ ਤੋਂ ਠੀਕ ਹੋ ਗਏ। ਇਸ ਤੋਂ ਬਾਅਦ ਗਿਆਨੀ ਜੀ ਨੇ ਸੁਸਾਇਟੀ ਤੋਂ ਆਪਣੀਆਂ ਪੁਸਤਕਾਂ ਦੀ ਪੁੱਛ-ਪੜਤਾਲ ਕੀਤੀ ਤਾਂ ਸੁਸਾਇਟੀ ਨੇ ਉਨ੍ਹਾਂ ਦੇ ਪੱਲੇ ਕੋਈ ਗੱਲ ਨਾ ਪਾਈ ਅਖੀਰ ਜਦੋਂ ਸੁਸਾਇਟੀ ਨੇ ਲਗਾਤਾਰ ੧੭ ਸਾਲਾਂ ਤਕ ਕੋਈ ਕਿਤਾਬ ਨਾ ਛਾਪੀ ਅਤੇ ਨਾ ਹੀ ਖਰੜੇ ਵਾਪਿਸ ਕੀਤੇ ਤਾਂ ਫਿਰ ਗਿਆਨੀ ਜੀ ਨੇ ਇਸ਼ਤਿਹਾਰਾਂ ਰਾਹੀਂ ਸੁਸਾਇਟੀ ਉੱਪਰ ਵਿਸ਼ਵਾਸ-ਘਾਤ ਕਰਨ ਦੇ ਦੋਸ਼ ਲਾਏ ਪਰ ਫਿਰ ਵੀ ਕੁਝ ਹੱਥ ਪੱਲੇ ਨਹੀਂ ਪਿਆ ਅਖੀਰ ਉਨ੍ਹਾਂ ੧੯੧੭ ਈ. ਵਿਚ ਸਾਰੇ ਪਾਸੋਂ ਨਿਰਾਸ਼ ਹੋ ਕੇ ਦੁਬਾਰਾ ਨਵੇਂ ਸਿਰਿਓਂ ਸਿੱਖ ਇਤਿਹਾਸ ਲਿਖਣ ਦਾ ਮਨ ਬਣਾਇਆ ਇਸ ਮਕਸਦ ਲਈ ਉਨ੍ਹਾਂ ਨੇ 'ਰਿਪੁਦਮਨ ਪ੍ਰਕਾਸ਼' ਦੀ ਰਚਨਾ ਸ਼ੁਰੂ ਕੀਤੀ। ਇਸ ਰਚਨਾ ਦੇ ਪੰਜ ਭਾਗ ਹੋਣੇ ਸਨ। ਇਹ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦੀ ਤਰਜ਼ ਦੇ ਆਧਾਰ 'ਤੇ ਕਾਵਿਕ ਸ਼ੈਲੀ ਵਿਚ ਸੰਪੂਰਨ ਸਿੱਖ ਇਤਿਹਾਸ ਨੂੰ ਕਲਮ ਬੰਦ ਕੀਤਾ ਜਾਣਾ ਸੀ। 'ਰਿਪੁਦਮਨ ਪ੍ਰਕਾਸ਼' ਇਸ ਰਚਨਾ ਦਾ ਨਾਮ ਇਸ ਕਰਕੇ ਰੱਖਿਆ ਗਿਆ ਸੀ ਤਾਂ ਕਿ ਉਹ ਮਹਾਰਾਜਾ ਰਿਪੁਦਮਨ ਸਿੰਘ ਨੂੰ ਬਹੁਤ ਉੱਚੇ-ਸੁੱਚੇ ਆਦਰਸ਼ ਵਾਲਾ ਹਾਕਮ ਸਮਝਦਾ ਸੀ ਅਤੇ ਉਹਦੇ ਨਾਂ ਨੂੰ ਸਦਾ ਲਈ ਜੀਵਤ ਰੱਖਣਾ ਚਾਹੁੰਦਾ ਸੀ। ਦੂਸਰਾ ਅਰਥ ਦੁਸ਼ਟਾਂ ਦਾ ਨਾਸ਼ ਕਰਨ ਵਾਲਾ ਕਿਉਂਕਿ ਇਸ ਲਿਖਤ ਰਾਹੀਂ ਖਾਲਸਾ ਦਾ ਟਰੈਕਟ ਸੁਸਾਇਟੀ ਰੂਪੀ ਦੁਸ਼ਟ ਸੰਸਥਾ ਦਾ ਨਾਸ਼ ਕਰਨਾ ਲੋਚਦਾ ਸੀ। ਇਸ ਤਰ੍ਹਾਂ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦੀ ਥਾਂ ਤੇ ਗਿਆਨੀ ਜੀ ਨੇ ਨਵੇਂ ਰਚੇ ਗ੍ਰੰਥ ਦਾ ਨਾਂ 'ਰਿਪੁਦਮਨ ਪ੍ਰਕਾਸ਼' ਰੱਖਿਆ।

ਇਸ ਤਰ੍ਹਾਂ ਗਿਆਨੀ ਜੀ ਨੇ ਹੋਰ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ। ਜਿਨ੍ਹਾਂ ਵਿੱਚੋਂ 'ਗੁਰਧਾਮ ਸੰਗ੍ਰਹ', 'ਭੁਪਿੰਦਰਾ ਨੰਦ', 'ਇਤਿਹਾਸ ਰਿਆਸਤ ਬਾਗੜੀਆਂ', 'ਤਵਾਰੀਖ ਸ੍ਰੀ ਅੰਮ੍ਰਿਤਸਰ', 'ਤਵਾਰੀਖ ਲਾਹੌਰ', 'ਸੂਰਜ ਪ੍ਰਕਾਸ਼ ਵਾਰਤਕ', ਤਿੰਨ ਭਾਗ, 'ਇਤਿਹਾਸ ਭਾਈ ਰੂਪ ਚੰਦ', 'ਰਮਾਇਣ ਭਾਈ ਮਨੀ ਸਿੰਘ', 'ਫੂਲ ਮਾਲਾ ਰਮਾਇਣ', 'ਗੁਰਪੁਰਖ ਪ੍ਰਕਾਸ਼', 'ਕਮਲ ਫੂਲ ਮਾਲਾ', 'ਅੰਮ੍ਰਿਤ ਪ੍ਰਕਾਸ਼, 'ਨੀਤੀ ਪ੍ਰਕਾਸ਼', 'ਕਥਾ ਪੂਰਨਮਾਸ਼ੀ-ਬਾਰਾਂ ਪੂਰਬਣਾ', 'ਅਨੇਕ ਪ੍ਰਕਾਸ਼', 'ਦੋਹਾਬਲੀ', 'ਪ੍ਰਸ਼ਨੋਤਰੀ', 'ਖਾਲਸਾ ਧਰਮ ਪਤਿਤ ਪਾਵਨ', ਭੇਖ ਪ੍ਰਭਾਵਿਕ ਅਤੇ ਗਿਆਨੀ ਜੀ ਦੀ ਸਵੈ ਲਿਖਤ ਜੀਵਣੀ। ਸੋ ਅੱਜ ਲੋੜ ਹੈ ਅੱਜ ਉਨ੍ਹਾਂ ਸਾਰੀਆਂ ਪੁਸਤਕਾਂ ਦੀ ਜੋ ਗਿਆਨੀ ਜੀ ਵੱਲੋਂ ਸਾਰੀ ਉਮਰ ਦੀ ਮਿਹਨਤ ਕੀਤੀ ਹੋਈ ਨੂੰ ਦੁਬਾਰਾ ਇਕੱਤਰ ਕਰ ਕੇ ਨਿਰਪੱਖ ਤੌਰ 'ਤੇ ਸੰਸਥਾਵਾਂ ਛਾਪ ਕੇ ਪਾਠਕਾਂ ਤਕ ਪਹੁੰਚਾਣ।

ਗਿਆਨੀ ਜੀ ਨੇ ਜੀਵਨ ਵਿਚ ਜੋ ਪ੍ਰਾਪਤੀਆਂ ਕਰਕੇ ਸਿੱਖ ਇਤਿਹਾਸ ਦੇ ਲਿਖਣ ਦੀ ਸੇਵਾ ਕੀਤੀ। ਹਮੇਸ਼ਾ ਹੀ ਸਿੱਖ ਕੌਮ ਗਿਆਨੀ ਜੀ ਦੀ ਅਭਾਰੀ ਰਹੇਗੀ। ਆਓ! ਗਿਆਨੀ ਜੀ ਵੱਲੋਂ ਕੀਤੀ ਮਿਹਨਤ ਨੂੰ ਯਾਦ ਕਰਦੇ ਹੋਏ ਉਨ੍ਹਾਂ ਕਿਤਾਬਾਂ ਨੂੰ ਪੜ੍ਹੀਏ ਅਤੇ ਸਿੱਖ ਇਤਿਹਾਸ ਤੋਂ ਜਾਣੂ ਹੋਈਏ ਤੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰੀਏ। ■

---

***. . .ਸਰਦਾਰ ਜੱਸਾ ਸਿੰਘ ਆਹਲੂਵਾਲੀਆ*** *ਸਫ਼ਾ 44 ਦਾ ਬਾਕੀ . . .*

੨੦ ਅਕਤੂਬਰ, ੧੭੮੩ ਈ. ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਖ਼ਾਲਸਾ ਪੰਥ ਵੱਲੋਂ ਸ੍ਰੀ ਅੰਮ੍ਰਿਤਸਰ ਵਿਚ ਮਨਾਈ ਜਾਣ ਵਾਲੀ ਦੀਵਾਲੀ ਵਿਚ ਸ਼ਿਰਕਤ ਕਰਨ ਲਈ ਆ ਰਿਹਾ ਸੀ। ਰਸਤੇ ਵਿਚ ਉਸ ਨੇ ਇੱਕ ਹਦਵਾਣਾ ਖਾ ਲਿਆ। ਹਦਵਾਣਾ ਖਾਣ ਤੋਂ ਬਾਅਦ ਉਸ ਦੇ ਪੇਟ ਵਿਚ ਤਿੱਖਾ ਦਰਦ ਹੋਣਾ ਸ਼ੁਰੂ ਹੋ ਗਿਆ, ਜੋ ਉਸ ਲਈ ਜਾਨ ਲੇਵਾ ਸਾਬਤ ਹੋਇਆ। ਉਸ ਦਾ ਅੰਤਿਮ ਸਸਕਾਰ (ਉਸ ਦੀ ਆਖਰੀ ਇੱਛਾ ਮੁਤਾਬਿਕ) ਬਾਬਾ ਅਟੱਲ ਰਾਇ ਦੇ ਸਥਾਨ 'ਤੇ ਨਵਾਬ ਕਪੂਰ ਸਿੰਘ ਦੀ ਯਾਦਗਾਰ ਦੇ ਨਾਲ ਹੀ ਕਰ ਦਿੱਤਾ ਗਿਆ।

ਅਖੀਰ ਵਿਚ ਇਹ ਕਿਹਾ ਜਾ ਸਕਦਾ ਹੈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ੧੮ਵੀਂ ਸਦੀ ਦਾ ਉਹ ਮਹਾਨ ਸਿੱਖ ਜਰਨੈਲ ਹੋਇਆ ਹੈ ਜਿਹੜਾ ਸਿੱਖੀ ਦੀ ਆਨ ਅਤੇ ਸ਼ਾਨ ਨੂੰ ਵਧਾਉਣ ਲਈ ਸੀਸ ਤਲੀ 'ਤੇ ਧਰ ਕੇ ਮੈਦਾਨ-ਏ-ਜੰਗ ਵਿਚ ਜੂਝਦਾ ਰਿਹਾ ਹੈ। ਉਸ ਦੀ ਇਸ ਜੁਝਾਰੂ ਅਤੇ ਪਰਉਪਕਾਰੂ ਬਿਰਤੀ ਨੇ ਜਿੱਥੇ ਸਿੱਖ ਇਤਿਹਾਸ ਦੇ ਮਾਣ ਨੂੰ ਵਧਾਇਆ ਹੈ। ■

# ਗੁਰਮਤਿ ਵਿਚ ਕਿਰਤ ਦੀ ਮਹੱਤਤਾ

*-ਸ. ਗੁਰਜਾਪ ਸਿੰਘ ਬੁਤਾਲਾ**

ਪਰਮਾਤਮਾ ਨੇ ਜਦੋਂ ਮਨੁੱਖ ਨੂੰ ਪੈਦਾ ਕੀਤਾ ਤਾਂ ਉਸ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਦੀ ਤੈਅ ਕਰ ਦਿੱਤੀ। ਬਚਪਨ ਤੋਂ ਜਵਾਨੀ ਤਕ ਦਾ ਸਫਰ ਬਹੁਤ ਜਲਦੀ ਬਤੀਤ ਹੋ ਜਾਂਦਾ ਹੈ, ਪਤਾ ਹੀ ਨਹੀਂ ਚੱਲਦਾ; ਕਿਉਂਕਿ ਖਾਣ-ਪੀਣ ਤੇ ਪਹਿਨਣ ਤੋਂ ਇਲਾਵਾ ਹੋਰ ਦੁਨਿਆਵੀ ਸੁਖਾਂ ਦੀ ਜ਼ਿੰਮੇਵਾਰੀ ਤਾਂ ਮਾਂ-ਪਿਉ ਦੀ ਹੁੰਦੀ ਹੈ।

ਜਦੋਂ ਬੰਦੇ ਦੇ ਸਿਰ ਜ਼ਿੰਮੇਵਾਰੀਆਂ ਪੈਂਦੀਆਂ ਹਨ ਤਾਂ ਬੰਦਾ ਆਪਣੇ ਪੈਰਾਂ 'ਤੇ ਖਲੋਣ ਬਾਰੇ ਸੋਚਦਾ ਹੈ। ਆਪਣੇ ਚੰਗੇ ਤੇ ਉੱਜਵਲ ਭਵਿੱਖ ਲਈ ਕੋਈ ਨਾ ਕੋਈ ਕੰਮ, ਕਿਰਤ ਆਦਿ ਸਭ ਨੂੰ ਕਰਨੀ ਹੀ ਪੈਂਦੀ ਹੈ। ਖਾਸ ਕਰਕੇ ਜਦੋਂ ਬੰਦਾ (ਮਨੁੱਖ) ਘਰ ਗ੍ਰਿਹਸਥੀ ਵਾਲਾ ਹੋ ਜਾਂਦਾ ਹੈ ਤਾਂ ਉਦੋਂ 'ਕਿਰਤ' ਕਰਨੀ ਬਹੁਤ ਜ਼ਰੂਰੀ ਹੈ। ਜਿਵੇਂ ਕੋਈ ਨੌਕਰੀ, ਕਾਰੋਬਾਰ ਜਾਂ ਕੋਈ ਮਨੁੱਖ ਖੇਤੀਬਾੜੀ ਆਦਿ ਦਾ ਕੰਮ ਕਰਦਾ ਹੈ। ਕਿਰਤ ਕਈ ਪ੍ਰਕਾਰ ਦੀ ਹੈ।

ਉਹ ਕੰਮ ਜਾਂ ਕਿਰਤ ਸਫਲ ਹੈ ਜਿਸ ਤੋਂ ਸਾਡੇ ਪਰਵਾਰ ਦੀ ਉਪਜੀਵਿਕਾ ਦੇ ਸਾਧਨ ਪੈਦਾ ਹੁੰਦੇ ਹੋਣ। ਮਿਹਨਤ ਤੇ ਨੇਕ ਨੀਅਤ ਨਾਲ ਕੀਤੀ 'ਕਿਰਤ' ਹੀ ਚੰਗੀ ਹੈ। ਗੁਰਮਤਿ ਅਨੁਸਾਰ ਕਿਰਤ ਦਾ ਸਾਧਨ ਨੇਕ ਤੇ ਵਧੀਆ ਹੋਣਾ ਚਾਹੀਦਾ ਹੈ। ਸਭ ਤੋਂ ਵਧੀਆ (ਸ੍ਰੇਸ਼ਟ) 'ਕਿਰਤ' ਖੇਤੀ ਹੈ। ਇਹ ਸਰੀਰਿਕ ਕਿਰਿਆ ਦੇ ਨਾਲ ਲਾਹੇਵੰਦ ਕੰਮ ਵੀ ਹੈ। ਗੁਰਬਾਣੀ ਦਾ ਫੁਰਮਾਨ :

*ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ ॥*
*ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ ॥*
*ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੬੬)*

ਗੁਰਮਤਿ ਅਨੁਸਾਰ ਦਸਾਂ ਨਹੁਆਂ ਦੀ ਕਮਾਈ ਹੀ ਅਸਲ ਕਿਰਤ ਹੈ। ਇਕ ਕਿਸਾਨ ਬੜੀ ਮਿਹਨਤ ਅਤੇ ਉੱਦਮ ਨਾਲ ਫਸਲ ਦੀ ਦੇਖ-ਭਾਲ ਕਰ ਕੇ ਉਤਸ਼ਾਹ ਨਾਲ ਕੰਮ ਕਰਦਾ ਹੈ। ਹਰ ਵਰਗ ਦਾ ਪੇਟ ਪਾਲਣ ਵਾਲਾ ਉੱਦਮੀ ਕਿਰਸਾਣ (ਮਨੁੱਖ) ਅੱਜ ਆਪਣੇ ਹੱਕਾਂ ਲਈ ਜੂਝ ਰਿਹਾ ਹੈ। ਕਿਸਾਨ ਦੀ ਮਿਹਨਤ, ਲਗਨ ਤੇ ਇਮਾਨਦਾਰੀ ਉੱਪਰ ਕਦੇ ਸ਼ੱਕ ਨਹੀਂ ਕਰਨਾ ਚਾਹੀਦਾ। ਕਿਸਾਨ ਇੱਕ ਸੱਚਾ ਕਿਰਤੀ ਹੈ। ਅੱਜ ਦੇ ਹਾਲਾਤਾਂ 'ਤੇ ਪ੍ਰਸਿੱਧ ਕਵੀ ਸੁਰਜੀਤ ਸਿੰਘ ਪਾਤਰ ਨੇ ਵੀ ਆਪਣੀ ਵੇਦਨਾ ਪ੍ਰਗਟ ਕੀਤੀ ਹੈ— *ਮੈਨੂੰ ਫਿਕਰ ਲਾਲੋ ਦੇ ਕੋਧਰੇ ਦਾ, ਤੈਨੂੰ ਭਾਗੋ ਦੇ*

**ਪਿੰਡ ਤੇ ਡਾਕ: ਬੁਤਾਲਾ, ਜ਼ਿਲ੍ਹਾ ਕਪੂਰਥਲਾ-੧੪੪੮੦੪; ਮੋ. +੯੧੯੮੫੫੬-੧੩੫੪੩*

*ਪਕਵਾਨ ਦਾ ਏ।* ਕਿਰਤ ਦੇ ਸੰਬੰਧ ਵਿਚ ਸਿੱਖ ਵਿਦਵਾਨਾਂ ਨੇ ਵੀ ਬਹੁਤ ਹੀ ਖੂਬ ਲਿਖਿਆ ਹੈ :

*ਖੇਤੀ ਵਨਿਜ ਵਾ ਸਿਲਪ ਬਨਾਵੇ। ਔਰ ਟਹਿਲ ਜੋ ਮਨ ਮੈ ਭਾਵੇ ॥*
*ਦ੍ਰਿੜ੍ਹ ਹੋਇ ਸੋਈ ਕਾਰ ਕਮਾਵੇ। ਚੋਰੀ ਡਾਕੇ ਕਬਹੂ ਨ ਜਾਵੇ ॥*

ਇਸ ਤੋਂ ਇਲਾਵਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਵਿਚ ਜ਼ਿਕਰ ਆਉਂਦਾ ਹੈ ਕਿ ਇੱਕ ਸਿੱਖ ਬਹੋੜੇ ਦੇ ਪ੍ਰਸ਼ਨ ਕਰਨ ਉੱਤੇ ਕਿ ਮੈਂ ਕਿਹੜੀ ਕਿਰਤ ਕਰਾਂ? ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ, "ਕਿਰਤ ਕੋਈ ਵੀ ਕਰੋ ਜਿਸ ਨਾਲ ਜੀਵਨ ਦਾ ਨਿਰਬਾਹ ਹੋ ਸਕੇ। ਰੋਟੀ ਕਮਾਓ, ਪਰ ਕਪਟ ਰਹਿਤ ਹੋ ਕੇ, ਕਿਸੇ ਦੂਸਰੇ ਦਾ ਹੱਕ ਨਹੀਂ ਛਪਾਣਾ। ਆਪਣੀ ਕਮਾਈ ਵਿੱਚੋਂ ਜੋ ਪ੍ਰਭੂ ਹਿੱਤ ਵੰਡ ਕੇ ਛਕੇਗਾ, ਉਸ ਦਾ ਮਨ ਨਿਰਮਲ ਹੋਵੇਗਾ। ਗੁਰੂ ਸਾਹਿਬ ਨੇ ਫੁਰਮਾਇਆ ਕਿ :

*ਸੁਨਿ ਗੁਰ ਕਹਯੋ ਕਿਰਤਿ ਕਰਿ ਕੋਈ। ਧਰਮ ਸਮੇਤਿ ਨ੍ਰਿਬਾਹਹਿ ਸੋਈ।*
*ਕਪਟ ਬਿਹੀਨ ਜੀਵਕਾ ਕਰੈ। ਪਰ ਕੀ ਵਸਤੁ ਛੁਪਾਇ ਨ ਧਰੈ ॥੨੦॥*
*ਤਿਸ ਮਹਿਂ ਬਾਂਟ ਪ੍ਰਭੂ ਹਿਤ ਖਾਵੈ। ਤਿਸਿ ਕੋ ਉਰ ਨਿਰਮਲ ਹੁਇ ਜਾਵੈ।*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

ਗੁਰੂ ਨਾਨਕ ਪਾਤਸ਼ਾਹ ਨੇ ਵੀ ਮੁੱਖ ਰੂਪ 'ਚ ਤਿੰਨ ਸਿਧਾਂਤ ਬਖ਼ਸ਼ਿਸ਼ ਕੀਤੇ ਹਨ ਜਿਨ੍ਹਾਂ ਵਿੱਚੋਂ ਇਕ 'ਕਿਰਤ' ਹੈ। ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਕੇ ਛਕਣਾ ਸਿੱਖੀ ਦਾ ਮੂਲ ਰੂਪ ਹੈ। ਗੁਰਵਾਕ ਹੈ:

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੨)*

ਮਨੁੱਖ ਨੇ ਪਹਿਲਾ ਕੰਮ ਹੀ ਕਿਰਤ ਕਰਨੀ ਹੈ। ਕਿਰਤ (ਕੰਮ) ਕਰਨ ਦੇ ਨਾਲ ਨਾਮ ਜਪਣ (ਸਿਮਰਨ) ਦਾ ਅਭਿਆਸ ਅਤੇ ਫਿਰ ਦਸਵੰਧ ਰੂਪੀ ਮਾਇਆ ਨਾਲ ਵੰਡ ਕੇ ਛਕਣ ਦੀ ਸਿੱਖ ਰੀਤ ਹੈ।

ਸਭ ਤੋਂ ਵੱਡਾ (ਸ੍ਰੇਸ਼ਟ) ਕੰਮ ਕਿਰਤ ਖੇਤੀਬਾੜੀ ਹੈ। ਪੁਰਾਣੇ ਸਮਿਆਂ ਦੀ ਗੱਲ ਕਰੀਏ ਤਾਂ ਬੰਦੇ ਦੀ ਆਰਥਿਕਤਾ ਨਾਲ ਜੁੜਿਆ ਹੋਇਆ ਬਹੁਤ ਹੀ ਪ੍ਰਸਿੱਧ ਲੋਕ ਅਖਾਣ ਜਾਂ ਲੋਕ ਤੱਥ ਮਸ਼ਹੂਰ ਹੈ ਜਿਸ ਅਨੁਸਾਰ ਖੇਤੀਬਾੜੀ ਦਾ ਕੰਮ ਸਾਰੇ ਧੰਦਿਆਂ ਵਿੱਚੋਂ ਉੱਤਮ ਹੈ :

"ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ ਤੇ ਭੀਖ ਦਵਾਰ।"

ਖੇਤੀਬਾੜੀ ਦਾ ਕੰਮ ਜੇਕਰ ਕੋਈ ਕਿਸਾਨ ਜਾਂ ਮਜ਼ਦੂਰ ਕਰਦਾ ਹੈ। ਇਸ ਨਾਲ ਕਈਆਂ ਦਾ ਰੁਜ਼ਗਾਰ ਜੁੜ ਜਾਂਦਾ ਹੈ। ਖੇਤੀਬਾੜੀ ਅਜਿਹਾ ਧੰਦਾ ਹੈ, ਜਿੱਥੋਂ ਹਰ ਵਰਗ ਰੋਟੀ ਖਾਂਦਾ ਹੈ।

ਖੇਤੀਬਾੜੀ ਵਿਚ ਅਨਾਜ, ਸਬਜ਼ੀਆਂ, ਕਪਾਹ ਤੇ ਚਾਹ ਪੱਤੀ ਆਦਿ ਫਸਲਾਂ ਉਗਾਈਆਂ ਜਾਂਦੀਆਂ ਹਨ। ਫੁੱਲਾਂ ਦੀ ਖੇਤੀ, ਫ਼ਲਾਂ ਦੀ ਖੇਤੀ ਅਤੇ ਰੁੱਖਾਂ ਦੀ ਖੇਤੀ ਆਦਿ ਲਾਹੇਵੰਦ ਧੰਦਾ ਹੈ। ਖੇਤੀ ਵੱਖ-ਵੱਖ ਰੂਪਾਂ ਵਿਚ ਹੁੰਦੀ ਹੈ। ਖੇਤੀ ਦਾ ਧੰਦਾ/ਕਿਰਤ ਮੌਸਮ ਨਾਲ ਵੀ ਤਾਲਮੇਲ ਕਰ ਕੇ ਵਿਗਿਆਨਕ ਸੋਚ ਅਨੁਸਾਰ ਕੀਤਾ ਜਾਂਦਾ ਹੈ। ਇਸ ਦੇ ਨਾਲ ਸਹਾਇਕ ਧੰਦੇ ਡੇਅਰੀ ਫਾਰਮ ਅਤੇ ਸ਼ਹਿਦ ਦੀਆਂ ਮੱਖੀਆਂ ਦਾ ਕੰਮ ਖੇਤੀਬਾੜੀ ਦਾ ਹੀ ਸਹਾਇਕ ਧੰਦਾ ਹੈ। ਉਪਰੋਕਤ ਕਰਕੇ ਹੀ ਖੇਤੀ (ਧੰਦਾ, ਕੰਮ) ਕਿਰਤ ਸਭ ਤੋਂ ਉੱਤਮ (ਸ੍ਰੇਸ਼ਟ) ਮੰਨਿਆ ਗਿਆ ਹੈ।

ਪੁਰਾਣੇ ਸਮਿਆਂ ਵਿਚ ਘੋੜਿਆਂ ਦਾ ਵਪਾਰ ਹੁੰਦਾ ਹੈ। ਚੀਜ਼ਾਂ ਜਾਂ ਫ਼ਸਲਾਂ ਦਾ ਅਦਾਨ-ਪ੍ਰਦਾਨ ਹੁੰਦਾ ਸੀ। ਆਵਾਜਾਈ ਦੇ ਸਾਧਨ ਘੱਟ ਸਨ। ਜ਼ਿਆਦਾਤਰ ਸਮੁੰਦਰੀ ਰਸਤੇ ਰਾਹੀਂ ਨਿੱਕੇ ਜਹਾਜ਼ਾਂ ਨਾਲ ਵਪਾਰ ਕੀਤਾ ਜਾਂਦਾ ਹੈ। ਦੂਰ-ਦੁਰਾਡੇ ਜਾਣ ਲਈ ਕਾਫੀ ਮੁਸ਼ਕਿਲ ਆਉਂਦੀ ਸੀ। ਜਿਸ ਕਾਰਨ ਲੁਟੇਰੇ ਮਾਲ ਲੁੱਟ ਵੀ ਲੈਂਦੇ ਸਨ। ਇਸੇ ਕਰਕੇ ਬਜ਼ੁਰਗਾਂ ਨੇ ਕਿਹਾ ਸੀ ਕਿ "ਮੱਧਮ ਵਿਉਪਾਰ" ਕਿਉਂਕਿ ਨਾ ਇਸ ਵਿਚ ਬਹੁਤਾ ਫਾਇਦਾ ਹੈ ਤੇ ਨਾ ਹੀ ਹੀ ਘਾਟਾ। "ਕਦੇ ਮੰਦੀ ਅਤੇ ਕਦੇ ਚੰਗੀ" ਵਿਉਪਾਰ ਦਾ ਅੱਜ ਵੀ ਇਹੀ ਹਾਲ ਹੈ।

ਕਿਸੇ ਦੂਸਰੇ ਦੀ ਗ਼ੁਲਾਮੀ, ਚਾਕਰੀ ਕਰਨੀ ਵੀ ਬਹੁਤ ਹੀ ਔਖੀ ਹੁੰਦੀ ਹੈ। ਕਿਸੇ ਦੀ ਨੌਕਰੀ ਕਰਨ ਮੌਕੇ ਮਾਲਕ ਦੀ ਟੋਕਾ-ਟਾਕੀ ਸਹਿਣੀ ਪੈਂਦੀ ਹੈ। ਤਾਂ ਹੀ ਲੋਕ ਅਕਸਰ ਕਹਿੰਦੇ ਨੇ ਕਿ— "ਨੌਕਰੀ ਕੀ ਤੇ ਨਖਰਾ ਕੀ", ਭਾਵ ਨੌਕਰੀ ਜਾਂ ਡਿਊਟੀ ਕਰਨੀ ਹੈ ਤਾਂ ਮਾਲਕ ਦੇ ਵਫ਼ਾਦਾਰ ਬਣ ਕੇ ਰਹਿਣਾ ਪੈਂਦਾ ਹੈ। ਭੀਖ ਮੰਗਣੀ ਸਭ ਤੋਂ ਮਾੜੀ ਹੈ। ਇਸੇ ਕਰ ਕੇ ਹੀ ਗੁਰੂ ਸਾਹਿਬ ਨੇ ਸਾਨੂੰ ਸਭ ਨੂੰ ਉੱਦਮੀ ਤੇ ਹਿੰਮਤੀ ਬਣਨ ਦੀ ਪ੍ਰੇਰਨਾ ਕੀਤੀ ਹੈ। ਮਹਾਨ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਨੇ ਹੱਥਾਂ ਦੀ ਸਫਲਤਾ ਅਤੇ ਕਿਰਤ ਬਾਰੇ ਬਹੁਤ ਸੁੰਦਰ ਲਿਖਿਆ ਹੈ :

*ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ ॥*
*ਪਾਰਸ ਪਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨਾ ਲਾਵੈ ॥*
*(ਵਾਰ ੬:੧੨)*

ਧਰਮ ਦੀ ਸੱਚੀ ਕਿਰਤ, ਭਲਾ ਕਰਨ ਅਤੇ ਪਰਾਏ ਦਾ ਹੱਕ ਨਾ ਖਾਣ ਦੀ ਨਸੀਹਤ ਦਿੰਦਿਆਂ ਭਾਈ ਸਾਹਿਬ ਨੇ ਵੰਡ ਕੇ ਛਕਣ ਦੀ ਪ੍ਰੇਰਨਾ ਵੀ ਕੀਤੀ ਹੈ :

*ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ।*
*ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ। (ਵਾਰ ੧:੩)*

ਉਪਰੋਕਤ ਤੋਂ ਇਲਾਵਾ ਭਾਈ ਸਾਹਿਬ ਜੀ ਲਿਖਦੇ ਹਨ :

*ਕਿਰਤਿ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ।*
*ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ। (ਵਾਰ ੪੦:੧੧)*

ਉਪਰੋਕਤ ਵਾਰਾਂ ਦੇ ਅਰਥ ਟੂਕ ਮਾਤਰ ਹਨ। ਸੋ ਹੱਥੀਂ ਕਿਰਤ ਕਮਾਈ ਕਰਨਾ ਗੁਰਮਤਿ ਦਾ ਅਕੀਦਾ ਹੈ। ਗੁਰਮਤਿ ਵਿਚ ਕਿਰਤ ਕਰਨ ਨੂੰ ਹੀ ਮਹੱਤਤਾ ਦਿੱਤੀ ਗਈ ਹੈ। ਨੇਕ ਕਮਾਈ ਕਰਨ ਨੂੰ ਹੀ ਚੰਗਾ ਸਮਝਿਆ ਜਾਂਦਾ ਹੈ। ਵਿਹਲੇ ਰਹਿ ਕੇ ਬਿਨਾਂ ਕੰਮ/ ਕਿਰਤ ਕੀਤਿਆਂ ਠੱਗੀਆਂ ਨਾਲ ਕੀਤੀ ਨਜਾਇਜ਼ ਕਮਾਈ ਗੁਰਮਤਿ ਵਿਚ ਪ੍ਰਵਾਨ ਨਹੀਂ ਹੈ। ਵਿਹਲੜ ਲੋਕ, ਪਰਵਾਰ, ਸਮਾਜ ਅਤੇ ਦੇਸ਼ ਲਈ ਬੋਝ ਹਨ। ਦੇਸ਼ ਸਮਾਜ ਉਦੋਂ ਹੀ ਤਰੱਕੀ ਕਰਦਾ ਹੈ ਜਦੋਂ ਉੱਥੋਂ ਦੇ ਲੋਕ ਮਿਹਨਤੀ ਤੇ ਉੱਦਮੀ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਸਾਰ :

*ਗਿਆਨ ਵਿਹੂਣਾ ਗਾਵੈ ਗੀਤ ॥*
*ਭੁਖੇ ਮੁਲਾਂ ਘਰੇ ਮਸੀਤਿ ॥*
*ਮਖਟੂ ਹੋਇ ਕੈ ਕੰਨ ਪੜਾਏ ॥*
*ਫਕਰੁ ਕਰੇ ਹੋਰੁ ਜਾਤਿ ਗਵਾਏ ॥*
*ਗੁਰੁ ਪੀਰੁ ਸਦਾਏ ਮੰਗਣ ਜਾਇ ॥*
*ਤਾ ਕੈ ਮੂਲਿ ਨ ਲਗੀਐ ਪਾਇ ॥*
*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)*

ਉਪਰੋਕਤ ਸ਼ਬਦ ਵਿਚ ਮਨੁੱਖ ਨੂੰ ਵਿਹਲੜ ਰਹਿਣ ਅਤੇ ਭੀਖ ਮੰਗਣ ਤੋਂ ਵਰਜਿਆ ਗਿਆ ਹੈ। ਉਪਰੋਕਤ ਸ਼ਬਦ ਰਾਹੀਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਖ਼ਤ ਮਿਹਨਤ ਕਰਨ ਦੀ ਪ੍ਰੇਰਨਾ ਕੀਤੀ ਹੈ।

ਕਿਸਾਨਾਂ ਨੇ ਪਿਛਲੇ ਬੀਤੇ ਸਮੇਂ ਦੌਰਾਨ ਦਿੱਲੀ ਦੇ ਬਾਰਡਰਾਂ 'ਤੇ ਆਪਣੇ ਹੱਕਾਂ ਦੀ ਰਾਖੀ ਲਈ ਸ਼ਾਂਤਮਈ ਅੰਦੋਲਨ ਕੀਤਾ। ਹਰ ਵਰਗ ਤੇ ਹਰ ਜਥੇਬੰਦੀ ਦੇ ਕਿਸਾਨਾਂ, ਮਜ਼ਦੂਰਾਂ ਨੇ ਸਾਂਝੇ ਰੂਪ ਵਿਚ ਖੇਤੀ ਵਿਰੋਧੀ ਬਿੱਲਾਂ ਦੇ ਖ਼ਿਲਾਫ ਆਪੋ-ਆਪਣਾ ਯੋਗਦਾਨ ਪਾਇਆ ਜਿਸਦੇ ਫਲਸਰੂਪ ਕਿਸਾਨਾਂ ਤੇ ਆਮ ਲੋਕਾਂ ਦੀ ਕੇਂਦਰ ਸਰਕਾਰ ਨੂੰ ਮੰਗ ਮੰਨਣੀ ਪਈ। ਤਿੰਨੇ ਖੇਤੀ ਕਾਨੂੰਨ ਰੱਦ ਹੋ ਗਏ। ਭਾਵੇਂ ਕਿ ਇਹ ਫੈਸਲਾ ਕਰਨ ਵਿਚ ਬਹੁਤ ਦੇਰੀ ਹੋਈ। ਕਿਸਾਨ ਸੰਘਰਸ਼ ਮੋਰਚੇ ਦੌਰਾਨ ਤਕਰੀਬਨ ੭੦੦ ਤੋਂ ਵੱਧ ਜਾਨਾਂ ਗਈਆਂ। ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਪਰਵਾਰਾਂ ਦੀ ਮਾਲੀ ਸਹਾਇਤਾ ਕੀਤੀ ਜਾਵੇ।

ਅੱਜ ਦੇ ਆਧੁਨਿਕ ਮਸ਼ਨੀਰੀ ਯੁੱਗ ਵਿਚ ਦੇਸ਼ ਦੇ ਕਿਸਾਨ ਨੂੰ ਉੱਨਤ ਤੇ ਖੁਸ਼ਹਾਲ ਨੀਤੀਆਂ ਦੀ ਲੋੜ ਹੈ। ਦੇਸ਼ ਦੇ ਅੰਨ-ਭੰਡਾਰਨ ਵਿਚ ਕਿਸਾਨਾਂ ਦੀ ਅਹਿਮ ਭੂਮਿਕਾ ਰਹੀ ਹੈ। ਕੇਂਦਰ ਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਕਿਸਾਨ-ਪੱਖੀ ਨੀਤੀਆਂ ਨੂੰ ਪ੍ਰਫੁਲਿਤ ਕਰਨ ਲਈ ਖੇਤੀ ਮਾਹਿਰਾਂ ਦੀ ਰਾਇ ਜ਼ਰੂਰ ਲਈ ਜਾਵੇ।

*ਬਾਕੀ ਸਫ਼ਾ 85 'ਤੇ*

# ਭੁੱਲੇ ਵਿਸਰੇ ਨਾਨਕ ਪੰਥੀ ਪੁਸਤਕ 'ਤੇ ਇੱਕ ਅੰਤਰਝਾਤ

*-ਗਿਆਨੀ ਸੁਰਿੰਦਰ ਸਿੰਘ ਨਿਮਾਣਾ**

ਕੁਝ ਦਹਾਕਿਆਂ ਤੋਂ ਕ੍ਰਿਆਸ਼ੀਲ ਸਿੱਖ ਚਿੰਤਕ ਅਤੇ ਇਕ ਕਰਮਸ਼ੀਲ ਸ਼ਖ਼ਸੀਅਤ ਸ. ਸੁਖਦੇਵ ਸਿੰਘ 'ਲਾਜ' ਹੋਰਾਂ ਨੇ ਭੁੱਲੇ ਵਿਸਰੇ ਨਾਨਕ ਪੰਥੀ ਸਿੱਖਾਂ ਨੂੰ ਸਿੱਖ ਇਤਿਹਾਸ ਵਿਚ ਉਨ੍ਹਾਂ ਦਾ ਉੱਚਿਤ ਸਥਾਨ ਦਿਵਾਉਣ ਵਾਸਤੇ ਕਾਫੀ ਦ੍ਰਿੜ੍ਹ ਇਰਾਦੇ ਨਾਲ ਬਹੁਪ੍ਰਕਾਰੀ ਹੀਲੇ ਵਸੀਲੇ ਕਰਨੇ/ਜੁਟਾਉਣੇ ਅਰੰਭੇ ਹੋਏ ਹਨ। ਉਨ੍ਹਾਂ ਦੁਆਰਾ ਇਸ ਅਤੀ ਮਹੱਤਵਪੂਰਨ ਸਿੱਖ ਵਰਗ ਨੂੰ ਸਿੱਖੀ ਦੇ ਨਾਲ ਹੋਰ ਵਧੇਰੇ ਜੋੜਨ ਅਤੇ ਇਸ ਦੀ ਕਦਰਸਨਾਸ਼ੀ ਕਰਨ ਕਰਾਉਣ ਦੇ ਉਚੇਰੇ ਨਿਸ਼ਕਾਮ ਤੇ ਬਿਖਮ ਕਾਰਜ ਨੂੰ ਨਿਰੰਤਰ ਚਲਾਇਆ ਹੋਇਆ ਹੈ। 'ਭੁੱਲੇ ਵਿਸਰੇ ਨਾਨਕ ਪੰਥੀ' (ਸੰਪਾਦਿਤ) ਪੁਸਤਕ ਸ. ਸੁਖਦੇਵ ਸਿੰਘ 'ਲਾਜ' ਦਾ ਪੂਰੀ ਤਰ੍ਹਾਂ ਨਿਸ਼ਕਾਮ ਅਤੇ ਉਚੇਰਾ ਕਾਰਜ ਕਿਹਾ ਜਾ ਸਕਦਾ ਹੈ। ਇਸ ਕਾਰਜ 'ਚ ਆਪ ਨੇ ਪ੍ਰਵਾਨਿਤ ਸਿੱਖ ਪੰਥਕ ਕਵੀ ਤੇ ਵਾਰਤਾਕਾਰ ਸ. ਸਤਿਨਾਮ ਸਿੰਘ ਕੋਮਲ ਦੇ ਲੋੜੀਂਦੇ ਸਹਿਯੋਗ ਨਾਲ ਇਸ ਨੂੰ ਨੇਪਰੇ ਚਾੜ੍ਹਿਆ ਹੈ ਜਿਸ ਨੂੰ ਪੁਸਤਕ ਰੂਪ 'ਚ ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ, ਚੰਡੀਗੜ੍ਹ ਵੱਲੋਂ ਮਹੱਤਵਪੂਰਨ ਇਤਿਹਾਸਿਕ ਅਤੇ ਸਟੀਕ ਜਾਣਕਾਰੀ ਭਰਪੂਰ ਸਚਿੱਤਰ ਰੂਪ-ਨੁਹਾਰ ਦਿੰਦਿਆਂ ਪ੍ਰਕਾਸ਼ਿਤ ਕੀਤਾ ਹੈ। ਸ. ਸਤਿਨਾਮ ਸਿੰਘ ਕੋਮਲ ਹੋਰੀਂ ਪ੍ਰਵਾਨਿਤ ਪੰਥਕ ਕਵੀ ਹੋਣ ਦੇ ਨਾਲ ਪੰਜਾਬੀ ਭਾਸ਼ਾ ਦੇ ਲਿਖਿਤ ਰੂਪ ਦੀ ਲੋੜੀਂਦੀ ਸਮਝ ਸਾਰ ਰੱਖਣ ਵਾਲੇ ਸ਼ਖ਼ਸ ਹਨ ਜਿਨ੍ਹਾਂ ਦੇ ਯਤਨਾਂ ਨਾਲ ਇਹ ਪੁਸਤਕ ਪੰਜਾਬੀ/ਸਿੱਖ ਪਾਠਕਾਂ ਦੇ ਹੱਥਾਂ 'ਚ ਸ਼ੁੱਧਤਾ ਅਤੇ ਖ਼ੂਬਸੂਰਤੀ ਦੇ ਪ੍ਰਭਾਵਿਤ ਕਰਨ ਯੋਗ ਮਿਆਰ ਸਹਿਤ ਸਾਕਾਰ ਹੋ ਸਕੀ ਹੈ। ਦੋਨਾਂ ਸੰਪਾਦਕਾਂ ਦੀ ਆਦਰਸ਼ ਜੋੜੀ ਨੇ ਅਣਗੌਲੇ ਪੰਥਕ ਸਮੂਹ ਦੇ ਨਾਲ ਵਾਬਸਤਾ ਇਸ ਇਤਿਹਾਸਿਕ ਵਰਗ ਸੰਬੰਧੀ ਬੜੇ ਹੀ ਖੋਜ ਭਰਪੂਰ ਲੇਖਾਂ ਦੀ ਲੜੀ ਰੂਪ ਮਾਲਾ ਪ੍ਰਸਤੁਤ ਕੀਤੀ ਹੈ। ਇਸ ਮਹੱਤਵਪੂਰਨ ਪੁਸਤਕ ਉੱਪਰ ਇਕ ਅੰਤਰਝਾਤ ਪਵਾਉਣ ਦਾ ਅਵਸਰ ਗੁਰੂ ਬਖਸ਼ਿਸ਼ ਸਦਕਾ ਪ੍ਰਾਪਤ ਹੋਣਾ ਇਸ ਅਦਨੇ ਜਿਹੇ ਕਲਮਕਾਰ ਦਾ ਇਕ ਸੁਭਾਗ ਹੈ।

ਪੁਸਤਕ ਦਾ ਪਹਿਲਾ ਲੇਖ 'ਮੇਰਾ ਇਕ ਤਰਲਾ' ਭਾਈ ਨਿਰਮਲ ਸਿੰਘ ਜੀ ਖਾਲਸਾ ਦੀ ਪੰਥ-ਪ੍ਰਸਤ ਸੋਚ ਅਤੇ ਨਾਨਕ-ਪੰਥੀ ਸਮੂਹ ਨੂੰ ਮੂਲ ਸਿੱਖੀ ਧਾਰਾ ਦੇ ਨਾਲ ਹੋਰ ਪੱਕੇ ਪੀਡੇ ਰੂਪ 'ਚ ਜੋੜਨ ਦੇ ਸਰੋਕਾਰ 'ਚੋਂ ਰੂਪਮਾਨ ਹੋਇਆ ਹੈ। ਸ਼ਾਇਦ ਬਹੁਗਿਣਤੀ ਪੰਜਾਬੀ ਪਾਠਕਾਂ ਨੂੰ ਇਹ ਤੱਥ ਗਿਆਤ ਨਾ ਹੋਵੇ ਕਿ ਸਾਡੇ ਸਮਕਾਲ ਦੇ ਹੋਏ ਇਹ ਮਹਾਨ ਕੀਰਤੀ ਪ੍ਰਾਪਤ ਸਿੱਖ ਕੀਰਤਨੀਏ, ਇਕ ਅਤੀ ਕੁਸ਼ਲ ਵਿਚਾਰਵਾਨ,

*\#੫, ਹੰਸਲੀ ਕਵਾਟਰਜ਼, ਹੁਸੈਨਪੁਰਾ, ਸ੍ਰੀ ਅੰਮ੍ਰਿਤਸਰ- ੧੪੩੦੦੧; ਮੋ. +੯੧੯੮੭੨੨-੩੫੧੧੧*

ਚਿੰਤਕ ਤੇ ਕਲਮਕਾਰ/ਲੇਖਕ ਵੀ ਹੋਏ ਹਨ।

ਦੂਸਰਾ ਲੇਖ 'ਮੁਗ਼ਲ ਰਾਜ ਵਣਜਾਰਿਆਂ ਦਾ ਸੁਨਹਿਰੀ ਦੌਰ' ਮੂਲ ਰੂਪ 'ਚ ਅੰਗਰੇਜ਼ੀ ਭਾਸ਼ਾ 'ਚ ਪ੍ਰਸਿੱਧ ਸਿੱਖ ਵਿਦਵਾਨ ਡਾ. ਕ੍ਰਿਪਾਲ ਸਿੰਘ ਦੁਆਰਾ ਲਿਖੇ ਹੋਏ ਲੇਖ ਤੋਂ ਸ. ਦਿਲਸ਼ੇਰ ਸਿੰਘ ਦੁਆਰਾ ਪੰਜਾਬੀ 'ਚ ਅਨੁਵਾਦ ਕੀਤਾ ਹੋਇਆ ਹੈ। 'ਵਣਜਾਰਾ' (ਬਨਜਾਰਾ) ਸ਼ਬਦ ਦੀ ਉਤਪਤੀ ਅਤੇ ਇਸ ਦੇ ਕੁਝ ਹੋਰ ਪ੍ਰਚੱਲਿਤ ਰਹੇ ਸ਼ਬਦਾਂ ਦਾ ਅਰਥ ਨਿਖੇੜ ਕਰਦਿਆਂ 'ਵਣ ਤੋਂ ਭਾਵ ਜੰਗਲ' ਅਤੇ 'ਜਾਰਾ' ਤੋਂ ਭਾਵ ਘੁੰਮਣ ਵਾਲਾ ਕਰਦਿਆਂ ਵਣਜਾਰਿਆਂ ਨੂੰ ਨਮਕ (ਲੂਣ) ਦੇ ਵਪਾਰੀ ਅਤੇ ਇਨ੍ਹਾਂ ਨਾਲ ਜਾਤੀ ਸੂਚਕ ਪਛਾਣ ਵਾਲੇ ਪ੍ਰਚੱਲਿਤ ਸ਼ਬਦ 'ਲੁਬਾਣਾ' ਦੇ ਅਰਥ 'ਬਹੁਤ ਮਿਹਨਤੀ ਕਾਮਾ' (ਕਾਰੀਗਰ) ਦੱਸੇ ਹਨ। ਵਣਜਾਰੇ ਅਨਾਜ, ਨਮਕ ਤੇ ਮਵੇਸ਼ੀਆਂ ਦੇ ਵਪਾਰੀ ਸਨ, ਤੰਬੂਆਂ 'ਚ ਰਹਿੰਦੇ ਤੇ ਆਪਣੇ ਘਰ ਪਰਵਾਰ ਸਹਿਤ ਘੁੰਮਣ-ਫਿਰਨ ਵਾਲੇ ਲੋਕ ਸਨ, ਜੋ ਕਿ ਵੱਡੇ ਕਾਫਲਿਆਂ ਵਿਚ ਚੱਲਦੇ ਸਨ। ਸਿਕੰਦਰ ਲੋਧੀ ਦੇ ਸਮੇਂ ਇਨ੍ਹਾਂ ਨੇ ਉਸ ਨਾਲ ੧੫੦੪ ਈ. ਵਿਚ ਪਹਿਲੀ ਵਾਰ ਉਸ ਦੀ ਫੌਜ ਨੂੰ ਰਾਸ਼ਨ ਪਹੁੰਚਾਉਣਾ ਸ਼ੁਰੂ ਕੀਤਾ। ਫਿਰ ਅਕਬਰ ਦੇ ਕਾਲ 'ਚ ਉਹਦੀ ਫੌਜ ਨੂੰ ਰਾਸ਼ਨ ਅਤੇ ਸਾਰਾ ਸਾਜ਼-ਓ-ਸਾਮਾਨ ਪਹੁੰਚਾਉਣ ਦਾ ਕੰਮ ਕੀਤਾ। ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਅਕਬਰ ਨੂੰ ਲਗਾਨ ਚੁੰਗੀਆਂ ਤੋਂ ਛੋਟ ਦੇਣ, ਕੁਝ ਵਣਜਾਰਿਆਂ ਦਾ ੧੦੦੦ ਤਕ ਦੀ ਗਿਣਤੀ 'ਚ ਗੱਡਿਆਂ ਅਤੇ ੧੦ ਤੋਂ ੧੨ ਹਜ਼ਾਰ ਬੌਲਦਾਂ ਦਾ ਮਾਲਕ ਹੋਣਾ ਇਨ੍ਹਾਂ ਦੇ ਉਚਤਮ ਕਿਸਮ ਦੇ ਸਾਹਸ, ਮਿਹਨਤ ਅਤੇ ਸਖੀਪੁਣੇ ਦੀ ਟੋਹ ਦੇਂਦਾ ਹੈ। ਲੇਖ ਸਿੱਖ ਇਤਿਹਾਸ, ਗੁਰ-ਇਤਿਹਾਸ ਦੇ ਵੱਡੇ ਉੱਦਮੀ ਅਤੇ ਵਪਾਰੀ ਭਾਈ ਮੱਖਣ ਸ਼ਾਹ ਲੁਬਾਣਾ ਤੇ ਭਾਈ ਲੱਖੀ ਸ਼ਾਹ ਤੇ ਉਸ ਦੇ ਪੁੱਤਰ ਨਗਾਹੀਆ ਦੇ ਨੌਵੇਂ ਗੁਰੂ ਜੀ ਦੇ ਅਹਿਮ ਜੀਵਨ ਅਵਸਰਾਂ 'ਤੇ ਸਾਥ ਦੇਣ ਅਤੇ ਸ਼ਹੀਦੀ ਵਕਤ ਉਨ੍ਹਾਂ ਦੇ ਨਾਸ਼ਮਾਨ ਸਰੀਰ ਦੇ ਧੜ ਦਾ ਸਸਕਾਰ ਕਰਨ ਦਾ ਬੇਮਿਸਾਲ ਕਾਰਨਾਮਾ ਵੀ ਅੰਕਿਤ ਕਰਦਾ ਹੈ।

ਸ. ਨਾਨਕ ਸਿੰਘ ਨਿਸ਼ਤਰ ਅਣਗੌਲੇ ਇਤਿਹਾਸ ਪ੍ਰਤੀ ਸਿੱਖ/ਪੰਜਾਬੀ ਪਾਠਕਾਂ ਨੂੰ ਦੁਰਲੱਭ ਜਾਣਕਾਰੀ ਮੁਹੱਈਆ ਕਰਾਉਣ ਵਾਲੇ ਇਕ ਕਲਮਕਾਰ ਹਨ ਜਿਨ੍ਹਾਂ ਦੇ ਲੇਖ ਸਮੇਂ-ਸਮੇਂ 'ਗੁਰਮਤਿ ਪ੍ਰਕਾਸ਼' ਪਤ੍ਰਿਕਾ 'ਚ ਵੀ ਪ੍ਰਕਾਸ਼ਿਤ ਹੁੰਦੇ ਆ ਰਹੇ ਹਨ। ਇਸ ਹੱਥਲੇ ਲੇਖਾਂ 'ਚ ਨਸ਼ਤਰ ਜੀ ਨੇ ਆਪਣੇ ਮਾਤਾ-ਪਿਤਾ ਤੇ ਖ਼ਾਨਦਾਨੀ ਬਜ਼ੁਰਗਾਂ ਤੋਂ ਸੁਣੇ ਸਿੱਖ ਇਤਿਹਾਸ ਦੀਆਂ ਦੱਖਣ 'ਚ ਕਾਰਗੁਜ਼ਾਰੀਆਂ ਦਾ ਬਿਉਰਾ ਇਸ ਲੇਖ 'ਚ ਸੰਭਾਲਣ ਦਾ ਉੱਦਮ ਕੀਤਾ ਹੈ। ਦੱਖਣ 'ਚ ਸਿੱਖ ਫੌਜ, ਦਰਬਾਰ ਲਾਹੌਰ ਦੇ ਨਾਲ-ਨਾਲ ਦੱਖਣੀ ਸਿੱਖਾਂ ਦਾ ਸਮਾਜਿਕ ਜੀਵਨ ਅਤੇ ਖ਼ਾਨਦਾਨੀ ਰੀਤਾਂ-ਰਸਮਾਂ ਦਾ ਵਰਣਨ ਵੀ ਹੈ ਤੇ ਧਾਰਮਿਕ ਜੀਵਨ ਵੀ। ਭਾਈ ਕਾਨ੍ਹ ਸਿੰਘ ਨਾਭਾ ਦੀ ਨਾਂਦੇੜ ਫੇਰੀ ਦੇ ਵੀ ਰਿਕਾਰਡ ਹਨ। ਮੂਲ ਰੂਪ 'ਚ ਨਿਸ਼ਤਰ ਹੋਰਾਂ ਦੇ ਅੰਗਰੇਜ਼ੀ 'ਚ ਲਿਖੇ ਲੇਖ ਨੂੰ ਪੰਜਾਬੀ ਪਾਠਕਾਂ ਤਕ ਪਹੁੰਚਾਉਣ ਦਾ ਉੱਦਮ ਇੰਜੀ. ਹਰਭਜਨ ਸਿੰਘ (ਕੋਹਲੀ) ਦਾ ਹੈ।

ਡਾ. ਚਮਕੌਰ ਸਿੰਘ ਹੋਰਾਂ ਲੰਬਾ ਅਰਸਾ 'ਗੁਰਮਤਿ ਪ੍ਰਕਾਸ਼' ਦੇ ਸਹਾਇਕ ਸੰਪਾਦਕ ਅਤੇ ਫਿਰ ਸੰਪਾਦਕ ਵਜੋਂ ਜੋ ਲਾਸਾਨੀ ਇਤਿਹਾਸਿਕ ਦੇਣ ਇਸ ਗੁਰਮਤਿ ਪਤ੍ਰਿਕਾ ਨੂੰ ਦਿੱਤੀ ਉਸ ਨੂੰ ਆਪਣੀ ਅੱਖੀਂ ਵੇਖਣ ਜਾਚਣ ਦਾ ਅਵਸਰ ਗੁਰੂ ਨੇ ਇਸ ਨਿਮਾਣੇ ਕਲਮਕਾਰ (ਲੇਖਕ) ਨੂੰ ਬਖ਼ਸ਼ਿਸ਼ ਕੀਤਾ। ਅਥਾਹ ਅਧਿਐਨ, ਚਿੰਤਨ, ਮਨਨ ਕਰਨ ਉਪਰੰਤ 'ਸਿਕਲੀਗਰ ਕਬੀਲੇ- ਇਕ ਨਜ਼ਰ' ਲੇਖ 'ਚ ਡਾ. ਚਮਕੌਰ ਸਿੰਘ ਹੋਰਾਂ ਨੇ 'ਸਿਕਲੀਗਰਾਂ' ਅਤੇ 'ਕਬੀਲਾ' ਦੋਨਾਂ ਸ਼ਬਦਾਂ ਨੂੰ ਸਟੀਕ ਤੇ ਸੁਚੱਜੇ ਰੂਪ 'ਚ ਬਿਆਨ ਕਰਦਿਆਂ ਸਿਕਲੀਗਰ ਕਬੀਲੇ ਦਾ ਇਤਿਹਾਸਿਕ ਪਿਛੋਕੜ ਡਾ. ਵਣਜਾਰਾ ਬੇਦੀ, ਸ. ਸ਼ੇਰ ਸਿੰਘ ਸ਼ੇਰ ਦੇ ਪ੍ਰਸੰਗਿਕ ਹਵਾਲਿਆਂ ਸਹਿਤ ਕਲਮਬੱਧ ਕੀਤਾ ਹੈ। ਛੇਵੇਂ ਪਾਤਸ਼ਾਹ ਸਮੇਂ ਸਿਕਲੀਗਰ ਸਿੱਖਾਂ ਦੁਆਰਾ ਹਥਿਆਰ ਬਣਾ ਕੇ ਅਮਲੀ ਸੇਵਾ ਨੂੰ ਅੰਜਾਮ ਦੇਣ ਦਾ ਅਤੀ ਵਿਸਤ੍ਰਿਤ ਜ਼ਿਕਰ ਕਰਦਿਆਂ ਸਿਕਲੀਗਰਾਂ ਦੇ ਗੁਰੂ-ਪ੍ਰੇਮ ਅਤੇ ਬਹਾਦਰੀ ਦੇ ਕਿੱਸੇ ਉਪ ਸਿਰਲੇਖ ਅਧੀਨ ਬਾਕਮਾਲ ਵਰਣਨੀ ਸ਼ੈਲੀ, ਜਾਣਕਾਰੀ ਦਿੰਦਿਆਂ ਦਸਮੇਸ਼ ਪਿਤਾ ਅਤੇ ਪਟਿਆਲਾ, ਰਾਜ ਦਰਬਾਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ ਲਾਸਾਨੀ ਰੋਲ ਅਦਾ ਕਰਨ ਦੇ ਵੇਰਵੇ ਦਿੰਦਿਆਂ ਅੰਗਰੇਜ਼ੀ ਰਾਜਕਾਲ 'ਚ ਇਸ ਸਿੱਖ ਸਮੁਦਾਇ ਦੇ ਪਤਨ ਦੀ ਦਾਸਤਾਂ ਵੀ ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤੀ ਹੈ ਅਤੇ ਆਜ਼ਾਦੀ ਉਪਰੰਤ ਇਸ ਦੀ ਮੌਜੂਦਾ ਸਮੇਂ ਤਕ ਦੀ ਯਥਾਰਥਕ ਸਥਿਤੀ ਵੀ ਦੱਸੀ ਹੈ। ਵਿਦਵਾਨ ਲੇਖਕ ਨੇ ਖੋਜਕਾਰਾਂ ਨੂੰ ਵੀ ਅਣਛੋਹੇ ਵਿਸ਼ਿਆਂ ਪ੍ਰਤੀ ਕ੍ਰਿਆਸ਼ੀਲ ਕਰਨ ਦਾ ਹੀਲਾ-ਵਸੀਲਾ ਕਰ ਕੇ ਲੇਖ ਦੀ ਕੀਮਤ ਬਹੁਤ ਵਧਾ ਦਿੱਤੀ ਹੈ।

ਲੇਖ 'ਨਾਨਕ ਪੰਥੀ ਅਤੇ ਉਨ੍ਹਾਂ ਦੇ ਅਸਥਾਨ' ਕਲਕੱਤਾ ਦੇ ਵਪਾਰੀ ਅਤੇ ਇਕ ਤਪਸਾਧਕ ਖੋਜੀ ਲੇਖਕ ਸ. ਜਗਮੋਹਨ ਸਿੰਘ (ਗਿੱਲ) ਦੀ ਅਸੀਮ ਬਹੁਪੱਖੀ ਘਾਲਣਾ ਕਮਾਈ ਦਾ ਸਿੱਟਾ ਰੂਪ ਕਿਰਤ ਹੈ। ਇਸ ਵਿਚ ਉਨ੍ਹਾਂ ਨੇ ਨਾਨਕ ਪੰਥੀ ਡੇਰਿਆਂ ਬਾਰੇ ਬਹੁਪੱਖੀ ਇਤਿਹਾਸਿਕ ਅਤੇ ਸਟੀਕ ਜਾਣਕਾਰੀ ਪਾਠਕਾਂ ਦੁਆਰਾ ਬਹੁਤ ਤਰ੍ਹਾਂ ਦਾ ਲਾਭ ਲੈਣ ਯੋਗ ਦਿੱਤੀ ਹੈ। ਗੋਰਖ ਨਾਥ, ਭਗਤ ਕਬੀਰ ਜੀ, ਦਾਦੂ ਆਦਿ ਜੋਗੀਆਂ-ਨਾਥਾਂ ਤੇ ਭਗਤਾਂ ਦੇ ਡੇਰਿਆਂ ਬਾਰੇ ਅਤੀ ਵਿਸਤ੍ਰਿਤ ਜਾਣਕਾਰੀ, ਉਨ੍ਹਾਂ ਦੇ ਦਰਜਨਾਂ ਅਸਥਾਨ ਅਤੇ ਉਨ੍ਹਾਂ ਦੁਆਰਾ ਨਿਭਾਈ ਗਈ ਬਹੁਮੁਖੀ ਭੂਮਿਕਾ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਸੰਤਾਂ, ਮਹੰਤਾਂ, ਜੋਗੀਆਂ, ਉਦਾਸੀਆਂ ਦੇ ਤਪ ਸਥਾਨਾਂ ਅਤੇ ਸਦੀਆਂ ਦੇ ਗੁਜ਼ਰੇ ਸਮੇਂ 'ਚ ਉਨ੍ਹਾਂ ਦੁਆਰਾ ਉੱਥੇ ਨਿਭਾਈਆਂ ਗਈਆਂ ਅਨੇਕਾਂ ਤਰ੍ਹਾਂ ਦੀਆਂ ਸੇਵਾਵਾਂ ਸੰਬੰਧੀ ਦੱਸ ਕੇ 'ਡੇਰਾ' ਸ਼ਬਦ (ਜੋ ਅੱਜ ਬਦਨਾਮ ਹੋ ਚੁੱਕਾ ਹੈ) ਪ੍ਰਤੀ ਨਿਰੋਲ ਉੱਚੀ-ਸੁੱਚੀ ਨਿਰਮਲ ਭਾਵਨਾ ਪ੍ਰਗਟਾਈ ਹੈ ਕਿ ਇਹ ਡੇਰੇ ਕਿਵੇਂ ਯਾਤਰੂਆਂ ਨੂੰ ਟਿਕਾਣਾ ਅਤੇ ਰੋਟੀ-ਪਾਣੀ ਮੁਹੱਈਆ ਕਰਦੇ ਰਹੇ। ਵਿਦਵਾਨ ਲੇਖਕ ਦੀ ਸਾਧਨਾ ਸਮੁੰਦਰ ਵਾਂਗ ਅਥਾਹ ਹੈ, ਜੋ ਵਿਸਮਾਦਤ ਕਰਦੀ ਹੈ। ਸੱਚਮੁੱਚ ਉਦਾਸੀਆਂ ਦੀ

ਘਾਲਣਾ-ਕਮਾਈ ਇਤਿਹਾਸਿਕ ਹੈ ਜੋ ਖੁਦ ਤਾਂ ਗ੍ਰਿਹਸਥ ਤੋਂ ਅਛੋਹ ਰਹੇ ਪਰੰਤੂ ਗ੍ਰਿਹਸਥੀ ਯਾਤਰੂਆਂ ਨੂੰ ਸਭ ਕੁਝ ਮੁਹੱਈਆ ਕਰਾਉਂਦੇ ਆ ਰਹੇ ਹਨ। ਸ. ਜਗਮੋਹਨ ਸਿੰਘ ਦੇ ਇਸ ਮੂਲ ਅੰਗਰੇਜ਼ੀ ਦਾ ਤਰਜਮਾ ਅਤੀ ਹੋਣਹਾਰ ਤੇ ਰੋਸ਼ਨ-ਦਿਮਾਗ ਸ਼ਖ਼ਸ ਤੇ ਸਿਰਮੌਰ ਪੰਜਾਬੀ ਸ਼ਾਇਰ ਸ. ਜਸਵੰਤ ਸਿੰਘ ਜ਼ਫ਼ਰ ਹੋਰਾਂ ਕੀਤਾ ਹੈ ਜਿਨ੍ਹਾਂ ਦੁਆਰਾ ਰਚੀ ਪੰਜਾਬੀ ਕਾਵਿ ਪੁਸਤਕ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਇਹ ਅਸਲ ਸਚਾਈ ਸਾਨੂੰ ਸਿੱਖ ਹੋਣ ਦਾ ਰਾਹ ਰੁਸ਼ਨਾਅ ਸਕਦੀ ਹੈ।

'ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ' ਲੇਖ ਸ. ਜਸਵੰਤ ਸਿੰਘ ਜ਼ਫ਼ਰ ਹੋਰਾਂ ਦੀ ਆਪਣੀ ਕਲਮ ਦੀ ਰਚਨਾ ਹੈ। ਇਹ ਉਨ੍ਹਾਂ ਦੀ ਖੋਜ ਬਿਰਤੀ ਅਤੇ ਉਸਾਰੂ ਸੰਵਾਦ ਰਚਾਉਣ ਦੀ ਸੋਚ ਉੱਪਰ ਉਸਰਿਆ ਹੈ। ਪਤਾ ਲੱਗਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਵਾਲੇ ਕਈ ਸਥਾਨ ਅਜੋਕੀ ਹਾਲਤ 'ਚ ਗੁਰਮਤਿ ਸੋਚ ਤੋਂ ਵਿਹੂਣੇ ਹਨ। ਇਹ ਵਿਚਾਰ ਉਭਾਰਿਆ ਹੈ ਕਿ ਇਤਿਹਾਸਿਕ ਅਸਥਾਨਾਂ ਦਾ ਅਸਲ ਇਤਿਹਾਸ ਯਾਤਰੂਆਂ ਤਕ ਪਹੁੰਚਾਣਾ ਅਤੀ ਜ਼ਰੂਰੀ ਹੈ। ਬੋਧਗਯਾ 'ਚ ਗੁਰੂ ਸਾਹਿਬ ਦੇ ਯਾਦਗਾਰੀ ਅਸਥਾਨ ਦੀਆਂ ਹਿਰਦੇਵੇਧਕ ਯਥਾਰਥਕ ਤਸਵੀਰਾਂ ਮਾਇਆਧਾਰੀਆਂ ਦੀ ਅਣਗਹਿਲੀ ਅਲਗਰਜ਼ੀ ਦਰਸਾਉਂਦੀਆਂ ਹਨ। ਪ੍ਰਬੰਧਕਾਂ ਨੂੰ ਸੁਚੇਤ ਹੋ ਕੇ ਠੀਕ ਤਰ੍ਹਾਂ ਕਾਰਜ ਕਰਨ ਦੀ ਲੋੜ ਹੈ।

ਸ. ਕ੍ਰਿਪਾਲ ਸਿੰਘ ਚੰਦਨ ਰਚਿਤ ਲੇਖ 'ਬਿੱਖਰੇ ਤੇ ਵਿਸਰੇ ਸਿੱਖ' ਇਹ ਕਰੂਰ ਸਚਾਈ ਪੇਸ਼ ਕਰਦਾ ਹੈ ਕਿ ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਹਰਿਆਣਾ, ਆਂਧਰਾ ਪ੍ਰਦੇਸ਼, ਰਾਜਸਥਾਨ, ਕਰਨਾਟਕ, ਬਿਹਾਰ, ਗੁਜਰਾਤ, ਤਾਮਿਲਨਾਡੂ, ਬੰਗਲਾ ਦੇਸ਼ ਅਤੇ ਅਸਾਮ ਵਿਚ ਰਹਿਣ ਵਾਲੇ ਸਿਕਲੀਗਰ ਕਿਵੇਂ ਝੁੱਗੀਆਂ-ਝੌਂਪੜੀਆਂ 'ਚ ਦਿਨ-ਕੱਟੀ ਕਰ ਰਹੇ ਹਨ। ਲੇਖਕ ਨੂੰ ਪੰਥ-ਪ੍ਰਸਤ ਕਹਾਉਣ ਵਾਲੇ ਹਿਤੈਸ਼ੀ ਵੀਰਾਂ ਅਤੇ ਸੰਸਥਾਵਾਂ ਅਦਾਰਿਆਂ ਦੇ ਸੰਚਾਲਕਾਂ ਨੂੰ ਇਨ੍ਹਾਂ ਸਿੱਖਾਂ ਦੀ ਕਾਇਆ ਕਲਪ ਕਰਨ ਦੀ ਪ੍ਰੇਰਨਾ ਕੀਤੀ ਹੈ।

ਕਰਨਲ ਡਾ. ਦਲਵਿੰਦਰ ਸਿੰਘ (ਗਰੇਵਾਲ) ਇਤਿਹਾਸਿਕ ਵਿਸ਼ਿਆਂ ਉੱਪਰ ਲਿਖਣ ਵਾਲੇ ਕਲਮਕਾਰ ਹਨ। 'ਅਣਗੌਲੇ ਸਿੱਖ ਕਬੀਲੇ' ਲੇਖ ਦੁਆਰਾ ਉਨ੍ਹਾਂ ਵਣਜਾਰੇ, ਸਿਕਲੀਗਰ ਅਤੇ ਸਤਿਨਾਮੀਏ ਆਦਿ ਸਿੱਖਾਂ ਦੀ ਕਾਇਆ ਕਲਪ ਕਰਨ ਦੀ ਸਖ਼ਤ ਜ਼ਰੂਰਤ ਦਰਸਾਈ ਹੈ। ਇਸੇ ਉਦੇਸ਼ ਨਾਲ ਇਹ ਇਤਿਹਾਸਮੁਖੀ ਜਾਣਕਾਰੀ ਨਾਲ ਲਬਰੇਜ਼ ਲੇਖ ਹੈ। ਭਾਰਤ ਵਿਚ ਸਿੱਖਾਂ ਅਤੇ ਨਾਨਕ ਪੰਥੀਆਂ ਦੀ ਵਾਸਤਵਿਕ ਗਿਣਤੀ ਦਾ ਵੇਰਵਾ ਦਰਜ ਕੀਤਾ ਗਿਆ ਹੈ। ਵਣਜਾਰੇ ਸਿੱਖਾਂ ਦੀਆਂ ਵੱਖ-ਵੱਖ ਯੁੱਧਾਂ 'ਚ ਹੋਈਆਂ ਸ਼ਹਾਦਤਾਂ ਦਾ ਉਨ੍ਹਾਂ ਦੇ ਨਾਵਾਂ, ਵਲਦੀਅਤ ਸ਼ਹਾਦਤ ਸਥਾਨਾਂ, ਸਮਾਂ ਅਤੇ ਵਿਭਿੰਨ ਸਰੋਤ ਵੀ ਦਰਸਾਏ ਹਨ। ਲੇਖ ਮੌਜੂਦਾ ਪੰਥ-ਪ੍ਰਸਤਾਂ ਨੂੰ ਅਧੂਰੇ ਰਹੇ ਕਾਰਜਾਂ ਨੂੰ ਪੂਰੇ ਕਰਨ ਲਈ ਜਤਨਸ਼ੀਲ ਹੋਣ ਵਾਸਤੇ ਪ੍ਰੇਰਦਾ ਹੈ।

ਅਗਲਾ ਲੇਖ 'ਨਾਨਕ ਨਾਮ ਲੇਵਾ ਸਿੱਖਾਂ ਦੀ ਗਿਣਤੀ ੨ ਕਰੋੜ ਕਿ ੧੨

ਕਰੋੜ?' ਸ. ਮਲਕੀਤ ਸਿੰਘ (ਸੱਗੂ) ਦੁਆਰਾ ਲਿਖਿਆ ਹੋਇਆ ਇਹ ਲੇਖ ਮਿਰਜ਼ਾ ਗੁਲਾਮ ਅਹਿਮਦ ਕਾਦੀਆਨੀ ਫਿਰਕੇ ਦੇ ਆਗੂ ਨਾਲ ਸਿੱਖਾਂ ਦੀ ਗਿਣਤੀ ਪੱਖੋਂ ਸੰਵਾਦ ਰਚਾਉਂਦਾ ਹੈ। ਇਸ ਸੰਬੰਧ 'ਚ ਲੇਖਕ ਦੁਆਰਾ ਪਿੱਛੇ ਜਿਹੇ ਮਹਾਂਰਾਸ਼ਟਰ ਦੇ ਉੱਪ ਮੁੱਖ ਮੰਤਰੀ ਗੋਪੀ ਨਾਥ ਮੁੰਡੇ ਦੁਆਰਾ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਇੱਕ ਵਿਗਿਆਪਨ ਦੇਣ ਦੀ ਉਦਾਹਰਣ ਪ੍ਰਸਤੁਤ ਕੀਤੀ ਹੈ ਜਿਸ ਵਿਚ ਪੰਜ ਕਰੋੜ ਸਿਕਲੀਗਰ ਅਤੇ ਸੱਤ ਕਰੋੜ ਵਣਜਾਰਿਆਂ ਦਾ ਜ਼ਿਕਰ ਹੈ। ਲੇਖਕ ਨੇ ਆਪ ਸਾਥੀਆਂ ਨਾਲ ਘੁੰਮ ਫਿਰ ਕੇ ਇਸ ਤੱਥ ਦੀ ਤਸਦੀਕ ਕਰਨ ਦੀ ਗੱਲ ਵੀ ਲਿਖੀ ਹੈ। ਇਸ ਆਧਾਰ 'ਤੇ ਦੇਸ਼ ਦੇ ਵਿਭਿੰਨ ਪ੍ਰਾਂਤਾਂ 'ਚ ਰਹਿ ਰਹੇ ਵਣਜਾਰਿਆਂ ਨੂੰ ਵਿੱਦਿਆ ਦੇਣ ਅਤੇ ਰੁਜ਼ਗਾਰ ਤੇ ਸਾਹਿਤ ਪ੍ਰਦਾਨ ਕਰਾਉਣ ਦੀ ਲੋੜ ਜਤਾਈ ਹੈ।

ਇੰਜ. ਸੁਖਦੇਵ ਸਿੰਘ ਲਾਜ ਨੇ 'ਭੁੱਲੇ ਵਿਸਰੇ ਵੀਰਾਂ ਦੀ ਦਰਦ ਭਰੀ ਦਾਸਤਾਂ' ਲੇਖ ਸਿਕਲੀਗਰਾਂ ਵੱਲ ਮੌਜੂਦਾ ਪੰਥ-ਪ੍ਰਸਤਾਂ ਦਾ ਧਿਆਨ ਖਿੱਚਣ ਦੇ ਉਦੇਸ਼ ਨਾਲ ਉਨ੍ਹਾਂ ਦੀ ਛੇਵੇਂ ਪਾਤਸ਼ਾਹ ਜੀ ਦੇ ਸਮੇਂ ਦਿੱਤੀ ਗਈ ਵੱਡੀ ਦੇਣ ਦਾ ਅਹਿਸਾਸ ਕਰਾਉਂਦਿਆਂ ਲਿਖਿਆ ਹੈ। ਆਜ਼ਾਦ ਭਾਰਤ 'ਚ ਉਨ੍ਹਾਂ ਅਨੁਸਾਰ ਸਿਕਲੀਗਰ ਸਿੱਖ ਵੀਰਾਂ ਦੀ ਕੋਈ ਪੁੱਛ-ਪ੍ਰਤੀਤ ਹੀ ਨਹੀਂ ਹੈ। ਉਹ ਟੱਪਰੀਵਾਸ ਹਨ। ਉਨ੍ਹਾਂ ਦੀਆਂ ਰੀਤਾਂ ਬਹੁਤ ਸਰਲ ਹਨ ਪਰੰਤੂ ਉਨ੍ਹਾਂ ਕੋਲ ਸਿੱਖੀ ਭਾਵਨਾ ਜ਼ਰੂਰ ਬਚੀ ਹੋਈ ਹੈ। ਈਸਾਈ ਮਿਸ਼ਨਰੀਆਂ ਦੀ ਨਜ਼ਰ ਵੀ ਇਨ੍ਹਾਂ 'ਤੇ ਹੈ। ਸੋ ਪੰਥ ਨੂੰ ਇਨ੍ਹਾਂ ਨੂੰ ਸਿੱਖੀ ਨਾਲ ਜੋੜਨ ਦੀ ਵੱਡੀ ਲੋੜ ਦਰਸਾਈ ਹੈ। ਇਸੇ ਸਰੋਕਾਰ ਨਾਲ ਸੰਬੰਧਿਤ ਹੋਰ ਆਰਥਿਕ ਸਹਾਇਤਾ ਅਤੇ ਵਿੱਦਿਆ ਪਾਸਾਰ ਦੀ ਜ਼ਰੂਰਤ ਮਹਿਸੂਸ ਕਰਾਈ ਹੈ।

ਗਿਆਨੀ ਬਚਿੱਤਰ ਸਿੰਘ ਐਡਵੋਕੇਟ ਦਾ ਲਿਖਿਆ ਲੇਖ 'ਲੁਬਾਣੇ, ਵਣਜਾਰੇ ਤੇ ਸਿਕਲੀਗਰਾਂ ਨੂੰ ਸਿੱਖ ਪੰਥ ਨਾਲ ਜੋੜਨ ਦੀ ਡਾਢੀ ਲੋੜ' ਵੀ ਸਿੱਖ ਇਤਿਹਾਸ ਦੇ ਪ੍ਰਸੰਗਿਕ ਹਵਾਲਿਆਂ ਤੇ ਉਦਾਹਰਣਾਂ ਦੇ ਕੇ ਇਨ੍ਹਾਂ ਤਿੰਨਾਂ ਸਿੱਖ ਭਾਈਚਾਰੇ ਦੇ ਲੋਕਾਂ ਦਾ ਸ਼ਾਨਦਾਰ ਪਿਛੋਕੜ ਤੇ ਇਤਿਹਾਸਿਕ ਲਾਸਾਨੀ ਯੋਗਦਾਨ ਮਹਿਸੂਸ ਕਰਾਉਣ ਵਾਲਾ ਹੈ। ਦੱਸਿਆ ਹੈ ਕਿ ਭਾਈ ਮਨਸੁਖ ਤਿੰਨ ਸਾਲ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ 'ਚ ਕਰਤਾਰਪੁਰ ਰਿਹਾ ਸੀ। ਇਸ ਮਗਰੋਂ ਲਾਹੌਰ 'ਚ ਆਪਣਾ ਕਾਰੋਬਾਰ ਸਮੇਟ ਕੇ ਉਹ ਲੰਕਾ ਗਿਆ ਸੀ। ਉੱਥੇ ਅਤੇ ਦੱਖਣੀ ਭਾਰਤ 'ਚ ਉਸ ਨੇ ਵਪਾਰੀ ਵਣਜਾਰਿਆਂ ਨੂੰ ਸਿੱਖੀ ਦੇ ਲੜ ਲਾਇਆ। ਭਾਈ ਉਦੇ ਸਿੰਘ ਅਤੇ ਭਾਈ ਬਚਿੱਤਰ ਸਿੰਘ ਦੋਵੇਂ ਵਣਜਾਰੇ ਸਨ ਤੇ ਸੱਕੇ ਭਰਾ ਸਨ। ਭਾਈ ਲੱਖੀ ਸ਼ਾਹ ਵਣਜਾਰਾ ਸੀ, ਜਿਸ ਨੇ ਸ਼ਹੀਦ ਹੋਏ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਧੜ ਦਾ ਸਸਕਾਰ ਕਰਨ ਦਾ ਅਤਿਅੰਤ ਔਖਾ ਕਾਰਜ ਕੀਤਾ ਸੀ।

***ਚਲਦਾ. . .***

# ਪ੍ਰੋ. ਪੂਰਨ ਸਿੰਘ ਦਾ ਵਿਸ਼ਵ-ਵਿਆਪੀ ਦ੍ਰਿਸ਼ਟੀਕੋਣ

*-ਸ. ਦਿਲਪ੍ਰੀਤ ਸਿੰਘ**

ਅਜੋਕੇ ਸਮੇਂ ਵਿਚ ਵਿਸ਼ਵ ਅੰਦਰ ਸਥਾਪਿਤ ਵਿਆਖਿਆ-ਸ਼ਾਸਤਰਾਂ ਵਿਚ ਮਨੁੱਖੀ ਚਿੰਤਨ ਸ਼ੈਲੀ ਜਿਸ ਗਿਆਨ ਵੱਲ ਪਰਤ ਰਹੀ ਹੈ ਉਸ ਗਿਆਨ ਦੀ ਦਿਸ਼ਾ ਦੇ ਸਰੋਕਾਰ ਬਹੁ-ਪਸਾਰੀ ਹਨ। ਹਰ ਖੇਤਰ ਵਿਚ ਇਸ ਬਹੁ-ਪਸਾਰੀ ਵਿਆਖਿਆ ਵੱਲ ਕਦਮ ਪੁੱਟੇ ਜਾ ਰਹੇ ਹਨ। ਇਨ੍ਹਾਂ ਬਹੁ-ਪਸਾਰੀ ਵਿਆਖਿਆ ਦ੍ਰਿਸ਼ਟੀਆਂ ਨੇ ਜਿੱਥੇ ਅਨੇਕਾਂ ਸਮੱਸਿਆਵਾਂ ਦੇ ਹੱਲ ਲੱਭਣ ਦੇ ਯਤਨ ਕੀਤੇ ਹਨ, ਉੱਥੇ ਹੀ ਕਈ ਵੱਡੇ ਪ੍ਰਸ਼ਨ ਵੀ ਪੈਦਾ ਕੀਤੇ ਹਨ। ਵਿਸ਼ਵ ਅੰਦਰ ਸਥਾਪਿਤ ਇਸ ਵਿਆਖਿਆ ਸ਼ਾਸਤਰ ਦੇ ਸੰਦਰਭ ਵਿਚ ਪ੍ਰੋ. ਪੂਰਨ ਸਿੰਘ ਦਾ ਸਮੁੱਚਾ ਚਿੰਤਨ ਕਈ ਦਾਰਸ਼ਨਿਕ ਦ੍ਰਿਸ਼ਟੀਆਂ ਦਿੰਦਾ ਹੈ। ਸਿੱਖੀ ਦੇ ਵਿਸ਼ਵ-ਵਿਆਪੀ ਦ੍ਰਿਸ਼ਟੀਕੋਣ ਦੀ ਸਿਰਜਣਾ ਲਈ ਪ੍ਰੋ. ਪੂਰਨ ਸਿੰਘ ਪੂਰਬ ਅਤੇ ਪੱਛਮ ਦੇ ਬੁੱਧ, ਜੈਦੇਵ, ਸ਼ੰਕਰਾਚਾਰੀਆ, ਭਰਥਰੀ ਹਰੀ, ਉਮਰ ਖਿਆਮ, ਸ਼ਮਸ ਤਬਰੇਜ, ਹਾਫਿਜ਼, ਬੁੱਲੇ ਸ਼ਾਹ, ਭਾਈ ਵੀਰ ਸਿੰਘ, ਈਸਾ, ਵਾਲਟ ਵਿੱਟਮੈਨ, ਗੋਇਟੇ, ਥੋਰੋ, ਮਿਲਟਨ, ਬਰਨਜ਼, ਸੈਕਸ਼ਪੀਅਰ, ਵਰਡਜ਼ਵਰਥ, ਵਿਲੀਅਮ ਬਲੇਕ ਆਦਿ ਪ੍ਰਸਿੱਧ ਦਾਰਸ਼ਨਿਕ ਅਤੇ ਕਵੀਆਂ ਨਾਲ ਗੋਸ਼ਟਿ-ਅਭਿਆਸ ਰਾਹੀਂ ਸਿੱਖੀ ਦੇ ਬ੍ਰਹਿਮੰਡੀ ਪਸਾਰਾਂ ਦੀ ਨਿਰੰਤਰਤਾ ਨੂੰ ਬਿਆਨ ਕਰਦੇ ਹਨ। ਇਸ ਅਹਿਮ ਨੁਕਤੇ ਰਾਹੀਂ ਪ੍ਰੋ. ਪੂਰਨ ਸਿੰਘ ਸਿੱਖੀ ਦਾ ਦੈਵੀ ਦ੍ਰਿਸ਼ ਸਿਰਜਦੇ ਹਨ। ਵਿਸ਼ਵ-ਵਿਆਪੀ ਮੁਹਾਵਰੇ ਵਿਚ ਪ੍ਰੋ. ਪੂਰਨ ਸਿੰਘ ਅਤੇ ਸਿੱਖੀ ਦੀ ਸਮਝ ਨੂੰ ਇਸ ਲੇਖ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਲੇਖ ਦੇ ਪਹਿਲੇ ਭਾਗ ਵਿਚ ਪ੍ਰੋ. ਪੂਰਨ ਸਿੰਘ ਦੀ ਵਿਸ਼ਵ-ਵਿਆਪੀ ਦ੍ਰਿਸ਼ਟੀ ਨੂੰ ਪੇਸ਼ ਕੀਤਾ ਗਿਆ ਹੈ। ਦੂਸਰੇ ਭਾਗ ਵਿਚ 'ਖੁੱਲੇ ਘੁੰਡੇ' ਪੁਸਤਕ ਦੇ ਹਵਾਲੇ ਰਾਹੀਂ "ਗੁਰ ਅਵਤਾਰੀ ਸੁਰਤਿ" ਦੇ ਅਨੁਭਵ ਨੂੰ ਬਿਆਨ ਕੀਤਾ ਗਿਆ ਹੈ।

ਸਿੱਖੀ ਦੇ ਵਿਸ਼ਵ-ਮੁਖੀ ਰੂਪ ਦੀ ਸਿਰਜਣਾ ਵਿਚ ਪ੍ਰੋ. ਪੂਰਨ ਸਿੰਘ ਦੀ ਵਿਸ਼ਵ-ਵਿਆਪੀ ਦ੍ਰਿਸ਼ਟੀ ਰਾਹੀਂ ਜ਼ਿੰਦਗੀ ਦੀ ਰੂਹਾਨੀਅਤ ਅਤੇ ਦੈਵੀ ਅਨੁਭਵਾਂ ਦੀ ਇਕਸੁਰਤਾ ਨਿਰੰਤਰ ਦਿਖਾਈ ਦਿੰਦੀ ਹੈ। ਉਹ ਸਿੱਖੀ ਅੰਦਰ ਜਿਸ ਰੂਹਾਨੀ ਜ਼ਿੰਦਗੀ ਦਾ ਤਸੱਵਰ ਕਰਦੇ ਹਨ ਉਸ ਵਿਚ ਪਿਆਰ, ਨਾਮ-ਰਸ, ਸੁੰਦਰਤਾ, ਸੁਤੰਤਰਤਾ, ਕਿਰਤ, ਮਜ਼ਬ, ਆਦਿ ਕੇਂਦਰੀ ਸਥਾਨ ਰੱਖਦੇ ਹਨ। ਇਨ੍ਹਾਂ ਰੂਪਾਂ ਰਾਹੀਂ ਉਹ ਸਿੱਖੀ ਦੇ ਗੌਰਵ ਨੂੰ ਵਿਸ਼ਵ ਅੰਦਰ ਪੇਸ਼ ਕਰਦੇ ਹਨ।

ਅਜੋਕੇ ਸਮੇਂ ਵਿਚ ਦੁਨੀਆ ਦਾ ਮੁਹਾਂਦਰਾ ਅਤੇ ਇਸ ਵਿਚਲੇ ਗਿਆਨ-

**ਖੋਜਾਰਥੀ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; ਮੋ. ੦੯੪੭੮੯੫੪੧੪੧*

ਸ਼ਾਸਤਰ ਬਦਲ ਰਹੇ ਹਨ। ਸਿੱਖੀ ਦੀ ਵਿਸ਼ਵ-ਵਿਆਪੀ ਦ੍ਰਿਸ਼ਟੀ ਦੀ ਪਛਾਣ ਲਈ ਗਿਆਨ ਦੀਆਂ ਬਹੁ-ਪਸਾਰੀ ਸਥਿਤੀਆਂ ਅਤੇ ਸੰਭਾਵਨਾਵਾਂ ਵਿਚ ਇਸ ਨੂੰ ਸਮਝਣਾ ਅੱਜ ਦੀ ਪ੍ਰਮੁੱਖ ਜ਼ਰੂਰਤ ਬਣ ਗਈ ਹੈ। ਵਿਸ਼ਵ ਅੰਦਰ ਸਥਾਪਿਤ ਅਕਾਦਮਿਕਤਾ ਅਰਥ ਅਤੇ ਸਮਝ ਦੇ ਰੂਪਾਂ ਨੂੰ ਇਕ ਪ੍ਰਬੰਧ ਅਧੀਨ ਲਿਆ ਰਹੀ ਹੈ। ਇਹ ਸਥਾਪਿਤ ਪ੍ਰਬੰਧ ਕੌਮਾਂ, ਸੱਭਿਆਚਾਰਾਂ, ਧਰਮਾਂ ਆਦਿ ਨੂੰ ਇੱਕ ਇਕਾਈ ਵਿਚ ਬੰਨਣ ਦੀ ਕੋਸ਼ਿਸ਼ ਵੱਲ ਵਧ ਰਹੇ ਹਨ। ਉਦਾਹਰਣ ਵਜੋਂ ਕਾਰਤੇਸੀਅਨ ਚਿੰਤਨ ਦੇ ਵਿਭਾਜਨਮਈ ਅਧਿਐਨ ਨੂੰ ਦੇਖਿਆ ਜਾ ਸਕਦਾ ਹੈ, ਜਿਸ ਵਿਚ ਵਿਸ਼ਵ ਅੰਦਰ ਵਸਤੂਆਂ ਅਤੇ ਸੰਕਲਪਾਂ ਨੂੰ ਤਾਰਕਿਕ ਗਿਆਨ ਦੇ ਆਧਾਰ ਉੱਪਰ ਸਮਝਣ ਦੀ ਕੋਸ਼ਿਸ਼ ਵਧੇਰੇ ਹੋਣੀ ਸ਼ੁਰੂ ਹੋ ਗਈ। ਇਸ ਵਿਭਾਜਨਮਈ ਅਧਿਐਨ ਨੇ ਸਮਝਣ ਵਾਲੇ ਦੀ ਚੇਤਨਤਾ, ਸੁੰਦਰਤਾ ਅਤੇ ਦੈਵੀਪਣ ਨੂੰ ਸ੍ਰਿਸ਼ਟੀ ਨਾਲੋਂ ਨਿਖੇੜ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਅਧਿਐਨ ਦੇ ਫਲਸਰੂਪ ਜੋ ਆਰਥਿਕ, ਸੱਭਿਆਚਾਰਕ ਮਹੌਲ ਹੋਂਦ ਵਿਚ ਆਇਆ ਉਸ ਨੇ ਜੀਵਨ ਦੇ ਸੰਤੁਲਨ ਵਿਚ ਵਿਗਾੜ ਪੈਦਾ ਕਰ ਦਿੱਤਾ। ਜ਼ਿੰਦਗੀ ਦੀ ਰੂਹਾਨੀਅਤ ਤੋਂ ਉਲਟ ਨਿਰਰਹੱਸ, ਅਸੰਤੁਲਿਤ ਉਪਭੋਗਵਾਦੀ ਪ੍ਰਧਾਨ ਜੀਵਨ ਜਾਚ ਨੂੰ ਪਹਿਲ ਦਿੱਤੀ ਜਾਣ ਲੱਗ ਪਈ।

ਪ੍ਰੋ. ਪੂਰਨ ਸਿੰਘ ਦੁਆਰਾ ਸਿਰਜੀ ਜਾ ਰਹੀ ਵਿਸ਼ਵ-ਵਿਆਪੀ ਦ੍ਰਿਸ਼ਟੀ ਇਸ ਸੰਕੀਰਨਤਾ ਤੋਂ ਚੇਤੰਨ ਦਿਖਾਈ ਦਿੰਦੀ ਹੈ। ਇਸ ਗਿਆਨ ਪ੍ਰਬੰਧ ਦੇ ਉੱਤਰ ਰੂਪ ਵਿਚ ਪ੍ਰੋ. ਪੂਰਨ ਸਿੰਘ ਦਾ ਸਾਹਿਤ ਸੁੰਦਰ ਅਤੇ ਵਿਵੇਕਸ਼ੀਲ ਰੂਹਾਨੀ ਜ਼ਿੰਦਗੀ ਦੇ ਰੂਪ ਦੀ ਸਿਰਜਣਾ ਕਰਦਾ ਹੈ। ਪ੍ਰੋ. ਪੂਰਨ ਸਿੰਘ ਦਰਸ਼ਨ ਦੀ ਵਿਆਪਕਤਾ ਪ੍ਰਤੀ ਸੂਝ ਪੈਦਾ ਕਰਦਾ ਹੋਇਆ ਰੂਹਾਨੀ ਜ਼ਿੰਦਗੀ ਵਿਚ ਵਿਸ਼ਵ ਵਿਆਪੀ ਦ੍ਰਿਸ਼ਟੀ ਅਤੇ ਸਿਰਜਨਾਤਮਕ ਪ੍ਰਕਾਸ਼ ਦਾ ਖੇੜਾ ਲੈ ਕੇ ਆਉਂਦਾ ਹੈ। ਇਹ ਖੇੜਾ ਫ਼ਲਸਫ਼ੇ ਦੀ ਸੰਕੀਰਨਤਾ ਨੂੰ ਪ੍ਰਵਾਨ ਨਹੀਂ ਕਰਦਾ, ਬਲਕਿ ਦਰਸ਼ਨ ਅਤੇ ਅਭਿਆਸ ਦੇ ਅਮਲੀ ਜੀਵਨ ਦੇ ਰਸ ਨੂੰ ਜ਼ਿੰਦਗੀ ਵਿਚ ਮਾਣਦਾ ਹੈ।[੧] ਪੱਛਮੀ ਫ਼ਿਲਾਸਫ਼ੀ ਵਿਚਲਾ ਗਿਆਨ ਦਵੰਧ ਦੀ ਰੇਖਕੀ ਧਰਾਤਲ ਉੱਪਰ ਆਧਾਰਿਤ ਹੈ। ਇਹ ਦਵੰਧ ਫ਼ਿਲਾਸਫ਼ੀ ਨੂੰ ਦਰਸ਼ਨ ਦੀ ਉਚਾਈ ਤਕ ਨਹੀਂ ਪਹੁੰਚਣ ਦਿੰਦਾ। ਫ਼ਿਲਾਸਫ਼ੀ ਤੋਂ ਭਿੰਨ ਦਰਸ਼ਨ, ਮਨ ਅਤੇ ਸਰੀਰ ਦੀ ਭਰਪੂਰ ਇਕਾਗਰਤਾ ਵਿਚ ਭਰੀ ਗੁਆਹੀ ਹੈ। ਇਕ ਜੀਵੰਤ ਸ਼ਾਖ ਜਿਸ ਵਿਚ ਵਾਸਤਵ ਅਤੇ ਗਵਾਹ, ਨਿਰਿਖਅਕ ਅਤੇ ਨਿਰਿਖਅਤ ਵਿਚ ਕੋਈ ਅੰਤਰ ਨਹੀ ਹੁੰਦਾ।[੨] ਇਹ ਪਿਆਰ ਭਰਿਆ ਜੀਵਨ ਸਵੈ-ਮੁਕਤੀ ਤਕ ਹੀ ਸੀਮਤ ਨਹੀਂ ਬਲਕਿ ਸਮੁੱਚੀ ਕਾਇਨਾਤ ਨਾਲ ਇਕਮਿਕ ਮਾਨਵਤਾ ਦੇ ਕਲਿਆਣ ਲਈ ਉਤੇਜਿਤ ਹੈ। ਇਹ ਵਿਸ਼ਵ-ਵਿਆਪੀ ਦ੍ਰਿਸ਼ਟੀ ਬੁੱਧੀ ਦੇ ਦੇਸ਼ ਵਿਚ ਤਰਕ ਦੀ ਗ਼ੁਲਾਮੀ ਕਰਨ ਦੀ ਥਾਂ ਵਲਵਲੇ ਦੇ ਉੱਚੇ ਗਗਨਾਂ ਵਿਚ ਸੁਤੰਤਰਤਾ ਭਰੀਆਂ ਉਡਾਰੀਆਂ ਮਾਰਦੀ ਹੈ। ਪ੍ਰੋ. ਪੂਰਨ ਸਿੰਘ ਦੀ ਦ੍ਰਿਸ਼ਟੀ ਇਸ ਬ੍ਰਹਿਮੰਡ ਵਿਚਲੇ ਜੀਵਨ ਨੂੰ ਗਾਉਂਦੀ ਹੈ, ਜਿਸ ਵਿਚ ਕੁਦਰਤ, ਪਸ਼ੂ, ਪੰਛੀ, ਮਨੁੱਖ

ਸਭ ਦੈਵੀ ਛੁਹ ਨਾਲ ਵਿਗਸਦੇ ਦਿਖਾਈ ਦਿੰਦੇ ਹਨ। ਇਸ ਵਿਚ ਪਿਆਰ ਹੀ ਪਿਆਰ ਭਰਿਆ ਹੋਇਆ ਹੈ, ਜੋ ਬ੍ਰਹਿਮੰਡੀ ਤਾਲ ਨਾਲ ਇਕਮਿਕਤਾ ਦੇ ਸਿਖਰ ਉੱਪਰ ਪਹੁੰਚਦਾ ਹੈ। ਪ੍ਰੋ. ਪੂਰਨ ਸਿੰਘ ਇਸ ਵਿਸ਼ਵ-ਵਿਆਪੀ ਦ੍ਰਿਸ਼ਟੀ ਵਿਚ ਸਿੱਖੀ ਦਾ ਜੋ ਦ੍ਰਿਸ਼ ਸਿਰਜਦੇ ਹਨ ਉਹ ਇਕਹਿਰਾ ਜਾਂ ਇਕ ਪਾਸੜ ਨਹੀਂ, ਬਲਕਿ ਵੰਨ-ਸੁਵੰਨਤਾ, ਜਜ਼ਬਿਆਂ ਦਾ ਕਾਮਲ ਰੂਪ ਸਿਰਜਦੇ ਹਨ।

ਸਿੱਖੀ ਦੀ ਵਿਸ਼ਵ-ਵਿਆਪੀ ਸਮਝ ਵਿਚ ਪਰ ਦੀ ਸੁੰਦਰਤਾ ਅਤੇ ਵਿਲੱਖਣਤਾ ਨੂੰ ਦੱਸਦੇ ਹੋਏ ਪ੍ਰੋ. ਪੂਰਨ ਸਿੰਘ ਗਿਆਨ ਇੰਦਰੀਆਂ ਨੂੰ ਕਾਇਨਾਤ ਨਾਲ ਜੋੜਦੇ ਹਨ। ਪੱਛਮੀ ਗਿਆਨ ਪ੍ਰਬੰਧ ਵਿਚ ਮਨੁੱਖੀ ਦੇਹ ਨੂੰ ਸਿਰਫ ਇਕ ਵਸਤ ਜਾਂ ਪਰ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਇਸ ਪਰ ਵਿਚ ਦੇਹ ਦੇ ਨੰਗੇਜ਼ ਨੂੰ ਸੱਭਿਆਚਾਰਾਂ, ਕੌਮਾਂ ਵਿਚ ਚਿੰਨ੍ਹ ਦੇ ਰੂਪ ਵਿਚ ਸੰਕੀਰਨ ਅਰਥ ਪ੍ਰਬੰਧ ਵਿਚ ਬੰਨਿਆ ਜਾ ਰਿਹਾ ਹੈ। ਦੇਹ ਦੇ ਮਾਸ ਅਨੁਭਵ ਨੂੰ ਸੱਭਿਆਚਾਰਾਂ ਵਿਚ ਅਜ਼ਾਦੀ ਦੇ ਚਿੰਨ੍ਹ ਰੂਪ ਵਿਚ ਸਮਝਦਿਆਂ ਹੋਇਆ ਇਸ ਦੀ ਵਿਲੱਖਣਤਾ ਨੂੰ ਖਤਮ ਕੀਤਾ ਜਾ ਰਿਹਾ ਹੈ।[੩] ਪਰ ਪ੍ਰੋ. ਪੂਰਨ ਸਿੰਘ ਮਨੁੱਖੀ ਦੇਹ ਦੇ ਰੋਮ-ਰੋਮ ਦੀ ਇਲਾਹੀ ਗੂੰਜ ਨੂੰ ਮਾਸ ਅਨੁਭਵ ਤੋਂ ਉਚੇਰੇ ਗੁਰੂ ਅਨੁਭਵ ਨਾਲ ਇਕਸੁਰ ਕਰਦੇ ਹੋਏ ਇਸ ਵਿਚ ਰੂਪ ਦੀ ਵਿਲੱਖਣਤਾ ਨੂੰ ਕਾਇਨਾਤ ਨਾਲ ਜੋੜਦੇ ਹਨ, ਜਿਸ ਰਾਹੀਂ ਪਰ ਦੀ ਸੁੰਦਰਤਾ ਨੂੰ ਗੌਰਵ ਪ੍ਰਾਪਤ ਹੁੰਦਾ ਹੈ। ਦੇਹ ਦੇ ਰਸਕ ਬੈਰਾਗੀ ਵਾਲੇ ਗੁਰੂ ਆਦਰਸ਼ ਨੂੰ ਪ੍ਰੋ. ਪੂਰਨ ਸਿੰਘ ਆਪਣੀ ਰਚਨਾ ਵਿਚ ਬਾ-ਖੂਬੀ ਚਿਤਰਦਾ ਹੈ।[੪] ਦੇਹ ਦੇ ਸਗਲੇਪਨ ਨੂੰ ਕਾਇਨਾਤ ਵਿਚ ਗਾਉਂਦਾ ਹੋਇਆ ਉਸ ਦੇ ਸਹਿਜ ਅਨੁਭਵ ਨੂੰ ਜੀਵਨ ਵਿਚ ਜਿਊਂਦਾ ਹੋਇਆ ਦਰਸਾਉਂਦਾ ਹੈ। ਜਿੱਥੇ ਪੱਛਮ ਵਿਚ ਦੇਹ ਦੇ ਪਰਤੰਤਰ ਅਤੇ ਰਾਜਸੀਕਰਨ ਹੋਣ ਦੀ ਗੰਭੀਰ ਸਮੱਸਿਆ ਉਭਰ ਕੇ ਆਈ ਹੈ, ਉੱਥੇ ਪੂਰਨ ਸਿੰਘ ਦੁਆਰਾ ਜੀਵਨ ਦੇ ਰਸਿਕ ਅਨੁਭਵ ਨੂੰ ਇਸ ਤੋਂ ਉੱਪਰ ਬਿਆਨ ਕੀਤਾ ਗਿਆ ਹੈ। ਇਹ ਰਸਿਕ ਅਨੁਭਵ ਦੈਵੀ ਛੁਹ ਰਾਹੀਂ ਆਪਣੇ ਜਸ਼ਨ ਨੂੰ ਗਾਉਂਦਾ ਹੋਇਆ ਆਪਣੇ ਪ੍ਰੀਤਮ ਦਾ ਰੂਪ ਬਣ ਜਾਂਦਾ ਹੈ।[੫] ਪੱਛਮੀ ਪ੍ਰਬੰਧ ਤੋਂ ਪਾਰ ਇਹ ਜ਼ਿੰਦਗੀ ਦੇ ਮਾਡਲ ਵਿਚ ਦੇਹ, ਆਤਮ, ਮਨੁੱਖ, ਸਮਾਜ ਬ੍ਰਹਿਮੰਡੀ ਸਿਰਜਣਾ ਵਿਚ ਤਬਦੀਲ ਹੋ ਜਾਦੇ ਹਨ। ਪ੍ਰੋ. ਪੂਰਨ ਸਿੰਘ ਦੁਆਰਾ ਸਮਝੇ ਜਾ ਰਹੇ ਸਿੱਖੀ ਦੇ ਸਰੂਪ ਵਿਚ ਇਹ ਦਾਰਸ਼ਨਿਕ ਸੂਝ ਆਪਣੀ ਵਿਲੱਖਣ ਪਹਿਚਾਣ ਕਰਵਾਉਂਦੀ ਨਜ਼ਰ ਆਉਂਦੀ ਹੈ।

ਸਿੱਖੀ ਦੇ ਇਸ ਗੌਰਵਮਈ ਸੰਵਾਦੀ ਸਰੂਪ ਨੂੰ ਦੁਨੀਆ ਦੇ ਮਹਾਨ ਪੁਰਸ਼ਾਂ ਦੁਆਰਾ ਬ੍ਰਹਿਮੰਡੀ ਸਿਖਰ ਉੱਪਰ ਦਰਸਾਉਂਦੇ ਹੋਇਆਂ ਪ੍ਰੋ. ਪੂਰਨ ਸਿੰਘ ਦੀ ਦ੍ਰਿਸ਼ਟੀ ਦਾ ਸੁਹੱਪਣ ਹੋ ਨਿਬੜਦਾ ਹੈ। ਇਸ ਰਾਹੀਂ ਪ੍ਰੋ. ਪੂਰਨ ਸਿੰਘ ਸਾਹਿਤ ਦੀ ਵਿਲੱਖਣਤਾ ਅਤੇ ਮੌਲਿਕਤਾ ਨੂੰ ਜਾਗੀ ਸੁਰਤਿ ਵਾਲੇ ਮਨੁੱਖਾਂ ਦੇ ਜੀਵਨ ਅਨੁਭਵ ਨਾਲ ਜੋੜਦਾ ਹੈ। ਪੱਛਮ ਦੁਆਰਾ ਸਿਰਜੇ ਜਾ ਰਹੇ ਪ੍ਰਬੰਧ ਦੀ ਗ਼ੁਲਾਮੀ ਤੋਂ ਉੱਪਰ ਪ੍ਰੋ. ਪੂਰਨ ਸਿੰਘ ਸਿੱਖੀ ਦੇ ਵਿਸ਼ਵ ਵਿਆਪੀ ਸੰਵਾਦੀ ਰੂਪ ਨੂੰ ਜੀਵਨ ਦੇ ਰਸਮਈ ਦੈਵੀ ਜਨੂੰਨ ਨਾਲ ਜੋੜਦਾ

ਹੋਇਆ ਵਿਸ਼ੇਸ਼ ਦ੍ਰਿਸ਼ਟੀ ਦਿੰਦਾ ਹੈ।

ਪ੍ਰੋ. ਪੂਰਨ ਸਿੰਘ ਦੁਆਰਾ ਦਿੱਤਾ ਗਿਆ 'ਗੁਰ-ਅਵਤਾਰੀ ਸੁਰਤਿ' ਦੇ ਮਾਡਲ ਰਾਹੀਂ ਸੱਭਿਆਚਾਰ ਵਿਚ ਪੈਦਾ ਹੋਏ ਪਛਾਣ ਅਤੇ ਪਰ ਦੇ ਸੰਕਟ ਦਾ ਸੰਭਾਵੀ ਬਦਲ ਹੈ। ਅੱਜ ਦੇ ਗਿਆਨ ਪ੍ਰਬੰਧ ਵਿਚ ਸਵੈ-ਪਛਾਣ ਦਾ ਮਸਲਾ ਗੰਭੀਰ ਰੂਪ ਲੈ ਰਿਹਾ ਹੈ। ਸਵੈ ਅਤੇ ਪਰ ਦੇ ਜੁੱਟ ਵਿਚ ਪਛਾਣ ਨੂੰ ਵੱਖ-ਵੱਖ ਦ੍ਰਿਸ਼ਟੀਆਂ ਦੁਆਰਾ ਦੇਖਿਆ ਜਾ ਰਿਹਾ ਹੈ। ਪ੍ਰੋ. ਪੂਰਨ ਸਿੰਘ ਦੁਆਰਾ 'ਖੁਲੇ ਘੁੰਡ' ਪੁਸਤਕ ਵਿਚਲੀ ਕਵਿਤਾ ਰਾਹੀਂ ਇਸ ਸੰਕਟ ਨੂੰ ਗੁਰ ਅਵਤਾਰੀ ਸੁਰਤਿ ਰਾਹੀਂ ਬਦਲ ਦਾ ਧਰਾਤਲ ਦਿੱਤਾ ਗਿਆ ਹੈ। 'ਅ+ਮੈ' ਦੇ ਸਿਧਾਂਤੀਕਰਣ ਨਾਲ ਪ੍ਰੋ. ਪੂਰਨ ਸਿੰਘ ਨੇ ਵਿਸ਼ਵ ਚਿੰਤਨ ਅੰਦਰ ਪੰਜਾਬੀਅਤ ਵਿਚਲੇ ਦੈਵੀ ਜੀਵਨ ਨੂੰ ਗੁਰ ਅਵਤਾਰੀ ਸੁਰਤਿ ਰਾਹੀਂ ਜੀਵਨ ਦੇ ਦਰਸ਼ਨ ਨੂੰ ਉਸਾਰਿਆ ਹੈ।[੬] ਗੁਰ-ਅਵਤਾਰੀ ਸੁਰਤਿ ਰਾਹੀਂ ਪੰਜਾਬ ਦੇ ਵਿਗਸਦੇ ਜੀਵਨ ਵਿੱਚੋਂ ਪੰਜਾਬੀਅਤ ਦਾ ਜੋ ਵਿਸ਼ਵ-ਵਿਆਪੀ ਮੁਹਾਵਰਾ ਸਿਰਜਿਆ ਹੈ, ਉਹ ਕਿਸੇ ਪਰ ਦੇ ਅਧੀਨ ਨਹੀਂ ਚਲਦਾ ਬਲਕਿ ਗੁਰੂ ਅਨੁਭਵ ਰਾਹੀ ਵਿਲੱਖਣਤਾ ਦਾ ਸੰਵਾਦੀ ਸਰੂਪ ਉਸਾਰਦਾ ਹੈ। ਇਸ ਵਿਚ ਪ੍ਰੋ. ਪੂਰਨ ਸਿੰਘ ਦੁਆਰਾ ਲਏ ਗਏ ਵਿਸ਼ਵ ਦੇ ਵੱਖੋ-ਵੱਖ ਦਰਸ਼ਨਵੇਤਾ ਦੁਆਰਾ ਪੰਜਾਬੀਅਤ ਨੂੰ ਗਵਾਇਆ ਹੈ। ਇਹ ਸੰਵਾਦੀ ਸਰੂਪ ਪੰਜਾਬੀਅਤ ਨੂੰ ਵਿਸ਼ਵ ਦੇ ਗਿਆਨ ਸ਼ਾਸਤਰ ਵਿਚ ਨਵੀਂ ਪਹਿਚਾਣ ਦਿੰਦਾ ਹੈ।

ਪੂੰਜੀਵਾਦੀ ਪ੍ਰਬੰਧ ਨੇ ਹਉਂ ਜਾਂ ਗ੍ਰਹਿਣ ਕਰਨ ਦੀ ਪ੍ਰਵਿਰਤੀ ਨੂੰ ਧਰਤੀ ਦੇ ਵਿਸ਼ੇਸ਼ ਖਿੱਤੇ ਜਾਂ ਭਾਗ ਨਾਲ ਜੋੜਿਆ ਹੈ, ਜੋ ਨਸਲੀ ਭਾਵਨਾਵਾਂ ਨੂੰ ਕਿਸੇ ਉੱਪਰ ਜਿੱਤ ਪ੍ਰਾਪਤ ਕਰਨ ਨੂੰ ਪਹਿਲ ਦਿੰਦਾ ਹੈ। ਇਹ ਹਉਂ ਦੀ ਪ੍ਰਵਿਰਤੀ ਵਿਲੱਖਣਤਾ ਨੂੰ ਖਤਮ ਕਰਦੀ ਹੋਈ ਇੱਕਵਾਦ ਵਿਚ ਸਿਮਟ ਜਾਂਦੀ ਹੈ। ਪ੍ਰੋ. ਪੂਰਨ ਸਿੰਘ ਦੁਆਰਾ ਸਿਰਜਿਆ ਜਾ ਰਿਹਾ ਪੰਜਾਬ ਇਸ ਹਉਂ ਅਧੀਨ ਕਿਸੇ ਨਸਲੀ ਜਾਂ ਸਮਾਜਿਕ ਧਰਾਤਲ ਤਕ ਸੀਮਤ ਨਹੀਂ ਬਣਦਾ (ਜਿਵੇਂ ਅਜੋਕੇ ਗਿਆਨ ਦੇ ਰੂਪ ਕਿਸੇ ਖਾਸ ਧਰਾਤਲ ਜਾਂ ਕੌਮ ਨੂੰ ਵੱਖਵਾਦ ਦੇ ਪ੍ਰਬੰਧ ਵਿਚ ਧੱਕ ਰਹੇ ਹਨ) ਬਲਕਿ ਪ੍ਰੋ. ਪੂਰਨ ਸਿੰਘ ਜਿਸ ਪੰਜਾਬ ਨੂੰ ਸਿਰਜ ਰਹੇ ਹਨ, ਉਹ ਸੁਰਤਿ ਦੇ ਅਨੁਭਵੀ ਮੰਡਲਾਂ ਰਾਹੀਂ ਅਲਬੇਲਾ ਪੰਜਾਬ ਸਿਰਜ ਰਹੇ ਹਨ, ਜਿਸ ਵਿਚ ਗੁਰੂ ਜੀਵਨ ਦੇ ਅਮਲੀ ਦ੍ਰਿਸ਼ ਮਿਲਦੇ ਹਨ। ਇਸ ਪੰਜਾਬ ਦੀ ਬੌਧਿਕਤਾ ਤਾਰਕਿਕ ਗਿਆਨ ਤਕ ਸੀਮਤ ਨਹੀਂ ਬਲਕਿ ਕੁਦਰਤ ਵਿਚ ਬਿਨਸਦੀ, ਵਿਗਸਦੀ ਧਰਤੀ ਦੇ ਵੱਖ-ਵੱਖ ਖਿੱਤਿਆਂ ਵਿਚ ਰਹਿ ਰਹੇ ਲੋਕਾਂ ਦੇ ਅਨੁਭਵੀ ਰਸਾਂ ਨੂੰ ਸੰਗਤ ਦੇ ਅਨੁਭਵ ਰਾਹੀਂ ਪ੍ਰਸਾਰਿਤ ਕਰਦੀ ਹੈ। ਪ੍ਰੋ. ਪੂਰਨ ਸਿੰਘ ਇਸ ਪੰਜਾਬ ਦੀ ਸਿਰਜਣਾ ਵਿਸ਼ਵ ਵਿਚ ਕਰਦੇ ਹਨ, ਜਿਸ ਨੂੰ ਉਹ ਗੁਰੂ ਦਾ ਪੰਜਾਬ ਆਖਦੇ ਹਨ। ਇਹ ਪੰਜਾਬ ਚਲੰਤ ਗਿਆਨ ਵਿਗਿਆਨ ਦੀ ਗ਼ੁਲਾਮੀ ਦੀ ਜਕੜਨ ਭਰੇ ਵਿਚਾਰ ਪਸਾਰਾਂ ਤੋਂ ਪਾਰ ਜੀਵਨ ਦੇ ਅਮਲੀ ਰੂਪ ਨੂੰ ਤਰਜੀਹ ਦਿੰਦਾ ਹੈ। ਇਸ ਪੰਜਾਬ ਵਿਚ ਪਛਾਣ ਦਾ ਸੰਕਟ ਨਹੀਂ ਬਲਕਿ ਪਰ ਦੇ ਸੰਕਲਪ ਨੂੰ

ਵਿਲੱਖਣਤਾ ਦੇ ਰਾਹੀਂ ਬ੍ਰਹਿਮੰਡ ਨਾਲ ਇਕਮਿਕ ਕਰਵਾਉਂਦੇ ਹਨ। ਇਸ ਸੰਕਲਪ ਰਾਹੀਂ ਉਹ ਆਪਣੇ ਸਾਹਿਤ ਵਿਚ ਇਸ ਤਰਾਂ ਦੇ ਨਾਇਕ ਸਿਰਜਦੇ ਹਨ, ਜੋ ਕਿ ਪੱਛਮੀ ਸਾਹਿਤ ਵਿਚਲੇ ਨਾਇਕਾਂ ਤੋਂ ਇਕ ਪਾਸੇ ਤਾਂ ਭਿੰਨ ਹਨ ਅਤੇ ਦੂਜੇ ਪਾਸੇ ਉਨ੍ਹਾਂ ਦਾ ਆਪਾ ਕਿਸੇ ਦੇ ਅਧੀਨ ਨਾ ਹੋ ਕੇ ਬ੍ਰਹਿਮੰਡ ਦੇ ਸਗਲੇਪਨ ਨੂੰ ਗਾਉਂਦੇ ਹਨ। ਪ੍ਰੋ. ਪੂਰਨ ਸਿੰਘ ਇਸ ਗੁਰ ਅਵਤਾਰੀ ਸੁਰਤਿ ਰਾਹੀਂ ਵਿਸ਼ਵ ਅੰਦਰ ਜੋ ਸੁਹਜਮਈ, ਸੱਭਿਆਚਾਰਕ, ਦਾਰਸ਼ਨਿਕ ਅਤੇ ਰਾਜਨੀਤਿਕ ਪਸਾਰ ਸਿਰਜਦਾ ਹੈ ਉਹ ਪੂਰਬੀ ਚਿੰਤਨ ਦੀ ਆਤਮਾ ਦਾ ਪ੍ਰਕਾਸ਼ ਕਰਵਾਉਂਦਾ ਹੈ। ਸਿੱਖ ਸੁਰਤਿ ਦੇ ਸੰਕਲਪ ਅਧੀਨ ਸਿੱਖੀ ਦੀ ਜਿਸ ਮੌਲਿਕਤਾ ਦੀ ਸਿਰਜਣਾ ਕਰਦੇ ਹਨ, ਉਹ ਪੱਛਮੀ ਪ੍ਰਬੰਧ ਵਾਂਗ ਕਿਸੇ ਜੁੱਟ ਵਿਚ ਨਹੀਂ ਚੱਲਦੀ ਬਲਕਿ ਇਸ ਤੋਂ ਪਾਰ ਦੈਵੀ ਜਨੂੰਨ ਰਾਹੀਂ ਪਰ ਦੀ ਸਥਿਰਤਾ ਨੂੰ ਅੱਗੇ ਤੋਰਦੀ ਹੋਈ ਬ੍ਰਹਿਮੰਡੀ ਚੇਤਨਾ ਨੂੰ ਸਿਰਜਦੀ ਹੈ। ਇਹ ਪਰ ਦੁਵੰਧ ਨੂੰ ਨਹੀਂ ਪੈਦਾ ਹੋਣ ਦਿੰਦੀ। ਇਸ ਵਿਚ ਪਿਆਰ, ਧਿਆਨ, ਕਿਰਤ ਅਤੇ ਇਲਾਹੀ ਅਕਲ ਵਾਲਾ ਸਿਮਰਨ-ਮਈ ਜਸ਼ਨ ਪੈਦਾ ਹੁੰਦਾ ਹੈ, ਜੋ ਨਾਮ ਦੇ ਦੁਹਰਾਉ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ।[੭] ਇਹ ਗੁਰ ਅਵਤਾਰੀ ਸੁਰਤਿ ਵਿਸਮਾਦ-ਜਨਕ ਬ੍ਰਹਿਮੰਡੀ ਚੇਤਨਾ ਦੇ ਸਗਲੇਪਨ ਨੂੰ ਗਾਉਂਦੀ ਹੈ।

ਪੱਛਮੀ ਫ਼ਲਸਫ਼ੇ ਵਿਚ ਜੋ ਅਕਲ ਕੰਮ ਕਰਦੀ ਹੈ ਉਹ ਦੁਹਰਾਉ ਨੂੰ ਆਪਣੇ ਗਿਆਨ ਵਿਚ ਸ਼ਾਮਲ ਨਹੀਂ ਹੋਣ ਦਿੰਦੀ, ਜਿਸ ਲਈ ਉਹ ਬੁੱਧੀ ਤਕ ਸੀਮਤ ਹੋ ਕੇ ਰਹਿ ਜਾਂਦੀ ਹੈ ਜਿਸ ਨੂੰ ਪ੍ਰੋ. ਪੂਰਨ ਸਿੰਘ ਖੁਸ਼ਕ ਫ਼ਲਸਫ਼ੇ ਦਾ ਨਾਮ ਦਿੰਦਾ ਹੈ ਪਰ ਪ੍ਰੋ. ਪੂਰਨ ਸਿੰਘ ਦਾ ਦੁਹਰਾਉ ਬੁੱਧੀ ਤੋਂ ਪਾਰ ਰੂਹ ਦੀ ਰੂਹਾਨੀਅਤ ਰਾਹੀਂ ਅਮਲੀ ਜੀਵਨ ਵਿਚ ਆਉਂਦਾ ਹੈ, ਜਿਸ ਵਿਚ ਉਹ ਪਿਆਰ ਨੂੰ ਉਸ ਦੇ ਵੇਗ ਵਿਚ ਦੱਸਦਾ ਹੈ। ਇਹ ਦੁਹਰਾਉ ਸਿਮਰਨ ਰੂਪ ਹੋ ਕੇ ਪੂਰਨ ਸਿੰਘ ਦੀ ਦ੍ਰਿਸ਼ਟੀ ਨੂੰ ਬ੍ਰਹਿਮੰਡੀ ਮੰਡਲ ਵਿਚ ਲੈ ਜਾਂਦਾ ਹੈ, ਜਿੱਥੇ ਉਹ ਕਾਇਨਾਤ ਦੇ ਸਗਲੇਪਨ ਨੂੰ ਗਾਉਂਦਾ ਹੈ।[੮] ਇਸ ਤਰ੍ਹਾਂ ਪ੍ਰੋ. ਪੂਰਨ ਸਿੰਘ ਦੁਆਰਾ ਸਿਰਜੇ ਗਏ ਸਾਹਿਤ ਰਾਹੀਂ ਸਿੱਖੀ ਦਾ ਜੋ ਰੂਪ ਵਿਸ਼ਵ ਅੰਦਰ ਉਭਰਦਾ ਹੈ ਉਹ ਵਿਲੱਖਣ ਦ੍ਰਿਸ਼ਟੀ ਹੋ ਨਿਬੜਦਾ ਹੈ।

ਸਿੱਖ ਜੀਵਨ ਅਤੇ ਉਸ ਦੇ ਅਲਬੇਲੇਪਣ ਵਿਚਲੀ ਗੁਰ ਅਵਤਾਰੀ ਸੁਰਤਿ ਬ੍ਰਹਿਮੰਡ ਅੰਦਰ ਵਿਗਸ ਰਹੀ ਹਰ ਸ਼ੈਅ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੋਈ ਪ੍ਰਵਾਨ ਕਰਦੀ ਹੈ। ਜੋ ਵਿਅਕਤੀਗਤ ਸਵੈ-ਪਛਾਣ ਤੋਂ ਬ੍ਰਹਿਮੰਡੀ ਚੇਤਨਾ ਦਾ ਮਾਰਗ-ਦਰਸ਼ਨ ਕਰਵਾਉਂਦੀ ਹੈ। ਇਸ ਵਿਚਲਾ ਧਿਆਨ ਆਪਣੇ ਸਗਲੇਪਨ ਨੂੰ ਗਾਉਂਦਾ ਹੋਇਆ ਸਹਿਜ ਧਿਆਨ ਵਿਚ ਤਬਦੀਲ ਹੋ ਜਾਂਦਾ ਹੈ। ਇਸ ਵਿੱਚੋਂ ਪਿਆਰ ਯੋਗ, ਪਿਆਰ ਧਿਆਨ ਉਪਜਦੇ ਹਨ। ਇਹ ਸੁਰਤਿ ਅਖੰਡ ਨੂੰ ਖੰਡਿਤ ਕਰ ਕੇ ਨਹੀਂ ਦੇਖਦੀ ਬਲਕਿ ਛੂਹ ਰੂਪੀ,ਬਖਸ਼ਿਸ਼ ਰੂਪੀ ਸੁਰਤਿ ਹੈ। ਗੁਰੂ ਤੋਂ ਪ੍ਰਕਾਸ਼ ਲੈ ਕੇ ਇਹ ਜੇਤੂ ਸੁਰਤਿ ਨੂੰ ਪ੍ਰੋ. ਪੂਰਨ ਸਿੰਘ ਗੁਰੂ ਅਵਤਾਰ ਸੁਰਤਿ ਕਹਿੰਦਾ ਹੈ, ਜੋ ਹੁਕਮ ਨੂੰ

ਸਮਝਦੀ ਹੋਈ ਗਿਆਨ ਵਿੱਚੋਂ ਵਿਗਸਦੀ ਹੈ।[੯] ਇਹ ਜੇਤੂ ਸੁਰਤਿ ਹੁਕਮ ਨੂੰ ਸਮਝਦੀ ਹੋਈ ਜਰਨੈਲੀ ਸੁਰਤਿ ਦਾ ਰੂਪ ਧਾਰਨ ਕਰਦੀ ਹੋਈ ਸਿਦਕ ਵਿੱਚੋਂ ਉਗਮਦੀ ਹੈ।

ਪ੍ਰੋ. ਪੂਰਨ ਸਿੰਘ ਇਸ ਤਰ੍ਹਾਂ ਪਰੰਪਰਾ ਦੇ ਮੁਹਾਵਰੇ ਵਿਚ ਵਿਸ਼ਵ ਅੰਦਰ ਸਿੱਖੀ ਦੀ ਗੱਲ ਕਰਦਾ ਹੈ, ਜੋ ਸਹਿਜ ਰੂਪ ਵਿਚ ਮਨੁੱਖਤਾ ਨੂੰ ਗੌਰਵ ਪ੍ਰਦਾਨ ਕਰਦਾ ਹੈ। ਇਸ ਕਾਇਨਾਤੀ ਤਸੱਵਰ ਰਾਹੀਂ ਪ੍ਰੋ. ਪੂਰਨ ਸਿੰਘ ਸਿੱਖੀ ਨੂੰ ਵਿਸ਼ਵ-ਵਿਆਪੀ ਮੁਹਾਵਰੇ ਵਿਚ ਪ੍ਰਸਤੁਤ ਕਰਦਾ ਹੈ, ਜੋ ਸਮੁੱਚੇ ਜੀਵਨ ਨੂੰ ਜਿਊਣ ਉੱਪਰ ਬਲ ਦਿੰਦੀ ਹੈ। ਪ੍ਰੋ. ਪੂਰਨ ਸਿੰਘ ਦੀ ਮਹਾਂ ਦ੍ਰਿਸ਼ਟੀ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਉਸ ਦੀ ਸਮੁੱਚੀ ਰਚਨਾ ਨੂੰ ਧਿਆਨ ਵਿਚ ਰੱਖ ਕੇ ਸਮਝਿਆ ਜਾਵੇ। ਪੱਛਮੀ ਪ੍ਰਬੰਧ ਅਧੀਨ ਜਿੱਥੇ ਪਦਾਰਥਵਾਦੀ ਕੀਮਤਾਂ ਦੇ ਵੱਸ ਹੋ ਕੇ ਸੱਭਿਆਚਾਰਕ ਵਿਲੱਖਣਤਾ ਪ੍ਰਤੀ ਅਣਗਹਿਲੀ ਨੂੰ ਮੁੱਖ ਰੱਖ ਜੋ ਪਰਵਚਨ ਉਸਾਰਿਆ ਜਾ ਰਿਹਾ ਹੈ ਉਸ ਦੇ ਉਲਟ ਪ੍ਰੋ. ਪੂਰਨ ਸਿੰਘ ਦੁਆਰਾ ਜੋ ਗੁਰ-ਅਵਤਾਰੀ ਸੁਰਤਿ ਦਾ ਅਭਿਆਸ ਕੀਤਾ ਗਿਆ ਹੈ ਉਸ ਪ੍ਰਸੰਗ ਵਿਚ ਹੀ ਉਸ ਦੀ ਮੌਲਿਕਤਾ ਅਤੇ ਸਿਰਜਣਾ ਨੂੰ ਸਮਝਣਾ ਚਾਹੀਦਾ ਹੈ। ਪਰੰਪਰਾ ਦੀ ਨਿਵਾਜਿਸ਼ ਵਿਚ ਵਿਗਸਦੇ ਹੋਏ ਪ੍ਰੋ. ਪੂਰਨ ਸਿੰਘ ਜਿਸ ਜੀਵਨ-ਦਰਸ਼ਨ ਅਤੇ ਸਿੱਖੀ ਨੂੰ ਵਿਸ਼ਵ-ਵਿਆਪੀ ਮੁਹਾਵਰੇ ਵਿਚ ਪੇਸ਼ ਕਰਦਾ ਹੈ ਉਸ ਦੁਆਰਾ ਹੀ ਗਿਆਨ ਦੇ ਬਹੁ-ਪਸਾਰੀ ਚਿੰਤਨ ਵਿਚ ਮਹੱਤਵਪੂਰਨ ਦੇਣ ਨੂੰ ਸਮਝਿਆ ਜਾ ਸਕਦਾ ਹੈ।

**ਹਵਾਲੇ :**


੧. *ਪੂਰਨ ਸਿੰਘ: ਜੀਵਨੀ ਤੇ ਕਵਿਤਾ,* ਸੰਪ: ਮਹਿੰਦਰ ਸਿੰਘ ਰੰਧਾਵਾ, ਨਵੀਂ ਦਿੱਲੀ , ਸਾਹਿਤ ਅਕਾਦਮੀ, ੧੯੭੬, ਪੰ. ੨੯੩

੨. ਗੁਰਭਗਤ ਸਿੰਘ, *ਕਾਵਿ ਸ਼ਾਸਤਰ, ਦੇਹ ਅਤੇ ਕ੍ਰਾਂਤੀ,* ਸੰਗਰੂਰ: ਵਿਚਾਰ ਪ੍ਰਕਾਸ਼ਨ, ੧੯੯੫, ਪੰ. ੩੭

੩. Amandeep Singh, *Celestial Grace: Thoughts on Sikh Spirituality,* Amritsar: Naad Pargaas, 2010, Page. 53

੪. *ਪੂਰਨ ਸਿੰਘ: ਜੀਵਨੀ ਤੇ ਕਵਿਤਾ,* ਸੰਪ: ਮਹਿੰਦਰ ਸਿੰਘ ਰੰਧਾਵਾ, ਨਵੀਂ ਦਿੱਲੀ , ਸਾਹਿਤ ਅਕਾਦਮੀ, ੧੯੭੬, ਪੰ. ੩੪੭

੫. Puran Singh, *The Spirit of Oriental Poetry,* Patiala: Punjabi University, 1969, Page. 279

੬. *ਪ੍ਰੋ. ਪੂਰਨ ਸਿੰਘ ਰਤਨਾਵਲੀ,* ਜਿਲਦ-੧, ਸੰਪਾ: ਜਸਵਿੰਦਰ ਸਿੰਘ, ਸ੍ਰੀ ਅੰਮ੍ਰਿਤਸਰ: ਨਾਦ ਪਰਗਾਸ, ੨੦੧੩, ਪੰ. vii

੭. *ਪੂਰਨ ਸਿੰਘ: ਜੀਵਨੀ ਤੇ ਕਵਿਤਾ,* ਸੰਪ: ਮਹਿੰਦਰ ਸਿੰਘ ਰੰਧਾਵਾ, ਨਵੀਂ ਦਿੱਲੀ , ਸਾਹਿਤ ਅਕਾਦਮੀ, ੧੯੭੬, ਪੰ. ੩੨੫

੮. *ਉਹੀ,* ੩੩੯

੯. *ਉਹੀ,* ੩੬੮

# ਵਿਆਖਿਆ ਸ਼ਾਸਤਰ : ਅਰਥ ਤੇ ਸਰੂਪ (ਡਾ. ਰਿਚਰਡ ਪਾਮਰ ਦੇ ਵਿਸ਼ੇਸ਼ ਹਵਾਲੇ ਵਿਚ)

*-ਡਾ. ਤੇਜਿੰਦਰ ਪਾਲ ਸਿੰਘ**

ਧਰਮ ਹਮੇਸ਼ਾਂ ਹੀ ਮਨੁੱਖੀ ਜੀਵਨ ਦਾ ਅਨਿੱਖੜ ਅੰਗ ਰਿਹਾ ਹੈ, ਪਰੰਤੂ ਮਨੁੱਖੀ ਜੀਵਨ ਤੇ ਸਮਾਜ ਵਿਚ ਧਰਮ ਦਾ ਪ੍ਰਭਾਵ ਤੇ ਬੋਲਬਾਲਾ ਹਮੇਸ਼ਾਂ ਇਕਸਾਰ ਨਹੀਂ ਰਿਹਾ। ਬਦਲਦੇ ਹਾਲਾਤ ਤੇ ਪ੍ਰਸਥਿਤੀਆਂ ਅਨੁਸਾਰ ਜੀਵਨ ਵਿਚ ਧਰਮ ਦਾ ਪ੍ਰਭਾਵ ਤੇ ਪਕੜ ਬਦਲਦੇ ਰਹੇ ਹਨ। ਇਸ ਦਾ ਇਕ ਮੁੱਖ ਕਾਰਨ ਧਰਮ-ਗ੍ਰੰਥਾਂ ਵਿਚਲਾ ਸੰਦੇਸ਼ ਤੇ ਉਪਦੇਸ਼ ਆਮ ਲੋਕਾਂ ਦੀ ਸਮਝ-ਗੋਚਰੇ ਨਾ ਹੋਣਾ ਹੈ। ਇਸ ਸਮੱਸਿਆ ਕਾਰਨ ਧਰਮ-ਗ੍ਰੰਥਾਂ ਦੇ ਸੰਦੇਸ਼ ਨੂੰ ਸਮਝਣ-ਸਮਝਾਉਣ ਦੀ ਲੋੜ ਮਹਿਸੂਸ ਕੀਤੀ ਗਈ, ਜਿਸ ਤਹਿਤ ਵਿਆਖਿਆਕਾਰੀ ਨੇ ਜਨਮ ਲਿਆ। ਮੌਜੂਦਾ ਸਮੇਂ ਵਿਚ ਵਿਆਖਿਆਕਾਰੀ ਨੇ ਇਕ ਅਨੁਸ਼ਾਸਿਤ ਵਿਸ਼ੇ ਦਾ ਰੂਪ ਲੈ ਲਿਆ ਹੈ, ਜਿਸ ਨੂੰ 'ਵਿਆਖਿਆ ਸ਼ਾਸਤਰ' ਦਾ ਨਾਂ ਦਿਤਾ ਗਿਆ ਹੈ।

ਇਸ ਲੇਖ ਵਿਚ ਡਾ. ਰਿਚਰਡ ਪਾਮਰ ਦੇ ਹਵਾਲੇ ਨਾਲ ਵਿਆਖਿਆ ਸ਼ਾਸਤਰ ਬਾਰੇ ਜਾਣਨ ਦਾ ਤੁਛ ਮਾਤਰ ਜਤਨ ਕੀਤਾ ਗਿਆ ਹੈ। ਇਸ ਤਹਿਤ ਲੇਖ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਡਾ. ਪਾਮਰ ਦਾ ਸੰਖੇਪ ਜੀਵਨ ਦਿੱਤਾ ਗਿਆ ਹੈ। ਦੂਜੇ ਭਾਗ ਵਿਚ ਵਿਆਖਿਆ ਸ਼ਾਸਤਰ ਸੰਬੰਧੀ ਉਨ੍ਹਾਂ ਦੀ ਥਿਊਰੀ ਦਿੱਤੀ ਗਈ ਹੈ।

## I

### ਡਾ. ਰਿਚਰਡ ਪਾਮਰ (੧੯੩੩-੨੦੧੫)

ਡਾਕਟਰ ਰਿਚਰਡ ਪਾਮਰ ਦਾ ਜਨਮ ੬ ਨਵੰਬਰ, ੧੯੩੩ ਈ. ਨੂੰ ਫੀਨਿਕਸ (Phoenix, AZ) ਵਿਚ ਪਿਤਾ ਐਡਵਰਡ ਵਾਈ ਪਾਮਰ (Edward Y. Palmer) ਦੇ ਘਰ ਮਾਤਾ ਐਗਨਸ ਮੈਚੇ ਸਮਿਥ ਪਾਮਰ (Agnes Mae Smith Palmer) ਦੀ ਕੁੱਖੋਂ ਹੋਇਆ।

ਡਾ. ਪਾਮਰ ਹਰਮਨੀਊਟਿਕਸ (Hermeneutics) ਦੇ ਸੰਸਾਰ ਦੇ ਪ੍ਰਮੁੱਖ ਵਿਦਵਾਨਾਂ ਵਿੱਚੋਂ ਇਕ ਸਨ। ਉਸ ਨੇ ਏਸ਼ੀਆ, ਯੂਰਪ, ਮੱਧ ਅਮਰੀਕਾ ਅਤੇ ਦੱਖਣੀ ਅਮਰੀਕਾ ਵਿਚ ਹਰਮਨੀਊਟਿਕਸ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ੧੯੬੯ ਵਿਚ ਹਰਮਨੀਊਟਿਕਸ ਉਤੇ ਅੰਗਰੇਜ਼ੀ ਭਾਸ਼ਾ ਵਿਚ ਪਹਿਲੀ ਕਿਤਾਬ

**ਅਸਿਸਟੈਂਟ ਪ੍ਰੋਫੈਸਰ (ਧਰਮ ਅਧਿਐਨ) ਯੂਨੀਵਰਸਿਟੀ ਕਾਲਜ, ਮੀਰਾਂਪੁਰ-੧੪੭੧੧੧ (ਪਟਿਆਲਾ)। ਮੋ. ੯੯੮੮੦੦੪੭੩੩*

Hermeneutics: Interpretation Theory in Schleiermacher, Dilthey, Heidegger, and Gadamer ਪ੍ਰਕਾਸ਼ਿਤ ਕਰਵਾਈ। ਇਹ ਪੁਸਤਕ ਮੌਜੂਦਾ ਸਮੇਂ ਦੌਰਾਨ ਵੀ ਵਿਦਿਅਕ ਕੋਰਸਾਂ ਵਿਚ ਵਿਆਪਕ ਤੌਰ 'ਤੇ ਵਰਤੀ ਜਾ ਰਹੀ ਹੈ। ਇਸ ਦਾ ਅਨੁਵਾਦ ਕਈ ਭਾਸ਼ਾਵਾਂ, ਜਿਵੇਂ ਸਪੇਨੀ, ਇਤਾਲਵੀ, ਚੀਨੀ, ਤੁਰਕੀ ਅਤੇ ਫ਼ਾਰਸੀ ਵਿਚ ਕੀਤਾ ਜਾ ਚੁਕਿਆ ਹੈ।

ਡਾ. ਪਾਮਰ ਨੇ ਚਾਰ ਹੋਰ ਕਿਤਾਬਾਂ ਆਪਣੇ ਮਿੱਤਰ ਲੇਖਕਾਂ ਨਾਲ ਰਲ ਕੇ ਪ੍ਰਕਾਸ਼ਿਤ ਕਰਵਾਈਆਂ- Dialogue and Deconstruction: The Gadamer-Derrida Encounter (1989) with Diane Michelfelder; Edmund Husserl, Psychological and Transcendental Phenomenology (1997) with Thomas Sheehan ਪ੍ਰਕਾਸ਼ਿਤ ਕਰਵਾਈ। Gadamer in Conversation: Reflections and Commentary (2002) ਅਤੇ The Gadamer Reader: A Bouquet of the Later Writings (2007)। ਇਨ੍ਹਾਂ ਚਾਰ ਪੁਸਤਕਾਂ ਤੋਂ ਬਿਨਾਂ ਡਾ. ਪਾਮਰ ਨੇ ਹਰਮਨੀਉਟਿਕਸ ਉਤੇ ੮੦ ਤੋਂ ਵਧ ਲੇਖ ਪ੍ਰਕਾਸ਼ਿਤ ਕਰਵਾਏ ਹਨ।

ਉਨ੍ਹਾਂ ਨੇ ਮੈਕ ਮਰੀ ਕਾਲਜ (MacMurray College) ਵਿਚ ਚਾਲ੍ਹੀ ਸਾਲ ਅਧਿਆਪਨ ਕਾਰਜ ਕੀਤਾ। ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਨੂੰ ਵੱਡੀ ਮਾਤਰਾ ਵਿਚ ਪੜ੍ਹਨ ਲਈ ਸਮਗਰੀ ਮੁਹੱਈਆ ਕਰਵਾਈ ਅਤੇ ਇਸ ਨੂੰ ਨਵੇਂ ਤਰੀਕਿਆਂ ਨਾਲ ਦਰਸਾਉਣ ਲਈ ਪ੍ਰੇਰਿਆ। ਉਨ੍ਹਾਂ ਦੁਆਰਾ ੧੯੬੦-੭੦ ਦੇ ਦਰਮਿਆਨ ਲਈਆਂ ਮੌਖਿਕ ਪ੍ਰੀਖਿਆਵਾਂ ਨੂੰ ਅੱਜ ਦੇ ਵਿਦਿਆਰਥੀਆਂ ਦੁਆਰਾ ਅਜੇ ਵੀ ਯਾਦ ਰੱਖਿਆ ਜਾਂਦਾ ਹੈ। ਮੈਕ ਮਰੀ ਕਾਲਜ (MacMurray College) ਵਿਚ ਉਹ ਫ਼ਿਲਾਸਫ਼ੀ ਅਤੇ ਧਰਮ ਵਿਭਾਗ ਦੇ ਮੁਖੀ ਵੀ ਰਹੇ। ਉਨ੍ਹਾਂ ਨੇ ਦੋ ਵਾਰ ਅਧਿਆਪਨ ਵਿਚ ਉਤਮਤਾ ਲਈ ਡੇਵੀ ਈ. ਵਿਲਕਿਨਜ਼ (Dewey E. Wilkins) ਅਵਾਰਡ ਵੀ ਪ੍ਰਾਪਤ ਕੀਤਾ। ਉਨ੍ਹਾਂ ਨੂੰ ੧੯੯੩ ਵਿਚ ਫ਼ਿਲਾਸਫ਼ੀ ਅਤੇ ਧਰਮ ਦਾ ਜੋਸਫ ਆਰ. ਹਰਕਰ ਡਿਸਟਿਨਗੁਇਸ਼ਡ ਪ੍ਰੋਫੈਸਰ (Joseph R. Harker Distinguished Professor) ਨਾਂ ਦਿੱਤਾ ਗਿਆ। ਉਨ੍ਹਾਂ ਨੇ ਅਧਿਆਪਨ ਵਿਚ ਉਤਮਤਾ ਲਈ ਯੂਨਾਈਟਿਡ ਮੈਥੋਡਿਸਟ ਬੋਰਡ ਆਫ਼ ਹਾਇਰ ਐਜੂਕੇਸ਼ਨ ਅਵਾਰਡ (United Methodist Board of Higher Education Award) ਪ੍ਰਾਪਤ ਕੀਤਾ।

ਡਾ. ਪਾਮਰ ਨੇ ਸੇਬਾਟਿਕਲਜ਼ ਦੌਰਾਨ ਜ਼ੂਰਿਚ ਯੂਨੀਵਰਸਿਟੀ (University of Zürich), ਸਟ੍ਰਾਸਬੁਰਗ ਯੂਨੀਵਰਸਿਟੀ (University of Strasbourg) ਅਤੇ ਹਾਈਡਲਬਰਗ ਯੂਨੀਵਰਸਿਟੀ (University of Heidelberg) ਵਿਚ

ਪੋਸਟ-ਗ੍ਰੈਜੂਏਟ ਖੋਜ ਕੀਤੀ। ੧੯੬੪-੬੫ ਵਿਚ ਉਨ੍ਹਾਂ ਦੁਆਰਾ ਕੀਤੀ ਜਾ ਰਹੀ ਖੋਜ ਲਈ American Council of Learned Societies ਦੁਆਰਾ ਵਿੱਤੀ ਸਹਾਇਤਾ ਦਿੱਤੀ ਗਈ ਸੀ। ੧੯੭੧-੭੨ ਵਿਚ ਉਨ੍ਹਾਂ ਦੀ ਖੋਜ ਨੂੰ ਨੈਸ਼ਨਲ ਐਂਡੋਮੈਂਟ ਆਫ਼ ਆਰਟਸ (National Endowment of the Arts) ਦੁਆਰਾ ਵਿੱਤੀ ਸਹਾਇਤਾ ਦਿਤੀ ਗਈ। ੧੯੯੧ ਅਤੇ ੧੯੯੫ ਵਿਚ ਉਨ੍ਹਾਂ ਨੂੰ ਯੂਨੀਵਰਸਿਟੀ ਆਫ਼ ਹਾਇਡਲਬਰਗ (University of Heidelberg) ਵਿਖੇ ਆਪਣੇ ਪਹਿਲੇ ਕੰਮ ਨੂੰ ਜਾਰੀ ਰੱਖਣ ਲਈ ਫੁਲਬ੍ਰਾਈਟ ਫੈਲੋਸ਼ਿਪ (Fulbright Fellowships) ਪ੍ਰਾਪਤ ਹੋਈ।

Mac Murray College ਨੇ ੨੦੧੩ ਵਿਚ ਉਨ੍ਹਾਂ ਨੂੰ ਹਰਮਨੀਊਟਿਕਸ ਵਿਚ ਪਾਇਦਾਰ ਕੰਮ ਕਰਨ ਲਈ ਸਨਮਾਨ ਸੂਚਕ (honorary) ਪੀਐਚ. ਡੀ. ਦੀ ਡਿਗਰੀ ਦਿੱਤੀ ਗਈ। ਉਨ੍ਹਾਂ ਦੀ ਜ਼ਿੰਦਗੀ ਦਾ ਇਹ ਸਭ ਤੋਂ ਸ਼ਾਨਦਾਰ ਪਲ ਸੀ।

ਡਾ. ਪਾਮਰ ਦੱਬੇ-ਕੁਚਲੇ ਲੋਕਾਂ ਦੇ ਸੱਚੇ ਹਮਾਇਤੀ ਸਨ। ਇਸੇ ਭਾਵਨਾ ਅਧੀਨ ਉਹ ੧੯੬੦ਵਿਆਂ ਵਿਚ ਸਿਵਲ ਰਾਈਟਸ ਅੰਦੋਲਨ (civil rights movement) ਵਿਚ ਸਰਗਰਮ ਹੋਏ। ਕੈਂਪਸ ਵਿਚ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਬਲੈਕ ਸਟੂਡੈਂਟ ਯੂਨੀਅਨ (Black Student Union) ਬਣਾਉਣ ਵਿਚ ਮਦਦ ਕੀਤੀ ਅਤੇ ਥੋੜ੍ਹੇ ਸਮੇਂ ਲਈ ਇਕ ਸਲਾਹਕਾਰ ਦੇ ਤੌਰ ਉਤੇ ਸੇਵਾ ਵੀ ਨਿਭਾਈ।

ਸੰਗੀਤ ਡਾ. ਪਾਮਰ ਦੇ ਜੀਵਨ ਦਾ ਬਹੁਤ ਮਹੱਤਵਪੂਰਨ ਹਿਸਾ ਸੀ। ਸੰਗੀਤ ਦੇ ਇਤਿਹਾਸ ਵਿਚ ਉਨ੍ਹਾਂ ਨੇ ੧੯੫੫ ਵਿਚ ਰੈੱਡਲੈਂਡ ਯੂਨੀਵਰਸਿਟੀ (University of Redlands) ਤੋਂ ਬੀ.ਏ ਦੀ ਡਿਗਰੀ (bachelor of arts) ਪ੍ਰਾਪਤ ਕੀਤੀ। ਉਨ੍ਹਾਂ ਦਾ ਅੰਡਰਗਰੈਜੂਏਟ ਥੀਸਿਸ harmonic rhythm in Bach, Mozart, and Beethoven ’ਤੇ ਸੀ। ਉਨ੍ਹਾਂ ਨੇ ਆਪਣੇ ਜੀਵਨ ਦੇ ਸ਼ੁਰੂਆਤੀ ਦਿਨਾਂ ਵਿਚ ਰੇਡੀਓ 'ਤੇ ਪ੍ਰਦਰਸ਼ਨ ਕੀਤਾ ਅਤੇ ਬਾਅਦ ਵਿਚ ਨਿੱਜੀ ਖੁਸ਼ੀ ਲਈ Congregational Church ਅਤੇ ਜੈਕਸਨਵਿਲ (Jacksonville) ਦੇ ਵੱਖ-ਵੱਖ ਸਮੂਹਾਂ ਵਿਚ ਗਾਇਨ ਕੀਤਾ।

ਜੈਕਸਨਵਿਲ ਦੇ ੮੧ ਸਾਲਾ ਡਾਕਟਰ ਰਿਚਰਡ ਪਾਮਰ ਅੰਤ ਇਸ ਫਾਨੀ ਸੰਸਾਰ ਨੂੰ ਜੈਕਸਨਵਿਲ ਵਿਚ ਹੈਰੀਟੇਜ ਹੈਲਥ ਵਿਖੇ ੧੨ ਜੁਲਾਈ, ੨੦੧੫ ਨੂੰ ਅਲਵਿਦਾ ਕਹਿ ਗਏ।

II

ਲੇਖ ਦੇ ਦੂਜੇ ਭਾਗ ਵਿਚ ਡਾ. ਪਾਮਰ ਦੇ ਹਵਾਲੇ ਨਾਲ ‘ਵਿਆਖਿਆ ਸ਼ਾਸਤਰ’ ਬਾਰੇ ਚਰਚਾ ਕੀਤੀ ਜਾ ਰਹੀ ਹੈ। ‘ਵਿਆਖਿਆ ਸ਼ਾਸਤਰ' ਸ਼ਬਦ ਜਰਮਨ ਮੂਲ ਦੇ ਸ਼ਬਦ Hermeneutics ਦਾ ਪੰਜਾਬੀ ਅਨੁਵਾਦ ਹੈ। ਹਿੰਦੀ ਵਿਚ ਇਸ ਲਈ

'ਅਰਥ ਮੀਮਾਂਸਾ' ਸ਼ਬਦ/ਸਮਾਸ ਵੀ ਅਪਣਾਇਆ ਗਿਆ ਹੈ, ਜਿਸ ਨੂੰ ਪੰਜਾਬੀ ਵਿਚ ਵੀ ਵਰਤਿਆ ਜਾ ਸਕਦਾ ਹੈ।[੧] ਵਰਨਣਯੋਗ ਹੈ ਕਿ ਵਿਆਖਿਆ ਸ਼ਾਸਤਰ ਵਿਆਖਿਆਕਾਰੀ, ਨਹੀਂ। ਇਹ ਇਕ ਸ੍ਵੈ-ਅਨੁਸ਼ਾਸਿਤ ਵਿਗਿਆਨ ਹੈ, ਜਿਹੜਾ 'ਪਾਠ', ਖਾਸਕਰ 'ਧਾਰਮਿਕ ਪਾਠ' ਨੂੰ ਸਮਝਣ ਦੇ ਕੁਝ ਨਿਯਮਾਂ ਵਲ ਸੰਕੇਤ ਕਰਦਾ ਹੈ। ਪਾਠ ਦੇ ਅਸਲ ਅਰਥਾਂ ਤਕ ਕਿਵੇਂ ਪਹੁੰਚਿਆ ਜਾਵੇ?, ਮੂਲ ਰੂਪ ਵਿਚ ਕਰਤਾ ਨੇ ਆਪ ਕੀ ਅਰਥ ਲਏ ਹੋਣਗੇ?, ਜਿਸ ਸਮੇਂ ਪਾਠ ਕਰਤਾ ਦੇ ਅਨੁਭਵ ਵਿਚ ਪ੍ਰਕਾਸ਼ਮਾਨ ਹੋਇਆ, ਉਸ ਸਮੇਂ ਸ਼ਬਦ ਦੇ ਕੀ ਅਰਥ ਹੋਣਗੇ? ਆਦਿ ਸਵਾਲਾਂ ਨਾਲ ਇਹ ਵਿਗਿਆਨ ਸੰਬੰਧਿਤ ਹੈ।

ਇਸ ਤਰ੍ਹਾਂ ਵਿਆਖਿਆ ਸ਼ਾਸਤਰ ਕਿਸੇ ਘਟਨਾ ਦੇ ਵਾਪਰਨ ਤੇ ਬਿਆਨ ਕਰਨ ਦੇ ਸਮੇਂ ਵਿਚਲਾ ਖਲਾਅ ਭਰਨ ਦਾ ਜਤਨ ਹੈ। ਇਹ ਧਾਰਮਿਕ-ਪਾਠ ਦੀ ਸਮਝ ਚਾਹੁੰਦਾ ਹੈ। ਵਿਆਖਿਆ ਸ਼ਾਸਤਰ ਧਰਮ ਦੀ ਬੋਲੀ ਨੂੰ ਜਗਿਆਸੂ ਦੀ ਬੋਲੀ ਵਿਚ ਅਨੁਵਾਦ ਕਰਕੇ ਦੱਸਦਾ ਹੈ।

**ਸ਼ਾਬਦਿਕ ਅਰਥ**

Hermeneutics ਯੂਨਾਨੀ ਭਾਸ਼ਾ ਦੇ ਸ਼ਬਦ Hermeneuein ਤੋਂ ਬਣਿਆ ਹੈ[੨], ਜਿਸ ਦਾ ਅਰਥ ਹੈ, ਵਿਆਖਿਆ ਕਰਨਾ (To Interpret)। ਇਸੇ ਮੂਲ ਧਾਤੂ ਤੋਂ Hermeneia ਸ਼ਬਦ ਬਣਿਆ ਹੈ, ਜਿਸ ਦਾ ਅਰਥ ਹੈ, ਵਿਆਖਿਆ (Interpretation)। ਇਸ ਤੋਂ ਇਲਾਵਾ ਇਸ ਸ਼ਬਦ ਦੀ ਉਤਪਤੀ Hermeneus ਤੋਂ ਵੀ ਮੰਨੀ ਗਈ ਹੈ[੩], ਜਿਸ ਦਾ ਅਰਥ ਹੈ, ਵਿਆਖਿਆਕਾਰ (An Interpretor)। ਇਸ ਤੋਂ ਪਿੱਛੋਂ ਇਹ ਸ਼ਬਦ Hermes (ਰੋਮਨ ਦੇਵਤਾ ਮਰਕਰੀ) ਤੋਂ ਲਿਆ ਗਿਆ।[੪] ਦੇਵਤੇ ਵਜੋਂ ਇਹ ਸੰਦੇਸ਼ (message) ਦਾ ਚਿੰਨ੍ਹ (sign) ਹੈ।[੫] ਇਸ ਦੇਵਤੇ ਦਾ ਕੰਮ ਰੋਮਨ ਮਿਥ ਵਿਚ ਪਰਾ-ਪ੍ਰਕਿਰਤਕ ਤਤਾਂ ਦੀ ਜਾਣਕਾਰੀ (ਵਿਆਖਿਆ) ਦੇਣਾ ਹੈ। ਇਸੇ ਸ਼੍ਰੇਣੀ ਵਿਚ ਇਕ ਹੋਰ ਸ਼ਬਦ Hermeious ਹੈ, ਜਿਹੜਾ ਪੁਜਾਰੀ ਲਈ ਵਰਤਿਆ ਜਾਂਦਾ ਸੀ। ਇਕ ਰਿਵਾਇਤ ਅਨੁਸਾਰ ਯੂਨਾਨ ਦੇ ਸ਼ਹਿਰ Delphy ਵਿਚ ਸਥਿਤ ਅਪੋਲੋ ਮੰਦਿਰ ਦੇ ਪੁਜਾਰੀ ਨੂੰ Hermeious ਕਿਹਾ ਜਾਂਦਾ ਹੈ, ਜਿਹੜਾ ਕਿ ਮੰਦਿਰ ਵਿਚ ਆਏ ਸ਼ਰਧਾਲੂਆ ਨੂੰ ਅਪੋਲੋ ਦੇਵਤੇ ਦੀਆਂ ਭਵਿੱਖ-ਬਾਣੀਆਂ ਦੇ ਸਰਲ ਅਰਥ ਕਰ ਕੇ ਸੁਣਾਉਂਦਾ ਸੀ। ਸੋ, ਇਸ ਆਧਾਰ 'ਤੇ ਵਿਦਵਾਨਾਂ ਦੁਆਰਾ ਕੁੱਲ ਮਿਲਾ ਕੇ Hermeneutics ਦਾ ਅਰਥ 'The Science of Interpretation' ਲਿਆ ਗਿਆ ਹੈ।

ਯੂਨਾਨੀ ਭਾਸ਼ਾ ਦੇ ਇਹ ਸ਼ਬਦ ਵਿਆਖਿਆ ਸ਼ਾਸਤਰ ਦੇ ਤਿੰਨ ਪੱਖਾਂ ਨਾਲ ਜੁੜੇ ਹੋਏ ਹਨ :

੧) ਕਿਸੇ ਸਰੋਤ ਜਾਂ ਸੋਮੇ ਤੋਂ ਕੋਈ ਇਸ਼ਾਰਾ, ਸੰਦੇਸ਼ ਜਾਂ ਪਾਠ (Text) ਦਾ ਮਿਲਣਾ।

੨) ਜਿਸ ਦੀ ਵਿਆਖਿਆ ਲਈ ਇਕ Mediator (ਵਿਚੋਲੇ) ਦੀ ਲੋੜ ਹੋਣਾ।
੩) ਇਹ ਵਿਆਖਿਆ ਸਰੋਤਿਆਂ ਤਕ ਪੁੱਜਦੀ ਕਰਨਾ।

ਇਸ ਆਧਾਰ 'ਤੇ ਵਿਆਖਿਆ ਸ਼ਾਸਤਰ ਦੇ ਤਿੰਨ ਮੁੱਖ ਅੰਗ ਹਨ :

੧. ਕੋਈ ਅਜਿਹਾ ਪਾਠ (Text) ਜਿਸ ਦੀ ਵਿਆਖਿਆ ਕਰਨੀ ਹੋਵੇ।
੨. ਸਮਝ ਦੇ ਕੀ ਅਰਥ ਹੁੰਦੇ ਹਨ?
੩. ਸਰੋਤਿਆਂ ਦੀਆਂ ਮਾਨਤਾਵਾਂ ਤੇ ਵਿਸ਼ਵਾਸ ਵਿਆਖਿਆ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੇ ਹਨ।

ਵਿਆਖਿਆ ਸ਼ਾਸਤਰ ਧਾਰਮਿਕ-ਪਾਠ ਦੀ ਸਮਝ ਚਾਹੁੰਦਾ ਹੈ ਤੇ ਧਰਮ-ਗ੍ਰੰਥ ਦੀ ਬੋਲੀ ਨੂੰ ਜਗਿਆਸੂ ਦੀ ਬੋਲੀ ਵਿਚ ਅਨੁਵਾਦ ਕਰਕੇ ਦੱਸਦਾ ਹੈ, ਜਿਸ ਕਾਰਨ ਇਸ ਦਾ ਇਕ ਅਰਥ Translation (ਅਨੁਵਾਦ) ਵੀ ਕੀਤਾ ਗਿਆ ਹੈ।[੬] ਇਹ ਭਾਸ਼ਾ, ਪਰੰਪਰਾ, ਸੱਭਿਆਚਾਰ, ਇਤਿਹਾਸ, ਮੁਹਾਵਰਾ, ਪਿਛੋਕੜ ਆਦਿ ਦੀ ਸਮਝ ਰਾਹੀਂ ਰਚਨਕਾਰਾਂ ਦੇ ਲਿਖਣ-ਪਲਾਂ ਦੀ ਸਮਝ ਤਕ ਪਹੁੰਚਣ ਦਾ ਜਤਨ ਕਰਦਾ ਹੈ। ਇਸ ਅਨੁਸਾਰ ਇਹ ਇਕ ਬੌਧਿਕ-ਅਨੁਸ਼ਾਸਨ ਹੈ, ਨਾਲ ਹੀ ਇਹ ਇਕ ਦਾਰਸ਼ਨਿਕ ਵਿਸ਼ਾ ਵੀ ਹੈ। ਇਸ ਨੂੰ 'Philosophy of Interpretation' ਵੀ ਕਿਹਾ ਜਾਂਦਾ ਹੈ।[੭] ਇਸ ਰਾਹੀਂ ਵਿਆਖਿਆ ਦੇ ਢੰਗ ਪਤਾ ਚਲਦੇ ਹਨ, ਤਾਂ ਹੀ ਇਸ ਨੂੰ 'Science of Interpretation' ਵੀ ਕਹਿੰਦੇ ਹਨ।[੮]

ਵਿਆਖਿਆ ਸ਼ਾਸਤਰ 'ਸਮਝ' ਦੀ ਇਕ ਪੜ੍ਹਾਈ ਹੈ। ਖਾਸ ਕਰਕੇ ਕਿਸੇ ਵੀ ਧਾਰਮਿਕ-ਪਾਠ ਨੂੰ ਸਮਝਣ ਦਾ ਇਕ ਤਰੀਕਾ ਹੈ। ਜਿਵੇਂ ਕਿ ਕੁਦਰਤੀ ਵਿਗਿਆਨਾਂ ਕੋਲ ਕੁਦਰਤੀ ਵਸਤੂਆਂ ਨੂੰ ਸਮਝਣ ਦੇ ਤਰੀਕੇ ਹੁੰਦੇ ਹਨ, ਇਸੇ ਤਰ੍ਹਾਂ ਹਰੇਕ ਕਾਰਜ ਨੂੰ ਸਮਝਣ ਲਈ ਵਿਆਖਿਆ ਸ਼ਾਸਤਰ ਲੋੜੀਂਦਾ ਹੈ। ਯਕੀਨਨ ਹੀ ਵਿਗਿਆਨਕ ਵਿਸ਼ਲੇਸ਼ਣ ਦੇ ਢੰਗ-ਤਰੀਕੇ ਵੱਖ-ਵੱਖ ਕੰਮਾਂ 'ਤੇ ਵਰਤੇ ਜਾਂਦੇ ਹਨ। ਕੰਮ ਹੋਣ ਦੇ ਨਾਤੇ ਇਨ੍ਹਾਂ ਵਿਚ ਪਰਿਵਰਤਨ ਵੀ ਕੀਤਾ ਜਾਂਦਾ ਹੈ। ਇਸ ਲਈ ਤੀਖਣ ਜਾਂ ਰਹੱਸਮਈ ਤੇ ਵਿਸਤਰਿਤ ਤਰੀਕਿਆਂ ਦੀ ਲੋੜ ਹੈ। ਇਕ ਤਸਲੀਬਖਸ਼ ਵਿਆਖਿਆਤਮਕ ਸਿਧਾਂਤ (theory) ਲਈ ਜ਼ਰੂਰੀ ਤੱਤ ਵਿਆਖਿਆ ਹੈ। ਇਕ ਪਲ ਲਈ ਜੇਕਰ ਵਿਆਖਿਆ ਦੀ ਸਰਬਵਿਆਪਕਤਾ ਤੇ ਕਿਸੇ ਵੀ ਸ਼ਬਦ ਦੀ ਆਮ ਹੌਂਦ ਦੀ ਵਰਤੋਂ ਨੂੰ ਦੇਖਿਆ ਜਾਵੇ ਤਾਂ ਇਸ ਸੰਦਰਭ ਵਿਚ ਇਕ ਵਿਗਿਆਨੀ ਆਪਣੇ ਤੱਥਾਂ ਦੇ ਵਿਸ਼ਲੇਸ਼ਣ ਨੂੰ ਵਿਆਖਿਆ ਦਾ ਨਾਂ ਦੇਵੇਗਾ। ਇਕ ਸਾਹਿਤ ਆਲੋਚਕ ਆਪਣੇ ਕਾਰਜ ਦੀ ਪਰੀਖਿਆ ਨੂੰ ਵਿਅਖਿਆ ਕਹੇਗਾ। ਇਸੇ ਤਰ੍ਹਾਂ ਕਿਸੇ ਵੀ ਭਾਸ਼ਾ ਦਾ ਉਲਥਾ ਕਰਨ ਵਾਲੇ ਨੂੰ ਵਿਆਖਿਆਕਾਰ ਕਿਹਾ ਜਾਂਦਾ ਹੈ। ਖ਼ਬਰਾਂ ਸੁਨਾਉਣ ਵਾਲਾ ਖ਼ਬਰਾਂ ਦੀ ਵਿਆਖਿਆ ਕਰਦਾ ਹੈ। ਇਸ ਦੇ ਨਾਲ ਹੀ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚੋਂ ਵੀ ਵਿਆਖਿਆਕਾਰੀ ਦੀਆਂ ਉਦਾਹਰਣਾਂ ਦੇਖੀਆਂ

ਜਾਂ ਸਕਦੀਆਂ ਹਨ, ਜਿਵੇਂ, ਅਸੀਂ ਕਿਸੇ ਥਾਂ 'ਤੇ ਲੱਗੇ ਚਿੰਨ੍ਹ/ਨਿਸ਼ਾਨ ਆਦਿ ਦੀ ਠੀਕ ਜਾਂ ਗ਼ਲਤ ਵਿਆਖਿਆ ਕਰਦੇ ਹਨ। ਇਸ ਤੋਂ ਇਲਾਵਾ ਰਾਤ ਨੂੰ ਸੌਣ ਤੋਂ ਲੈ ਕੇ ਸਵੇਰ ਜਾਗਣ ਤਕ, ਹਰੇਕ ਵਿਅਕਤੀ ਆਪਣੇ ਕੀਤੇ ਕੰਮਾਂ ਦੀ ਵਿਆਖਿਆ ਕਰਦਾ ਰਹਿੰਦਾ ਹੈ। ਸਵੇਰੇ ਜਾਗਣ 'ਤੇ ਜਦੋਂ ਅਸੀਂ ਘੜੀ ਵੱਲ ਦੇਖਦੇ ਹੋਏ ਉਸ ਦੇ ਅਰਥ (ਭਾਵ ਸਮਾਂ) ਦੀ ਵਿਆਖਿਆ ਕਰਦੇ ਹਾਂ, ਅਸੀਂ ਯਾਦ ਕਰਦੇ ਹਾਂ ਕਿ ਅੱਜ ਕਿਹੜਾ ਦਿਨ ਹੈ, ਦਿਨ ਯਾਦ ਕਰਦੇ ਸਾਰ ਹੀ ਉਸ ਦਿਨ ਦੇ ਕਰਨ ਵਾਲੇ ਕਾਰਜਾਂ ਬਾਰੇ ਵਿਆਖਿਆ ਕਰਦੇ ਹਾਂ।

ਉਕਤ ਵਿਚਾਰ ਤੋਂ ਸਪਸ਼ਟ ਹੈ ਕਿ ਵਿਆਖਿਆ ਮਨੁੱਖੀ ਸੋਚ ਦਾ ਸਭ ਤੋਂ ਜ਼ਰੂਰੀ ਅੰਗ ਹੈ। ਮਨੁੱਖਾਂ ਤੋਂ ਇਲਾਵਾ ਜਾਨਵਰਾਂ ਦੀ ਹੋਂਦ ਵੀ ਵਿਆਖਿਆ ਕਰਕੇ ਹੀ ਹੈ। ਜਾਨਵਰ ਆਪਣੇ ਆਪ ਨੂੰ ਹਰੇਕ ਸਥਿਤੀ ਵਿਚ ਢਾਲ ਲੈਂਦੇ ਹਨ। ਜਦੋਂ ਕਿਸੇ ਬਾਂਦਰ, ਕੁੱਤੇ ਜਾਂ ਬਿੱਲੀ ਅਗੇ ਕੋਈ ਭੋਜਨ ਦਾ ਟੁੱਕੜਾ ਰੱਖਿਆ ਜਾਵੇ, ਤਾਂ ਉਹ ਇਸ ਦੀ ਵਿਆਖਿਆ ਆਪਣੀ-ਆਪਣੀ ਲੋੜ ਤੇ ਪਿਛਲੇ ਤਜ਼ਰਬੇ ਅਨੁਸਾਰ ਕਰਨਗੇ। ਇਸੇ ਤਰ੍ਹਾਂ ਪੰਛੀ ਅਜਿਹੇ ਨਿਸ਼ਾਨਾਂ ਬਾਰੇ ਜਾਣਦੇ ਹਨ ਜਿਹੜੇ ਉਨ੍ਹਾਂ ਨੂੰ ਦੇਖਣ ਵਾਲੇ ਪਾਸੇ ਉੱਡਣ ਬਾਰੇ ਦੱਸਦੇ ਹਨ।

ਭਾਸ਼ਾ ਤੋਂ ਬਿਨਾਂ ਮਨੁੱਖੀ ਹੋਂਦ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਭਾਸ਼ਾ ਮਨੁੱਖ ਦੇ ਦੇਖਣ ਦੇ ਨਜ਼ਰੀਏ ਤੇ ਵਿਚਾਰਾਂ ਨੂੰ ਘੜਦੀ ਹੈ।[੯] ਇਸ ਤੋਂ ਵੀ ਅੱਗੇ ਵਿਅਕਤੀ ਆਪਣੀ ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਨੂੰ ਜਿਵੇਂ ਅਨੁਭਵ ਕਰਦਾ ਹੈ, ਭਾਸ਼ਾ ਰਾਹੀਂ ਜੋੜਦਾ ਹੈ।[੧੦] ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਕਿ ਭਾਸ਼ਾ ਇਕ ਜ਼ਰੀਆ ਹੈ, ਜਿਸ ਰਾਹੀਂ ਅਸੀਂ ਜਿਉਂਦੇ ਹਾਂ ਅਤੇ ਆਪਣਾ ਵਜੂਦ ਰੱਖਦੇ ਹਾਂ। ਸੋ, ਇਸ ਪ੍ਰਕਾਰ ਵਿਆਖਿਆ ਇਕ ਬਹੁਤ ਗੁੰਝਲਦਾਰ ਪਰਪੰਚ ਹੈ।

'ਸਮਝ' ਇਕ ਸਾਹਿਤਕ ਕਾਰਜ ਹੈ। ਇਸ ਕਰਕੇ ਇਹ ਜਾਣਨ ਦਾ ਵਿਗਿਆਨਕ ਤਰੀਕਾ ਨਹੀਂ ਜਿਹੜਾ ਕਿ ਹੋਂਦ ਤੋਂ ਸੰਕਲਪਾਂ ਦੇ ਸੰਸਾਰ ਤਕ ਉਠ ਜਾਂਦਾ ਹੈ। ਵਿਆਖਿਆ ਸ਼ਾਸਤਰ ਇਕ ਤਰ੍ਹਾਂ ਸਮਝ ਦੀ ਪੜ੍ਹਾਈ ਹੈ। ਇਹ ਸਮਝ ਦੇ ਦੋ ਖੇਤਰਾਂ ਨੂੰ ਘੇਰੇ ਵਿਚ ਲੈਣ ਦੀ ਕੋਸ਼ਿਸ਼ ਕਰਦਾ ਹੈ :

- ਕਿਸੇ ਧਾਰਮਿਕ ਪਾਠ ਦੀ ਸਮਝ ਦੀ ਪ੍ਰਕ੍ਰਿਆ ਜਾਂ ਘਟਨਾ ਵਿਚ ਕੀ ਸਮਾਇਆ ਹੋਇਆ ਹੈ?
- ਦੂਜਾ, ਸਮਝ ਕੀ ਹੁੰਦੀ ਹੈ?

ਵਿਆਖਿਆ ਸ਼ਾਸਤਰ ਦੀ ਜਦੋਂ 'ਮਨੁਖ ਦੇ ਕੰਮਾਂ ਦੀ ਸਮਝ ਦੀ ਪੜ੍ਹਾਈ' ਵਜੋਂ ਵਿਆਖਿਆ ਕੀਤੀ ਜਾਂਦੀ ਹੈ ਤਾਂ ਇਹ ਵਿਆਖਿਆ ਦੀਆਂ ਭਾਸ਼ਾ ਵਿਗਿਆਨਕ ਕਿਸਮਾਂ ਦਾ ਸੁਨੇਹਾ ਦਿੰਦੀ ਹੈ। ਵਿਆਖਿਆ ਸ਼ਾਸਤਰ ਦੇ ਸਿਧਾਂਤ ਕੇਵਲ ਲਿਖਤ-ਕਾਰਜਾਂ 'ਤੇ ਹੀ ਲਾਗੂ ਨਹੀਂ ਹੁੰਦੇ, ਬਲਕਿ ਇਹ ਕਿਸੇ ਵੀ ਕਲਾ ਦੇ ਕੰਮ ਦੀ

ਵਿਆਖਿਆ ਕਰਦੇ ਹਨ। ਇਸ ਕਰਕੇ ਹੀ ਵਿਆਖਿਆ ਸ਼ਾਸਤਰ ਸਾਰੇ ਮਾਨਵ-ਵਿੱਦਿਆ (Humanities)[੧੧] ਦੇ ਵਿਸ਼ਿਆਂ ਦਾ ਮੁਢਲਾ ਆਧਾਰ ਹੈ।

ਇਕ ਹੋਰ ਦ੍ਰਿਸ਼ਟੀਕੋਣ ਤੋਂ ਵਿਆਖਿਆ ਸ਼ਾਸਤਰ ਦੇ ਉਕਤ ਤਿੰਨ ਪੱਖਾਂ ਨੂੰ ਇਸ ਰੂਪ ਵਿਚ ਬਿਆਨ ਕੀਤਾ ਜਾ ਸਕਦਾ ਹੈ :

(i) To Say, Proclaim/Pronounce

(ii) To Interpret or Explain

(iii) To Translate

(i) To say

Hermeneuien ਦਾ ਪਹਿਲਾ ਮੁਢਲਾ ਅਰਥ- ਪ੍ਰਗਟ ਕਰਨਾ, ਦਾਅਵਾ ਕਰਨਾ ਜਾਂ ਕੁਝ ਕਹਿਣਾ ਹੈ। ਇਹ Hermes (God) ਦੇ ਐਲਾਨ ਕਰਨ ਦੇ ਕਰਤਵ ਨਾਲ ਸੰਬੰਧਿਤ ਹੈ। ਧਰਮਸ਼ਾਸਤਰੀ ਪੱਖ ਤੋਂ ਮੁਢਲਾ ਸ਼ਬਦ Herme ਲਾਤੀਨੀ ਸ਼ਬਦ Sermo ਦੇ ਨੇੜੇ ਹੈ, ਜਿਸ ਦਾ ਅਰਥ ਹੈ 'ਕਹਿਣਾ'(To say)।[੧੨] ਇਸ ਪੱਖ ਤੋਂ ਸ਼ਬਦ ਨੂੰ ਲਿਆਉਣ ਤੋਂ ਭਾਵ ਹੈ ਘੋਸ਼ਣਾ ਕਰਨੀ। ਇਸ ਦਾ ਕਾਰਜ ਕੇਵਲ ਵਿਆਖਿਆ ਕਰਨੀ ਹੀ ਨਹੀਂ, ਬਲਕਿ ਐਲਾਨ ਕਰਨਾ ਹੈ। ਜਿਸ ਤਰ੍ਹਾਂ ਕਿ Delphi ਵਿਖੇ ਅਪੋਲੋ ਦੇ ਮੰਦਰ ਦਾ ਪ੍ਰੋਹਿਤ ਦੈਵੀ/ਰੱਬੀ ਹੁਕਮ ਸ਼ਰਧਾਲੂਆਂ ਨੂੰ ਸੁਣਾਉਂਦਾ ਸੀ। ਇਸ ਹੁਕਮ ਦਾ ਐਲਾਨ ਕਰਨ ਵਿਚ ਉਹ ਪ੍ਰੋਹਿਤ Hermes ਦੇਵਤੇ ਦੀ ਤਰ੍ਹਾਂ ਹੁੰਦਾ ਸੀ ਜਿਹੜਾ ਰੱਬ ਅਤੇ ਮਨੁੱਖ ਦੇ ਵਿਚਕਾਰ ਵਿਚੋਲਗੀ ਕਰਦਾ ਸੀ। ਇਸ ਤਰ੍ਹਾਂ ਸਾਧਾਰਣ ਸ਼ਬਦਾਂ ਵਿਚ ਕੁਝ ਕਹਿਣਾ ਜਾਂ ਐਲਾਨ ਕਰਨਾ ਵਿਆਖਿਆ ਦਾ ਇਕ ਮੁੱਖ ਕਾਰਜ ਹੈ। ਵਿਆਖਿਆ, ਕਹਿਣ ਦਾ ਹੀ ਇਕ ਰੂਪ ਹੈ। ਇਸੇ ਤਰ੍ਹਾਂ ਜ਼ੁਬਾਨੀ ਕੁਝ ਕਹਿਣਾ ਜਾਂ ਕੁਝ ਗਾਇਨ ਕਰਨਾ ਇਕ ਤਰ੍ਹਾਂ ਦੀ ਵਿਆਖਿਆ ਹੀ ਹੈ। ਉਦਾਹਰਣ ਵਜੋਂ ਯੂਨਾਨੀ ਕਾਲ ਦੌਰਾਨ Hermeneia ਨੂੰ Homer ਦੇ ਜ਼ੁਬਾਨੀ ਕਥਨਾਂ ਰਾਹੀਂ ਵਿਅਕਤ ਕੀਤਾ ਜਾਂਦਾ ਸੀ। ਅਜਿਹਾ ਕਿਹਾ ਜਾਂਦਾ ਹੈ ਕਿ Homer ਰੱਬ ਦੁਆਰਾ ਪ੍ਰੇਰਿਤ ਕੀਤਾ ਹੋਇਆ ਹੈ ਅਤੇ ਉਸ ਦੇ ਬਚਨਾਂ (saying) ਵਿਚ ਉਹ ਰੱਬ ਦਾ ਹੀ ਵਿਆਖਿਆਕਾਰ ਹੁੰਦਾ ਸੀ।[੧੩]

ਸਾਹਿਤਕ ਲੋਕ ਕਿਸੇ ਸ਼ਬਦ ਨੂੰ ਕਹਿਣ ਜਾਂ ਜ਼ੁਬਾਨੀ ਦੁਹਰਾਉਣ (oral recitation) ਨਾਲ ਹੀ ਉਸ ਨੂੰ ਯਾਦ ਰਖਦੇ ਸਨ। ਕੋਈ ਵੀ ਸਾਹਿਤ ਕਹੇ ਗਏ ਜਾਂ ਬੋਲੇ ਗਏ ਸ਼ਬਦਾਂ ਦੀ ਸ਼ਕਤੀ ਰਾਹੀਂ ਹੀ ਆਪਣੇ ਆਪ ਨੂੰ ਸ਼ਕਤੀਸ਼ਾਲੀ ਬਣਾਉਂਦਾ ਹੈ। ਭਾਸ਼ਾ ਵਿਚ ਹੋਏ ਮਹਾਨ ਕਾਰਜ ਤਾਂ ਹੀ ਸੰਭਵ ਹੋਏ ਹਨ ਜੇਕਰ ਉਹ ਉੱਚੀ ਆਵਾਜ਼ ਵਿਚ ਕਹੇ ਤੇ ਸੁਣੇ ਗਏ। ਬੋਲਚਾਲ ਦੀ ਭਾਸ਼ਾ ਦੀ ਸ਼ਕਤੀ ਰਾਹੀਂ ਹੀ ਲਿਖਤੀ ਭਾਸ਼ਾ ਦੀ ਕਮਜ਼ੋਰੀ ਪ੍ਰਗਟ ਹੁੰਦੀ ਹੈ। ਇਸ ਗੱਲ ਵਿਚ ਕੋਈ ਸ਼ੰਕਾ ਨਹੀਂ ਕਿ ਕਿਸੇ ਵੀ ਭਾਸ਼ਾ ਨੂੰ ਲਿਖਤੀ ਰੂਪ ਦੇਣ ਨਾਲ ਉਸ ਨੂੰ ਸਾਂਭਿਆ ਜਾ ਸਕਦਾ

ਹੈ। ਭਾਸ਼ਾ ਹੀ ਕਿਸੇ ਵੀ ਇਤਿਹਾਸ ਜਾਂ ਸਾਹਿਤ ਲਈ ਮੀਲ ਪੱਥਰ ਦਾ ਕੰਮ ਦਿੰਦੀ ਹੈ, ਪਰ ਫਿਰ ਵੀ ਭਾਸ਼ਾ ਇਸ ਨੂੰ ਕਮਜ਼ੋਰ ਵੀ ਬਣਾਉਂਦੀ ਹੈ। ਜ਼ੁਬਾਨੀ ਕਥਨਾਂ ਵਿਚ ਇਹ ਇਕ ਤਰ੍ਹਾਂ ਦੀ ਜਾਦੂਮਈ ਸ਼ਕਤੀ ਹੁੰਦੀ ਹੈ, ਪਰ ਦ੍ਰਿਸ਼ਟਮਈ ਹੋਣ ਕਰਕੇ ਇਨ੍ਹਾਂ ਦੀ ਇਹ ਸ਼ਕਤੀ ਕਾਫ਼ੀ ਹੱਦ ਤਕ ਨਸ਼ਟ ਹੋ ਜਾਂਦੀ ਹੈ। ਇਹ ਗੱਲ ਠੀਕ ਹੈ ਕਿ ਅਸੀਂ ਅਜੋਕੇ ਸਮੇਂ ਵਿਚ ਸਾਹਿਤ ਦੇ ਜ਼ੁਬਾਨੀ ਵਰਤਾਰੇ ਵੱਲ ਪਿਛਾਂਹ ਨੂੰ (ਭੂਤ ਕਾਲ) ਨਹੀਂ ਜਾ ਸਕਦੇ, ਪਰੰਤੂ ਫਿਰ ਵੀ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਭਾਸ਼ਾ ਆਪਣੇ ਅਸਲੀ ਰੂਪ ਵਿਚ ਸੁਣੀ ਗਈ ਸੀ, ਨਾ ਕਿ ਦੇਖੀ। ਨਾਲ ਹੀ ਇਸ ਦੇ ਕਈ ਅਜਿਹੇ ਕਾਰਨ ਹਨ ਜਿਨ੍ਹਾਂ ਰਾਹੀਂ ਜ਼ੁਬਾਨੀ ਭਾਸ਼ਾ ਲਿਖਤੀ ਨਾਲੋਂ ਜ਼ਿਆਦਾ ਆਸਾਨੀ ਨਾਲ ਸਮਝੀ ਜਾ ਸਕਦੀ ਹੈ। ਜ਼ੁਬਾਨੀ ਵਿਆਖਿਆ ਦੇ ਦੋ ਪੱਖ ਹੁੰਦੇ ਹਨ[੧੪] :

(i) ਕਿਸੇ ਵੀ ਚੀਜ਼ ਨੂੰ ਪ੍ਰਗਟ ਕਰਨ ਲਈ ਉਸ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ।

(ii) ਇਹ ਸਮਝ ਆਪ ਮੁਹਾਰੇ ਕਿਸੇ ਵਿਆਖਿਆਰਾਤਮਿਕ ਪੜ੍ਹਾਈ ਕਰ ਕੇ ਹੀ ਆਉਂਦੀ ਹੈ।

ਜ਼ੁਬਾਨੀ ਵਿਆਖਿਆ ਦਾ ਕਾਰਜ ਪੂਰਨ ਤੌਰ 'ਤੇ ਤਕਨੀਕੀ ਨਹੀਂ ਹੈ, ਜਿਸ ਰਾਹੀਂ ਕਿ ਕੇਵਲ ਸ਼ਬਦਾਂ ਦੇ ਢੁਕਵੇਂ ਅਰਥ ਹੀ ਦਰਸਾਏ ਜਾਂਦੇ ਹਨ, ਬਲਕਿ ਇਹ ਦਾਰਸ਼ਨਿਕ ਤੇ ਵਿਸ਼ਲੇਸ਼ਨਾਤਮਿਕ ਸੁਭਾਅ ਦੀ ਹੈ ਅਤੇ ਇਹ ਸਮਝ ਦੀ ਸਮੱਸਿਆ ਤੋਂ ਨਿਖੇੜੀ ਨਹੀਂ ਜਾ ਸਕਦੀ। ਇਹੋ ਹੀ ਸਮੱਸਿਆ ਵਿਆਖਿਆ ਸ਼ਾਸਤਰ ਦੀ ਹੈ।

ਜ਼ੁਬਾਨੀ ਸ਼ਬਦਾਂ ਦੀ ਸ਼ਕਤੀ ਪਾਠ ਕੇਂਦਰਿਤ ਧਰਮਾਂ ਲਈ ਵੀ ਮਹੱਤਵਪੂਰਨ ਹੈ। ਸੇਂਟ ਪਾਲ ਅਤੇ ਲੂਥਰ, ਦੋਨੋਂ ਵਿਦਵਾਨਾਂ ਦਾ ਇਹ ਕਹਿਣਾ ਹੈ ਕਿ "ਮੁਕਤੀ ਕੰਨਾਂ ਰਾਹੀਂ ਹੁੰਦੀ ਹੈ।"[੧੫] ਕਿਸੇ ਵੀ ਧਾਰਮਿਕ ਪਾਠ ਨੂੰ ਉੱਚੀ ਆਵਾਜ਼ ਵਿਚ ਪੜ੍ਹਨਾ ਅਤੇ ਸੁਨਣਾ ਹੁੰਦਾ ਹੈ। ਇਹ ਕੋਈ ਵਿਗਿਆਨਿਕ ਸਿਧਾਂਤਾਂ ਦਾ ਸੰਗ੍ਰਹਿ ਨਹੀਂ ਬਲਕਿ ਇਹ ਇਕ ਵੱਖਰੇ ਕਿਸਮ ਦੀ ਸਚਾਈ ਹੈ, ਜਿਹੜੀ ਕਿ ਵਿਗਿਆਨਿਕ ਸੱਚ ਤੋਂ ਭਿੰਨ ਹੈ। ਇਹ ਅਜਿਹੀ ਸਚਾਈ ਹੈ, ਜਿਸ ਨੂੰ ਕਿ ਇਤਿਹਾਸਿਕ ਕਹਾਣੀ ਵਜੋਂ ਸਮਝਣਾ ਚਾਹੀਦਾ ਹੈ, ਇਹ ਇਕ ਬਿਰਤਾਂਤ ਹੈ ਜਿਹੜਾ ਕਿ ਸੁਨਣਯੋਗ ਹੈ।

**(ii) To Explain**

Hermenuein ਦੇ ਅਰਥ ਦੀ ਦੂਜੀ ਧਾਰਾ ਹੈ ਵਿਆਖਿਆ ਕਰਨੀ। ਵਿਆਖਿਆ ਸਮਝ ਦੇ ਤਾਰਕਿਕ ਪੱਖ 'ਤੇ ਜ਼ੋਰ ਦਿੰਦੀ ਹੈ। ਇਹ ਵਿਆਖਿਆ ਦੇ ਅਰਥ ਪੂਰਨ ਪਰਿਮਾਪਾਂ ਵਲ ਸੰਕੇਤ ਕਰਦੀ ਹੈ। ਸ਼ਬਦ ਆਪਣੇ ਆਪ ਕੁਝ ਨਹੀਂ ਕਹਿੰਦੇ। (ਜਦੋਂ ਕਿ ਸ਼ਬਦ ਅਜਿਹਾ ਕਰਦੇ ਵੀ ਹਨ ਅਤੇ ਇਹ ਵਿਆਖਿਆ ਦਾ ਮੁਢਲਾ ਪੜਾਅ ਹੈ) ਸ਼ਬਦ ਕਿਸੇ ਚੀਜ਼ ਦਾ ਵੇਰਵਾ ਦਿੰਦੇ ਹਨ, ਉਸ ਨੂੰ ਤਰਕਪੂਰਨ ਬਣਾਉਂਦੇ ਹਨ ਅਤੇ ਉਸ ਨੂੰ ਸਪੱਸ਼ਟ ਕਰਦੇ ਹਨ। ਜਿਵੇਂ ਕਿ ਇਕ ਵਿਅਕਤੀ

ਕਿਸੇ ਸਥਿਤੀ ਨੂੰ ਬਿਨਾਂ ਵਿਆਖਿਆ ਕੀਤਿਆਂ ਬਿਆਨ ਕਰ ਸਕਦਾ ਹੈ, ਇਹ ਬਿਆਨ ਕਰਨਾ ਹੀ ਇਕ ਕਿਸਮ ਦੀ ਵਿਆਖਿਆ ਹੈ। ਪ੍ਰਗਟ ਕਰਨਾ ਵਿਆਖਿਆ ਦਾ ਹੀ ਇਕ ਰੂਪ ਹੈ। ਜਿਵੇਂ ਕਿ Delphi ਵਿਖੇ ਅਪੋਲੋ ਦੇ ਮੰਦਰ ਵਿਚ Hermes ਦੇਵਤੇ ਦੇ ਪਹਿਲੋਂ ਮੌਜੂਦ ਪਾਠ ਦੀ ਵਿਆਖਿਆ ਨਹੀਂ ਸੀ ਬਲਕਿ ਉਹ ਕਿਸੇ ਖਾਸ ਸਥਿਤੀ ਦਾ ਪ੍ਰਗਟਾਵਾ ਸੀ। ਸੰਦੇਸ਼ ਨੂੰ ਆਪ ਮੁਹਾਰੇ ਹੀ ਵਿਆਖਿਆ ਦੀ ਲੋੜ ਹੁੰਦੀ ਹੈ। ਸੰਦੇਸ਼ ਕੁਝ ਪ੍ਰਗਟ ਕਰਨ ਲਈ ਲਿਆਉਂਦੇ ਹਨ, ਪ੍ਰੰਤੂ ਜੋ ਕੁਝ ਵੀ ਉਹ ਲਿਆਉਂਦੇ ਹਨ, ਉਹ ਉਸੀ ਸਮੇਂ 'ਤੇ ਕਿਸੇ ਚੀਜ਼ ਦੀ ਵਿਆਖਿਆ ਹੀ ਹੁੰਦੀ ਹੈ, ਜਿਹੜੀ ਕਿ ਅਣ-ਵਿਅਖਤ ਹੁੰਦੀ ਹੈ। ਇਹ ਸੰਦੇਸ਼ ਕਿਸੇ ਖਾਸ ਸਥਿਤੀ ਬਾਰੇ ਸ਼ਬਦਾਂ ਵਿਚ ਕੁਝ ਕਹਿੰਦੇ ਹਨ।

Aristotle Hermeniea ਦੇ ਪ੍ਰਥਾਇ ਵਿਆਖਿਆ ਨੂੰ ਵਰਣਨ ਕਰਨ (Enunciation) ਦੇ ਅਰਥਾਂ 'ਚ ਲੈਂਦਾ ਹੈ। Aristotle Hermeneia ਦੀ ਪਰਿਭਾਸ਼ਾ ਬੁੱਧੀ ਦੀ ਕਾਰਵਾਈ ਦੇ ਸੰਦਰਭ ਵਿਚ ਦਿੰਦਾ ਹੈ, ਜਿਹੜੀ ਕਿ ਕਿਸੇ ਚੀਜ਼ ਦੇ ਸੱਚੇ ਜਾਂ ਝੂਠੇ ਬਿਆਨਾਂ ਨਾਲ ਸੰਬੰਧ ਰੱਖਦੀ ਹੈ।[੧੬] ਸੋ, ਇਸ ਸੰਦਰਭ ਵਿਚ ਬੁੱਧੀ ਦੁਆਰਾ ਕਿਸੇ ਚੀਜ਼ ਬਾਰੇ ਸੱਚਾ ਨਿਰਣਾ ਕਰਨਾ ਵਿਆਖਿਆ ਦੀ ਮੁਢਲੀ ਕਾਰਵਾਈ ਹੈ। Aristotle ਅਨੁਸਾਰ ਕੋਈ ਪ੍ਰਾਥਨਾ, ਹੁਕਮ ਜਾਂ ਸਵਾਲ ਕਿਸੇ ਪ੍ਰਕਾਰ ਦੇ ਕਥਨ (Statement) ਨਹੀਂ ਬਲਕਿ ਇਹ ਸਭ ਕਿਸੇ ਕਥਨ ਤੋਂ ਹੀ ਲਏ ਜਾਂਦੇ ਹਨ। ਇਹ ਸਭ ਕਿਸੇ ਵਾਕ ਜਾਂ ਕਥਨ ਦਾ ਦੂਜਾ ਰੂਪ ਹਨ, ਜਿਹੜਾ ਕਿ ਕਿਸੇ ਖਾਸ ਸਥਿਤੀ 'ਤੇ ਲਾਗੂ ਹੁੰਦਾ ਹੈ। ਇਸ ਸੰਦਰਭ ਵਿਚ Aristotle ਲਈ ਬੁੱਧੀ ਕਥਨ ਦੇ ਰੂਪ ਵਿਚ ਅਰਥ ਗ੍ਰਹਿਣ ਕਰਦੀ ਹੈ। ਵਿਆਖਿਆ ਕਥਨਾਂ (ਜਿਨ੍ਹਾਂ ਵਿਚ ਕਿ ਸੱਚ ਜਾਂ ਝੂਠ ਲੁਪਤ ਹੁੰਦਾ ਹੈ) ਦੇ ਉਸਾਰੂ ਅਤੇ ਵਰਗੀਕਰਨਾਤਮਿਕ ਪੱਖ ਨਾਲ ਸੰਬੰਧ ਰੱਖਦੀ ਹੈ। ਇਸ ਲਈ ਕਿਸੇ ਵੀ ਚੀਜ਼ ਦੇ ਕਥਨ ਦਾ ਨਾਂ ਵਿਆਖਿਆ ਹੈ। ਇਸ ਦਾ ਮਤਲਬ ਇਹ ਨਹੀਂ ਕਿ ਵਿਆਖਿਆ ਆਮ ਚੀਜਾਂ ਜਾਂ ਵਸਤੂਆਂ ਦੀ ਸੂਝ ਹੈ ਬਲਕਿ ਇਹ ਕਿਸੇ ਸੱਚੇ ਕਥਨ ਦੀ ਉਸਾਰੀ ਲਈ ਸਹਾਈ ਪ੍ਰਕ੍ਰਿਆਵਾਂ ਨਾਲ ਸੰਬੰਧ ਰੱਖਦੀ ਹੈ।

**(iii) To Translate**

Hermeneutics ਦੇ ਅਰਥ ਦੀ ਤੀਜੀ ਧਾਰਾ ਹੈ 'ਅਨੁਵਾਦ ਕਰਨਾ'। ਜਦੋਂ ਕੋਈ ਮੂਲ ਪਾਠ ਪਾਠਕ ਦੀ ਆਪਣੀ ਭਾਸ਼ਾ ਵਿਚ ਨਾ ਹੋ ਕੇ ਕਿਸੇ ਹੋਰ ਭਾਸ਼ਾ ਵਿਚ ਹੁੰਦਾ ਹੈ ਤਾਂ ਵਿਆਖਿਆ ਦੌਰਾਨ ਵਿਆਖਿਆਕਾਰ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਨੁਵਾਦ ਕਰਨਾ ਵਿਆਖਿਆ ਦੀ ਮੁਢਲੀ ਪ੍ਰਕ੍ਰਿਆ ਹੈ, ਜਿਸ ਰਾਹੀਂ ਸਮਝ ਪ੍ਰਾਪਤ ਕੀਤੀ ਜਾਂਦੀ ਹੈ। ਇਸ ਪ੍ਰਕ੍ਰਿਆ ਦੌਰਾਨ ਵਿਆਖਿਆਕਾਰ ਕਿਸੇ ਵਿਦੇਸ਼ੀ, ਅਦਭੁਤ ਜਾਂ ਸਮਝ ਤੋਂ ਪਰੇ ਸ਼ਬਦਾਂ ਜਾਂ ਕਥਨਾਂ ਨੂੰ ਆਪਣੀ ਨਿੱਜੀ ਭਾਸ਼ਾ

ਵਿਚ ਅਨੁਵਾਦ ਕਰਦਾ ਹੈ। ਜਿਵੇਂ ਕਿDelphi ਵਿਖੇ ਅਪੋਲੋ ਦੇ ਮੰਦਰ ਵਿਚHermes ਦੇਵਤਾ (ਅਨੁਵਾਦਕ) ਦੋ ਵੱਖਰੇ-ਵੱਖਰੇ ਸੰਸਾਰਾਂ ਜਾਂ ਲੋਕਾਂ ਵਿਚ ਵਿਚੋਲਗੀ ਦਾ ਕੰਮ ਕਰਦਾ ਸੀ।

ਅਨੁਵਾਦ ਕਰਨਾ ਕੋਈ ਸੌਖਾ ਕਾਰਜ ਨਹੀਂ। ਅਨੁਵਾਦ ਸਾਨੂੰ ਇਸ ਤੱਥ ਤੋਂ ਜਾਣੂ ਕਰਵਾਉਂਦਾ ਹੈ ਕਿ ਭਾਸ਼ਾ ਆਪਣੇ ਆਪ ਵਿਚ ਸਮੁੱਚੇ ਸੰਸਾਰ ਦੀ ਵਿਆਖਿਆ ਸਮੋਈ ਰੱਖਦੀ ਹੈ, ਜਿਸਦਾ ਕਿ ਵਿਆਖਿਆਕਾਰ ਨੂੰ ਕਿਸੇ ਵਿਅਕਤੀਗਤ ਪ੍ਰਗਟਾਵਿਆਂ ਸਮੇਂ ਬਹੁਤ ਬਾਰੀਕੀ ਨਾਲ ਖਿਆਲ ਰੱਖਣਾ ਪੈਂਦਾ ਹੈ। ਅਨੁਵਾਦ ਹੀ ਸਾਨੂੰ ਜ਼ਿਆਦਾ ਤੇ ਪੂਰਨ ਤੌਰ 'ਤੇ ਇਸ ਗੱਲ ਦੀ ਸਮਝ ਪ੍ਰਦਾਨ ਕਰਦਾ ਹੈ ਕਿ ਸ਼ਬਦ ਹੀ ਸੰਸਾਰ ਪ੍ਰਤੀ ਸਾਡੇ ਨਜ਼ਰੀਏ ਦੀ ਘਾੜਤ ਕਰਦੇ ਹਨ। ਭਾਸ਼ਾ ਸਭਿਆਚਾਰਕ ਅਨੁਭਵਾਂ ਦਾ ਭੰਡਾਰ ਹੁੰਦੀ ਹੈ। ਭਾਸ਼ਾ ਕਰਕੇ ਹੀ ਸਾਡੀ ਹੋਂਦ ਸੰਭਵ ਹੈ। ਇਸ ਰਾਹੀਂ ਹੀ ਅਸੀਂ ਸਭ ਕੁਝ ਦੇਖ ਸਕਦੇ ਹਾਂ।

ਕਿਸੇ ਆਮ ਸਾਧਾਰਣ ਕਿਤਾਬ ਦੇ ਮੁਕਾਬਲੇ ਧਾਰਮਿਕ ਗ੍ਰੰਥ ਦੇ ਅਨੁਵਾਦ ਦੌਰਾਨ ਅਨੁਵਾਦਕ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਧਾਰਮਿਕ ਗ੍ਰੰਥ ਕਿਸੇ ਹੋਰ ਸੰਸਾਰ-ਸਮੇਂ-ਸਥਾਨ ਤੋਂ ਆਏ ਹੋਣ ਕਰਕੇ ਸਾਡੀ ਸਮਝ ਵਿਚ ਆਉਣੇ ਮੁਸ਼ਕਿਲ ਹੁੰਦੇ ਹਨ। ਅਨੁਵਾਦ ਦਾ ਇਹੋ ਮੁੱਖ ਕਾਰਜ ਹੁੰਦਾ ਹੈ ਕਿ ਕਿਸੇ ਤਰੀਕੇ ਸਾਡੀ ਸਮਝ ਤੇ ਇਨ੍ਹਾਂ ਧਾਰਮਿਕ ਗ੍ਰੰਥਾਂ ਦੀ ਸਮਝ ਮਿਲਣੀ ਚਾਹੀਦੀ ਹੈ।

**ਹਵਾਲੇ:**

੧. ਗੌਰੀਨਾਥ, *ਸੰਰਚਨਾਵਾਦ ਤੇ ਉਤਰ ਸੰਰਚਨਾਵਾਦ* (ਉਰਦੂ ਤੋਂ ਪੰਜਾਬੀ), ਡਾ. ਜਗਬੀਰ ਸਿੰਘ, ਸਾਹਿਤਯ ਅਕੈਡਮੀ, ਦਿੱਲੀ, ੧੯੪੮, ਪੰਨਾ ੧੧੨.

੨. *Webster Dictionary of the English Language,* Surjeet Publications, New Delhi, 1979, p.707.

੩. *New Webster's Dictionary of the English Language,* p.451.

੪. Hermes ਦਾ ਸੰਬੰਧ ਲਿਖਤ ਹਾਂ ਭਾਸ਼ਾ ਨਾਲ ਵੀ ਜੋੜਿਆ ਜਾਂਦਾ ਹੈ। ਇਕ ਮਤ ਅਨੁਸਾਰ ਭਾਸ਼ਾ ਇਸ ਦੇਵਤੇ ਤੋਂ ਬਣੀ ਮੰਨੀ ਜਾਂਦੀ ਹੈ।

੫. See : L. James Hastings (ed.), *Encyclopaedia of Religion and Ethics (vol.VII),* New York, 1964, p. 392.

੬. Mircca Elinde (ed.), *Encyclopaedia of Religion (vol.VI),* Macmillan Publishing Company, New York, 1987, p.279.

੭. *Encyclopaedia of Religion* (vol.VI), p.279.

੮. *New Catholic Encyclopaedia* (vol.VI), New York, 1966, p.1075.

੯. Richard E. Palmer, *Hermeneutics,* Northwestern University Pron,

Evanston,1969, p.16.

੧੦. ਉਦਾਹਰਣ ਵਜੋਂ, ਪ੍ਰਾਥਨਾ ਕਰਨਾ, ਪਿਆਰ ਕਰਨਾ, ਸਮਾਜਿਕ ਵਰਤਾਰਾ ਆਦਿ ਸਭ ਭਾਸ਼ਾ ਅਨੁਸਾਰ ਹੀ ਹੁੰਦੇ ਹਨ।

੧੧. *Webster Dictionary of the English Language,* Surjeet Publications, New Delhi, 1979, p.707.

੧੨. *Hermeneutics,* p.14.

੧੩. *Hermeneutics,* p.15.

੧੪. *Hermeneutics,* p.16.

੧੫. *Hermeneutics,* p.18.

੧੬. *Hermeneutics,* p.21.

---

## *ਗੁਰਮਤਿ ਵਿਚ ਕਿਰਤ ਦੀ ਮਹੱਤਤਾ*

*ਸਫ਼ਾ 63 ਦਾ ਬਾਕੀ . . .*

ਵਿਕਾਸ ਦੇ ਨਾਮ 'ਤੇ ਬਣਾਈ ਕੋਈ ਨੀਤੀ ਉਜਾੜੇ ਦਾ ਕਾਰਨ ਨਾ ਬਣੇ। ਮੌਜੂਦਾ ਸਮੇਂ ਦੌਰਾਨ ਅਜੇ ਤਕ ਉੱਨਤ ਖੇਤੀ ਅਤੇ ਕਿਸਾਨ ਪੱਖੀ ਨੀਤੀਆਂ ਦੀ ਘਾਟ ਹੈ।

ਇੱਥੇ ਸ. ਧਰਮ ਸਿੰਘ (ਲੇਖਕ) ਦੀ ਇਕ ਰਚਨਾ ਇਸ ਮੌਕੇ ਤੀਕ ਢੁੱਕਦੀ ਹੈ:

*"ਠੱਗਾਂ ਦੀਆਂ ਉਦਾਰ ਨੀਤੀਆਂ, ਤੈਨੂੰ ਹੈ ਫੁਸਲਾਇਆ,*
*ਪਾਟੇ ਕੱਪੜੇ ਖਾਲੀ ਢਿੱਡਾਂ, ਭਰੋਸਿਆਂ ਨੂੰ ਝੁਠਲਾਇਆ,*
*ਮੈਂ ਨਿੰਮ ਵਰਗੀ ਗੱਲ ਆਖੀ, ਕਿਰਤੀਆ ਕਰ ਹੱਕਾਂ ਦੀ ਰਾਖੀ।"*

ਇੱਥੇ ਜ਼ਿਕਰਯੋਗ ਹੈ ਕਿ ਪੂਰੇ ਕਿਸਾਨੀ ਸੰਘਰਸ਼ ਮੋਰਚੇ ਦੌਰਾਨ ਸਿੱਖ ਪੰਥ ਦੀ ਸਿਰਮੌਰ ਤੇ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਨਿਰਸਵਾਰਥ ਬਣਦੀ ਸੇਵਾ ਕੀਤੀ ਹੈ ਜੋ ਕਿ ਸ਼ਲਾਘਾਯੋਗ ਹੈ।

---

**ਨਾਮ ਜਪੋ, ਕਿਰਤ ਕਰੋ, ਵੰਡ ਛਕੋ**

# ਭਾਈ ਰਣਧੀਰ ਸਿੰਘ ਬਾਰੇ ਖੋਜ ਕਾਰਜ

*-ਡਾ. ਜਸਬੀਰ ਸਿੰਘ ਸਰਨਾ**

ਸਿੱਖ ਕੌਮ ਦੇ ਦਾਨਿਸ਼-ਏ-ਨੂਰਾਨੀ ਅਤੇ ਰੋਸ਼ਨ-ਦਿਮਾਗ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ ਹਨ। ਮੈਨੂੰ ਦਿਲੀ ਪ੍ਰਸੰਨਤਾ ਹੋਈ ਹੈ ਕਿ ਬੀਬਾ ਜਸਵਿੰਦਰ ਕੌਰ ਨੇ ਆਪਣੇ ਖੋਜ ਕਾਰਜ **ਭਾਈ ਸਾਹਿਬ ਭਾਈ ਰਣਧੀਰ ਸਿੰਘ ਦਾ ਗੁਰਮਤਿ ਚਿੰਤਨ: ਸਿਧਾਂਤਿਕ ਤੇ ਇਤਿਹਾਸਕ ਪਰਿਪੇਖ** ਨੂੰ ਪ੍ਰਕਾਸ਼ਿਤ ਰੂਪ ਵਿਚ ਸਾਹਮਣੇ ਲਿਆਂਦਾ ਹੈ। ਭਾਈ ਸਾਹਿਬ ਦੀਆਂ ਰੂਹਾਨੀ ਰਮਜ਼ਾਂ, ਗੁਰਮਤਿ ਸਿਧਾਂਤਾਂ ਅਤੇ ਗਹਿਰ-ਗੰਭੀਰ ਸੰਕਲਪਾਂ ਦੇ ਰਹੱਸਾਂ ਨੂੰ ਜਿਸ ਚਿੰਤਨ-ਧਾਰਾ ਰਾਹੀਂ ਬਿਆਨ ਕੀਤਾ ਹੈ ਉਹ ਬਾ-ਕਮਾਲ ਨਿੱਧੀ ਹੈ। ਭਾਈ ਸਾਹਿਬ ਜਿੱਥੇ ਵੀ ਗਏ ਆਪਣੇ ਚੰਦਨ ਵਰਗੇ ਆਤਮਿਕ ਰੰਗ ਬਖੇਰਦੇ ਗਏ ਜੋ ਖਾਲਸਈ ਜਾਹ-ਓ-ਜਲਾਲ ਦੀ ਆਬਾ ਕੇਂਦਰ ਬਿੰਦੂ ਹੋ ਨਿਬੜਿਆ।

ਖੋਜ ਕਰਤਾ ਨੇ ਸਮੁੱਚੀ ਪੁਸਤਕ ਨੂੰ ਛੇ ਅਧਿਆਇਆਂ ਵਿਚ ਭਾਈ ਸਾਹਿਬ ਦੀ ਸਮੁੱਚੀ ਜ਼ਿੰਦਗੀ ਦਾ ਪੈਰਾਡਾਇਮ ਪੇਸ਼ ਕਰਨ ਦਾ ਯਤਨ ਕੀਤਾ ਹੈ। ਪਹਿਲੇ ਭਾਗ (੬੧ ਪੰਨੇ) ਵਿਚ ਭਾਈ ਸਾਹਿਬ ਦੀ ਸ਼ਖ਼ਸੀਅਤ ਦੀ ਰੂਹਾਨੀਅਤ ਅਤੇ ਗੁਰਮਤਿ ਚਿੰਤਨ ਨੂੰ ਉਭਾਰਨ ਦਾ ਯਤਨ ਕੀਤਾ ਹੈ ਜਿਸ ਵਿਚ ਤਰਜ਼-ਏ-ਜ਼ਿੰਦਗੀ ਦੀ ਬਹੁਰੰਗਤਾ, ਉੱਚੀ-ਸੁੱਚੀ ਮਿਕਨਾਤੀਸੀ ਸ਼ਖ਼ਸੀਅਤ, ਰਚਨਾਵਾਂ ਦੇ ਸਰੋਤ ਅਤੇ ਹੋ ਚੁੱਕੇ ਖੋਜ-ਕਾਰਜਾਂ ਦਾ ਵਿਵਰਣਾਤਮਿਕ ਸਰਵੇਖਣ ਸ਼ਾਮਲ ਹੈ। ਦੂਜੇ ਵਿਭਾਗ ਲਈ ਕੇਵਲ ੨੪ ਪੰਨੇ ਸਰਫ਼ ਕੀਤੇ ਗਏ ਹਨ ਜਿਸ ਵਿਚ ਭਾਈ ਸਾਹਿਬ ਦੇ ਦਾਰਸ਼ਨਿਕ ਚਿੰਤਨ ਦੇ ਦੀਦਾਰ ਹੁੰਦੇ ਹੁੰਦੇ ਹਨ। ਇਸੇ ਤਰ੍ਹਾਂ ਤੀਜੇ ਭਾਗ ਲਈ ੫੪ ਪੰਨਿਆਂ ਵਿਚ ਧਾਰਮਿਕ ਚਿੰਤਨ ਦਾ ਉਲੇਖ ਕੀਤਾ ਗਿਆ ਹੈ। ਚੌਥੇ ਤੇ ਪੰਜਵੇਂ ਭਾਗ ਲਈ ਕੁੱਲ ੩੦ ਪੰਨੇ ਹਨ ਜਿਸ ਵਿਚ ਭਾਈ ਸਾਹਿਬ ਦੀਆਂ ਰਚਨਾਵਾਂ ਦਾ ਸਮਾਜਿਕ ਚਿੰਤਨ ਅਤੇ ਗੁਰਬਾਣੀ ਵਿਆਖਿਆ ਦਾ ਸਰੂਪ ਪੇਸ਼ ਕੀਤਾ ਹੈ। ਛੇਵੇਂ ਖੰਡ ਦੇ ੨੦ ਪੰਨਿਆਂ ਵਿਚ ਭਾਈ ਸਾਹਿਬ ਦੀਆਂ ਰਚਨਾਵਾਂ ਦਾ ਸੁਹਜ-ਸ਼ਾਸਤਰ ਦੀਆਂ ਰਹੱਸਮਈ ਰਮਜ਼ਾਂ ਅਤੇ ਰੂਹਾਨੀ ਮੰਡਲਾਂ ਦਾ ਪਾਸਾਰ ਦ੍ਰਿਸ਼ਟੀਗੋਚਰ ਹੁੰਦਾ ਹੈ। ਖੋਜ ਕਰਤਾ ਨੇ ਭਾਈ ਸਾਹਿਬ ਦੇ ਜੀਵਨ ਦੇ ਹਰ ਲਕਸ਼ ਨੂੰ 'ਗਾਗਰ ਵਿਚ ਸਾਗਰ' ਭਰਨ ਦਾ ਭਾਵਪੂਰਿਤ ਯਤਨ ਕੀਤਾ ਹੈ ਜੋ ਪ੍ਰਸੰਸਾ-ਯੋਗ ਹੈ।

ਭਾਈ ਸਾਹਿਬ ਨੂੰ ਅਜਿਹਾ ਰੂਹਾਨੀ ਇਲਮ ਦਾ ਇਲਹਾਮ ਹੋਇਆ ਕਿ ਉਨ੍ਹਾਂ ਨੂੰ ਜਾਪਿਆ ਕਿ ਮਿੱਟੀ ਦੇ ਸਰੀਰ ਵਿੱਚੋਂ ਰੱਬ ਦੇ ਨਾਮ ਬਿਨਾਂ ਹੋਰ ਕੁਝ ਨਾ ਨਿਕਲੇ।

*Swaran Colony, Trilokpur Road, Gole Gujral, Jammu Tawi- 182002; M. 09906566604*

ਭਾਈ ਨੰਦ ਲਾਲ ਗੋਯਾ:

*"ਤਾਂ ਆਫ਼ਰੀਦਾ ਅਸਤ ਮਰਾ ਆਂ ਖ਼ੁਦਾਇ ਪਾਕ*
*ਜੁਜ਼ ਹਰਫ਼ਿ ਨਾਮਿ ਹੱਕ ਨਿਆਇਦ ਜ਼ਿ ਜਿਸਮਿ ਖ਼ਾਕ"*

ਇਸ ਪੁਸਤਕ ਦਾ ਅਧਿਐਨ ਕਰਦਿਆਂ ਇਸ ਗੱਲ ਦਾ ਤੀਬਰਤਾ ਨਾਲ ਅਹਿਸਾਸ ਹੁੰਦਾ ਹੈ ਕਿ ਸਾਰੀ ਕੌਮੀ ਵਿਰਾਸਤ ਨੂੰ ਹਰ ਹੀਲੇ ਸਾਂਭਣ ਦਾ ਯਤਨ ਕਰਨਾ ਚਾਹੀਦੀ ਹੈ। ਤਾਂ ਜੋ ਆਉਣ ਵਾਲੀ ਪੀੜ੍ਹੀ ਲਈ ਅਜਿਹੇ ਰੂਹਾਨੀ ਪੁਰਖ ਸੰਗ-ਏ-ਮੀਲ ਬਣਨ। ਭਾਈ ਰਣਧੀਰ ਸਿੰਘ ਟਰੱਸਟ (ਯੂ ਕੇ) ਇੰਗਲੈਂਡ ਵੱਲੋਂ ਇਸ ਨੂੰ ਪ੍ਰਕਾਸ਼ਿਤ ਕਰਨਾ ਸੁਆਗਤ ਯੋਗ ਹੈ। ੨੨੦ ਪੰਨਿਆਂ ਦੀ ਪੇਪਰ ਬੈਕ ਵਾਲੀ ਕਿਤਾਬ ੩੫੦ ਰੁਪਏ ਆਮ ਪਾਠਕਾਂ ਦੀ ਪਹੁੰਚ ਵਿਚ ਹੈ। ਭਾਈ ਸਾਹਿਬ ਦੀ ਦੀਦਾਰੀ ਫੋਟੋ ਦੀ ਘਾਟ ਮੈਨੂੰ ਬੇਹੱਦ ਖਟਕੀ ਹੈ। ਭਾਈ ਸਾਹਿਬ ਦੀ ਸਮੁੱਚੇ ਜੀਵਨ ਸ਼ੈਲੀ ਦੇ ਦੀਦਾਰ ਕਰਨ ਲਈ ਇਸ ਪੁਸਤਕ ਦਾ ਅਧਿਐਨ ਕਰਨ ਲਈ ਧੁਰ ਦਿਲੋਂ ਸਿਫਾਰਸ਼ ਹੈ। ■

---

## ਸਿੱਖ ਮਿਸ਼ਨ ਉਤਰਾਖੰਡ ਵੱਲੋਂ ਅੰਮ੍ਰਿਤ-ਸੰਚਾਰ

ਭਾਈ ਸੁਖਵਿੰਦਰ ਸਿੰਘ, ਇੰਚਾਰਜ, ਸਿੱਖ ਮਿਸ਼ਨ ਉਤਰਾਖੰਡ, ਕਾਸ਼ੀਪੁਰ, ਜ਼ਿਲ੍ਹਾ ਊਧਮ ਸਿੰਘ ਨਗਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਮਿਸ਼ਨ ਵੱਲੋਂ ੧੧ ਜਨਵਰੀ, ੨੦੨੨ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੇਲਾਖੇੜਾ, ਜ਼ਿਲ੍ਹਾ ਊਧਮ ਸਿੰਘ ਨਗਰ, ੨ ਮਾਰਚ, ੨੦੨੨ ਨੂੰ ਗੁਰਦੁਆਰਾ ਗੁਰੂ ਨਾਨਕ ਘਾਟ, ਪਿੰਡ ਕਟਾਰਮਲ ਤਹਿ. ਧਾਮਪੁਰ, ਜ਼ਿਲ੍ਹਾ ਬਿਜਨੌਰ (ਯੂ. ਪੀ.) ਅਤੇ ਮਿਤੀ ੧੩ ਮਾਰਚ, ੨੦੨੨ ਨੂੰ ਗੁਰਦੁਆਰਾ ਕੁਟੀਆ ਸਾਹਿਬ, ਪਿੰਡ ਬੁੱਢਾ ਫਾਰਮ ਪਤਰਾਮਪੁਰ, ਜ਼ਿਲ੍ਹਾ ਊਧਮ ਸਿੰਘ ਨਗਰ ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮਾਂ ਦੌਰਾਨ ਕ੍ਰਮਵਾਰ ੪੦, ੭੪ ਅਤੇ ੫੨ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਪੁਸਤਕ ਰੀਵਿਊ

**ਪੁਸਤਕ** : ਸ੍ਰੀ ਦਸਮ ਗ੍ਰੰਥ ਤੇ ਪੰਥਕ ਵਿਦਵਾਨ
**ਸੰਪਾਦਕ** : ਡਾ. ਇੰਦਰਜੀਤ ਸਿੰਘ ਗੋਗੋਆਣੀ
**ਪ੍ਰਕਾਸ਼ਕ** : ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ
**ਪੰਨੇ** : ੨੦੮
**ਭੇਟਾ** : ੩੦੦ ਰੁਪਏ
**ਪ੍ਰਕਾਸ਼ਨ ਵਰ੍ਹਾ** : ਫਰਵਰੀ ੨੦੨੨ ਈ. (ਪਹਿਲੀ ਵਾਰ)
**ISBN** : ੯੭੮-੯੩-੯੧੯੫੪-੨੪-੬

ਉੱਘੇ ਸਿੱਖ ਵਿਦਵਾਨ ਅਤੇ ਲੇਖਕ ਡਾ. ਇੰਦਰਜੀਤ ਸਿੰਘ ਗੋਗੋਆਣੀ ਦਾ ਨਾਮ ਕਿਸੇ ਪਛਾਣ ਦਾ ਮੁਥਾਜ ਨਹੀਂ। ਸਿੱਖ ਅਕਾਦਮਿਕ ਜਗਤ ਵਿਚ ਉਨ੍ਹਾਂ ਦੀਆਂ ਅਨੇਕਾਂ ਮੌਲਿਕ ਅਤੇ ਸੰਪਾਦਿਤ ਪੁਸਤਕਾਂ ਸਿੱਖ ਧਰਮ ਦੇ ਜਗਿਆਸੂਆਂ ਅਤੇ ਵਿਦਿਆਰਥੀਆਂ ਦਾ ਮਾਰਗ-ਦਰਸ਼ਨ ਕਰ ਰਹੀਆਂ ਹਨ।

ਵਿਚਾਰਾਧੀਨ ਪੁਸਤਕ 'ਸ੍ਰੀ ਦਸਮ ਗ੍ਰੰਥ ਤੇ ਪੰਥਕ ਵਿਦਵਾਨ' ਉਨ੍ਹਾਂ ਵੱਲੋਂ ਸੰਪਾਦਿਤ ਇਕ ਬੇਸ਼ਕੀਮਤੀ ਪੁਸਤਕ ਹੈ ਜੋ ਕਿ ਸੰਪਾਦਕ ਵੱਲੋਂ ਸ੍ਰੀ ਦਸਮ ਗ੍ਰੰਥ ਦੇ ਖੋਜਾਰਥੀਆਂ ਨੂੰ ਸਮਰਪਿਤ ਕੀਤੀ ਗਈ ਹੈ। ਇਸ ਪੁਸਤਕ ਵਿਚ ੨੧ ਵਿਦਵਾਨਾਂ ਦੇ ਲੇਖਾਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਨ੍ਹਾਂ ਨੇ 'ਸ੍ਰੀ ਦਸਮ ਗ੍ਰੰਥ' ਸੰਬੰਧੀ ਸ਼ੰਕਾਵਾਦੀਆਂ ਦੇ ਸ਼ੰਕਿਆਂ ਅਤੇ ਉਨ੍ਹਾਂ ਵੱਲੋਂ ਸੰਗਤ ਵਿਚ ਪਾਏ/ਪ੍ਰਚਾਰੇ ਜਾਣ ਵਾਲੇ ਭੁਲੇਖਿਆਂ ਨੂੰ ਦੂਰ ਕੀਤਾ ਹੈ। ਇਹ ਲੇਖ ਵੱਖ-ਵੱਖ ਸਮਿਆਂ 'ਤੇ ਲਿਖੇ ਗਏ ਅਤੇ ਸ੍ਰੀ ਦਸਮ ਗ੍ਰੰਥ ਦੀ ਦਲੀਲਪੂਰਵਕ ਪ੍ਰੋੜ੍ਹਤਾ ਕਰਨ ਵਾਲੇ ਹਨ ਜੋ ਕਿ ਸੰਪਾਦਕ ਨੇ ਬੜੀ ਮਿਹਨਤ ਨਾਲ ਇਕੱਤਰ ਕਰ ਕੇ ਪੁਸਤਕ ਵਿਚ ਸ਼ਾਮਲ ਕੀਤੇ ਹਨ। ਇਨ੍ਹਾਂ ਲੇਖਕਾਂ/ਵਿਦਵਾਨਾਂ ਵਿਚ ਮੁੱਖ ਰੂਪ ਵਿਚ— ਗਿਆਨ ਦਿੱਤ ਸਿੰਘ, ਭਾਈ ਵੀਰ ਸਿੰਘ, ਸਿਰਦਾਰ ਕਪੂਰ ਸਿੰਘ, ਪ੍ਰੋ. ਸਾਹਿਬ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਡਾ. ਗੰਡਾ ਸਿੰਘ, ਪਿਆਰਾ ਸਿੰਘ ਪਦਮ, ਪ੍ਰਿੰ. ਤੇਜਾ ਸਿੰਘ ਆਦਿ ਲੇਖਕਾਂ ਦੇ ਲੇਖ ਸ਼ਾਮਲ ਕੀਤੇ ਗਏ ਹਨ। ਇਸ ਪੁਸਤਕ ਦੀ ਸੰਪਾਦਨਾ ਦਾ ਮੰਤਵ ਜੋ ਕਿ ਸੰਪਾਦਕ ਵੱਲੋਂ ਪੁਸਤਕ ਦੀ ਭੂਮਿਕਾ ਵਿਚ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ ਉਸ ਲਈ ਉਹ ਆਪਣਾ ਇਕ ਵਿਚਾਰ ਦਿੰਦਿਆਂ ਹੋਇਆਂ ਲਿਖਦੇ ਹਨ— . . . "ਦਾਨਿਆਂ ਦਾ ਕਥਨ ਹੈ ਕਿ ਕਿਸੇ ਕੌਮ ਦੇ ਵਾਰਸਾਂ ਦੀ ਸ਼ਰਧਾ ਭਾਵਨਾ ਤੇ ਭਰੋਸਾ ਖ਼ਤਮ ਕਰਨਾ ਹੋਵੇ ਤਾਂ ਨਿੱਠ ਕੇ ਏਨੇ ਸ਼ੰਕੇ ਖੜੇ ਕਰ ਦਿਉ ਕਿ ਆਮ ਸ਼ਰਧਾਲੂ ਤੇ ਉਸ ਕੌਮ ਦੇ ਵਾਰਸ ਦੁਬਿਧਾ ਦਾ ਸ਼ਿਕਾਰ ਹੋ ਕੇ ਬੇਭਰੋਸਗੀ ਦੇ ਆਲਮ ਵਿਚ ਚਲੇ

ਜਾਣ। " ਸੋ ਇਸ ਕਥਨ ਮੁਤਾਬਿਕ ਜੇਕਰ ਦੇਖਿਆ ਜਾਵੇ ਤਾਂ ਪਿਛਲੇ ਕੁਝ ਦਹਾਕਿਆਂ ਤੋਂ ਕੁਝ ਖਾਸ ਵਰਗ ਦੇ ਲੇਖਕਾਂ/ਪ੍ਰਚਾਰਕਾਂ ਨੇ ਸਾਡੀਆਂ ਪੰਥਕ ਪਰੰਪਰਾਵਾਂ, ਮਰਯਾਦਾ, ਸ੍ਰੋਤ ਗ੍ਰੰਥਾਂ 'ਤੇ ਕਿੰਤੂ-ਪ੍ਰੰਤੂ ਕਰ ਕੇ ਜੋ ਸਿੱਖ ਸੰਗਤ ਅਤੇ ਖਾਸ ਕਰਕੇ ਨਵੀਨ ਸਿੱਖ ਪੀੜ੍ਹੀ ਨੂੰ ਪੰਥਕ ਰਵਾਇਤਾਂ ਅਤੇ ਸਰੋਕਾਰਾਂ ਤੋਂ ਦਿਸ਼ਾ-ਹੀਣ ਕੀਤਾ ਜਾਂ ਕਰਨ ਦੇ ਯਤਨ ਕੀਤੇ ਹਨ ਉਸ ਦੇ ਸਮਾਧਾਨ ਲਈ ਵਿਚਾਰਧੀਨ ਪੁਸਤਕ ਸ੍ਰੀ ਦਸਮ ਗ੍ਰੰਥ ਪ੍ਰਤੀ ਦੁਬਿਧਾ ਦੇ ਸ਼ਿਕਾਰ ਸੱਜਣਾਂ ਦੇ ਭਰਮ-ਭੁਲੇਖਿਆਂ ਦੀ ਨਵਿਰਤੀ ਲਈ ਇਕ ਬੇਹੱਦ ਵਡਮੁੱਲਾ ਯਤਨ ਹੈ। ਵਿਦਵਾਨ ਸੰਪਾਦਕ ਅਨੁਸਾਰ ਪੁਸਤਕ 'ਸ੍ਰੀ ਦਸਮ ਗ੍ਰੰਥ ਤੇ ਪੰਥਕ ਵਿਦਵਾਨ' ਦੀ ਸੰਪਾਦਨਾ ਦਾ ਮੁੱਖ ਮਕਸਦ ਸ੍ਰੀ ਦਸਮ ਬਾਣੀ ਸੰਬੰਧੀ ਸਹੀ ਪ੍ਰਚਾਰ ਤੇ ਸਤਿਕਾਰਤ ਵਿਦਵਾਨਾਂ ਦੀਆਂ ਦੁਰਲੱਭ ਰਚਨਾਵਾਂ ਨੂੰ ਪਾਠਕਾਂ ਦੇ ਸਨਮੁਖ ਕਰਨਾ ਹੈ ਤਾਂ ਕਿ ਕਿਸੇ ਨੂੰ ਸ਼ੰਕਾ ਨਾ ਰਹੇ। ਸੋ ਉਕਤ ਪੁਸਤਕ ਹਰੇਕ ਗੁਰਸਿੱਖ ਪਿਆਰੇ ਪਾਠਕ ਨੂੰ ਪੜ੍ਹ-ਵਾਚ ਕੇ ਧਰਮ ਪ੍ਰਤੀ ਵਿਸ਼ੇਸ਼ ਕਰ 'ਸ੍ਰੀ ਦਸਮ ਗ੍ਰੰਥ' ਪ੍ਰਤੀ ਆਪਣੀ ਬੌਧਿਕ ਸਮਰਥਾ ਵਿਚ ਵਾਧਾ ਕਰਨਾ ਬਣਦਾ ਹੈ।

***ਰੀਵਿਊਕਾਰ***
*ਬਿਕਰਮਜੀਤ ਸਿੰਘ ਜੀਤ*
*ਮੋ.੯੨੨੨੯੦੦੩੨੨*

## ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਭਾਈ ਬਚਿੱਤਰ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ, ਮਾਛੀਵਾੜਾ (ਲੁਧਿਆਣਾ) ਵਿਖੇ ੬ ਅਕਤੂਬਰ, ੨੦੨੧ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੩੪ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਪਿੰਡ ਡੁੱਗਰੀ ਵਿਖੇ ਅੰਮ੍ਰਿਤ-ਸੰਚਾਰ

ਭਾਈ ਗੁਰਨਾਮ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਪਿੰਡ ਡੁੱਗਰੀ, ਡਾਕਖਾਨਾ ਦੋਰਾਂਗਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ੭ ਅਕਤੂਬਰ, ੨੦੨੧ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ੪੫ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਇਸ ਤੋਂ ਇਲਾਵਾ ਪਿੰਡ ਚਿੱਟੀ, ਡਾਕ: ਚਬਕਰਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ੧੨ ਨਵੰਬਰ, ੨੦੨੧ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ੨੫ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

ਕਵਿਤਾ

# ਸੇਵਾ ਕਰਨੀ ਦੱਸਿਆ ਸ੍ਰੀ ਗੁਰੂ ਰਾਮਦਾਸ

*-ਸ. ਸੁਰਜੀਤ ਸਿੰਘ**

*ਹੱਥੀਂ ਕਿਰਤ ਕਰਨੀ ਤੇ ਵੰਡ ਕੇ ਖਾਓ ਸਾਰੇ,*
*ਜਗਤ ਨੂੰ ਕਰ ਕੇ ਦੱਸਿਆ ਸ੍ਰੀ ਗੁਰੂ ਰਾਮਦਾਸ।*
*ਸੇਵਾ ਨਿਮਰਤਾ ਨਾਲ ਆਪ ਸਦਾ ਹੀ ਕਰਨੀ,*
*ਟੋਕਰਾ ਆਪ ਚੁੱਕ ਦੱਸਿਆ ਸ੍ਰੀ ਗੁਰੂ ਰਾਮਦਾਸ।*
*ਗੁਰੂ ਦੇ ਹੁਕਮ ਵਿਚ ਸਦਾ ਅਨੰਦ ਰਹਿਣਾ,*
*ਨਾ ਪ੍ਰਸ਼ਨ ਕਰਨਾ ਦੱਸਿਆ ਸ੍ਰੀ ਗੁਰੂ ਰਾਮਦਾਸ।*
*ਥੜ੍ਹਾ  ਬਣਾਉਣਾ ਗੁਰੂ ਜੀ ਦੀ ਆਗਿਆ ਨਾਲ ,*
*ਹੁਕਮ ਮਨ ਢਾਉਣਾਂ ਦੱਸਿਆ ਸ੍ਰੀ ਗੁਰੂ ਰਾਮਦਾਸ।*
*ਸਿਮਰਨ ਸੇਵਾ ਵੀ ਕਰਨੀ ਨਿਮਰਤਾ ਨਾਲ,*
*ਹੁਕਮ ਗੁਰਾਂ ਦਾ ਦੱਸਿਆ ਸ੍ਰੀ ਗੁਰੂ ਰਾਮਦਾਸ।*
*ਮਿਲਦੀਆਂ ਬਖਸ਼ਿਸ਼ਾਂ ਹਰ ਵੇਲੇ ਗੁਰੂ ਕੋਲੋਂ,*
*ਮਨ ਨੀਵਾਂ ਰੱਖਣਾ ਦੱਸਿਆ ਸ੍ਰੀ ਗੁਰੂ ਰਾਮਦਾਸ।*
*ਗੁਰੂ ਰਾਮਦਾਸ ਦੇ ਦਰ 'ਤੇ ਮੰਗਣ ਜੋ ਆਇਆ,*
*ਖਾਲੀ ਕੋਈ ਵੀ ਵੇਖਿਆ ਕਦੀ ਮੁੜਦਾ ਨਹੀਂ।*
*ਹੋ ਨਿਮਾਣਿਆਂ ਜਿਸ ਨੇ ਵੀ ਅਰਦਾਸ ਕੀਤੀ,*
*ਦਰ ਦਰ ਉਤੇ ਉਹ ਕਦੀ ਵੇਖਿਆ ਰੁਲਦਾ ਨਹੀਂ।*
*ਉਸ ਦਾ ਮਨ ਨੀਵਾਂ ਮੱਤ ਸਦਾ ਹੀ ਰਹੇ ਉੱਚੀ,*
*ਫਿਰ ਉਹ ਕਰ ਕ੍ਰੋਧ ਕਦੀ ਵੀ ਕੁੜਦਾ ਨਹੀਂ।*
*ਮਿਹਰ ਨਿਰੰਕਾਰ ਦੀ ਹੋਵੇ ਜਿਸ ਵੀ ਜੀਵ ਉੱਤੇ ,*
*ਫੇਰ ਭੰਡਾਰਾ ਉਸ ਦਾ ਸਦਾ ਲਈ ਥੁੜ੍ਹਦਾ ਨਹੀਂ।*
*ਸ਼ੁਭ ਇੱਛਾਵਾਂ ਸਭੇ ਪੂਰੀਆਂ ਉਦੋਂ ਹੁੰਦੀਆਂ ਨੇ,*
*ਸ਼ਰਧਾ ਨਾਲ ਮੰਨਿਆ ਸ੍ਰੀ ਗੁਰੂ ਰਾਮਦਾਸ।*
*ਹੋਰ ਦਰ ਉੱਤੇ ਕਦੀ ਉਹ ਭਟਕਦਾ ਨਹੀਂ,*
*ਜਿਸ 'ਤੇ ਮਿਹਰ ਕਰਨ ਜਦੋਂ ਸ੍ਰੀ ਗੁਰੂ ਰਾਮਦਾਸ।*
*ਗੁਰੂ ਰਾਮਦਾਸ ਜੀ ਤੁਹਾਡੀ ਸ਼ਰਨ ਆਇਆਂ,*

** L-੬, ਮਕਾਨ ਨੰ: ੧੩੧੭, ਗਲੀ ਨੰ: ੨, ਬਾਜ਼ਾਰ ਨੰ: ੩, ਨਿਊ ਸ਼ਹੀਦ ਊਧਮ ਸਿੰਘ ਨਗਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ- ੧੪੩੦੦੬; ਮੋ. +੯੧੯੪੭੮੯੧੦੫੨੩*

*ਮੇਰਾ ਏਹ ਗੇੜ ਚੁਰਾਸੀ ਦਾ ਦੇਵੋ ਕੱਟ ਦਾਤਾ।*
*ਫਸੀ ਲੋਭ ਵਿਚ ਏਹ ਜਿੰਦ ਮੇਰੀ ਪਾਤਸ਼ਾਹਾ,*
*ਲਾਏ ਲਾਲਚ ਦੀ ਛੁਰੀ ਨੇ ਬਹੁਤੇ ਫੱਟ ਦਾਤਾ।*
*ਹਉਮੈਂ ਦਾ ਮਾਰਿਆ ਫਿਰੇ ਏਹ ਸਰੀਰ ਮੇਰਾ,*
*ਕ੍ਰੋਧ ਏਹ ਜੀਵਨ ਦੀ ਡੋਰ ਰਿਹਾ ਕੱਟ ਦਾਤਾ।*
*ਮਿਹਰ ਕਰ ਕੇ ਨਿਮਾਣੇ ਨੂੰ ਬਖਸ਼ੋ ਪਾਤਸ਼ਾਹਾ ਜੀ,*
*ਵਿਕਾਰਾਂ ਵਿਚ ਫਸੇ ਨੂੰ ਮੋਹ ਰਿਹਾ ਚੱਟ ਦਾਤਾ।*
*ਮੇਰੇ ਅਵਗੁਣ ਬੜੇ ਗੁਰੂ ਜੀ ਨਹੀਂ ਗੁਣ ਕੋਈ,*
*ਬਣਾ ਲਓ ਸੇਵਕ ਆਪਣਾ ਸ੍ਰੀ ਗੁਰੂ ਰਾਮਦਾਸ।*
*ਮੇਰਾ ਜੀਵਨ ਮਰਨ ਦਾ ਗੇੜ ਏਹ ਮੁਕ ਜਾਵੇ,*
*ਕਿਰਪਾ ਕਰਕੇ ਨਾਮ ਬਖਸ਼ੋ ਸ੍ਰੀ ਗੁਰੂ ਰਾਮਦਾਸ।*
*ਤਨ ਦੀ ਭੁਖ ਮਿਟਾਉਣ ਦੇ ਲਈ ਹਰ ਵੇਲੇ,*
*ਸਭ ਨੂੰ ਲੰਗਰ ਛਕਾਇਆ ਸ੍ਰੀ ਗੁਰੂ ਰਾਮਦਾਸ।*
*ਦੁਖੀ ਸਰੀਰਾਂ ਦੇ ਰੋਗ ਹਟਾਉਣ ਲਈ ਦਾਤੇ,*
*ਅੰਮ੍ਰਿਤ ਸਰੋਵਰ ਬਣਾਇਆ ਸ੍ਰੀ ਗੁਰੂ ਰਾਮਦਾਸ।*
*ਜਿੱਥੇ ਤਪਦੇ ਮਨਾਂ ਨੂੰ ਸ਼ਾਂਤੀ ਸਦਾ ਮਿਲੇ,*
*ਅੰਮ੍ਰਿਤਸਰ ਵਸਾਇਆ ਸ੍ਰੀ ਗੁਰੂ ਰਾਮਦਾਸ।*
*ਵਿਛੜੀ ਆਤਮਾ ਮਿਲੇ ਪਰਮਾਤਮਾ ਨਾਲ,*
*ਸਤਿਨਾਮੁ ਜਾਪ ਜਪਾਇਆ ਸ੍ਰੀ ਗੁਰੂ ਰਾਮਦਾਸ।*
*ਸੇਵਾ ਸਿਮਰਨ ਸਦਾ ਨਿਮਰਤਾ ਨਾਲ ਕਰਨਾ,*
*ਦੱਸਿਆ ਹੁਕਮ ਮੰਨਣਾ ਸ੍ਰੀ ਗੁਰੂ ਰਾਮਦਾਸ।*
*ਸੁਰਜੀਤ ਸਿੰਘ! ਗੁਰ ਦਰ ਤੋਂ ਬਖਸ਼ਸ਼ਾਂ ਮਿਲਦੀਆਂ,*
*ਮੱਤ ਉੱਚੀ ਰੱਖਣੀ ਦੱਸਿਆ ਸ੍ਰੀ ਗੁਰੂ ਰਾਮਦਾਸ।* ■

## ਬਾਬਾ ਬਕਾਲਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹ ਨੌਵੀਂ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੨੦ ਅਕਤੂਬਰ, ੨੦੨੧ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੭੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

ਖ਼ਬਰਨਾਮਾ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਤੇ ਅਧਿਕਾਰੀਆਂ ਨੇ ਬਜਟ, ਟਰੱਸਟਾਂ ਤੇ ਜਾਇਦਾਦਾਂ ਬਾਰੇ ਪਾਏ ਜਾਂਦੇ ਭੁਲੇਖਿਆਂ ਸਬੰਧੀ ਕੀਤਾ ਸਪੱਸ਼ਟ

ਸ੍ਰੀ ਅੰਮ੍ਰਿਤਸਰ, ੨੯ ਮਾਰਚ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਅਧਿਕਾਰੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਮਿੱਠੂ ਸਿੰਘ ਕਾਹਨੇਕੇ, ਭਾਈ ਗੁਰਪ੍ਰੀਤ ਸਿੰਘ ਰੰਧਾਵੇਵਾਲੇ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ ਅਤੇ ਹੋਰਾਂ ਵੱਲੋਂ ਸਿੱਖ ਸੰਸਥਾ ਦੇ ਬਜਟ, ਟਰੱਸਟਾਂ ਅਤੇ ਜਾਇਦਾਦਾਂ ਸਬੰਧੀ ਲਗਾਏ ਗਏ ਦੋਸ਼ਾਂ ਨੂੰ ਖਾਰਜ ਕਰਦਿਆਂ ਉਨ੍ਹਾਂ ਵੱਲੋਂ ਉਠਾਏ ਗਏ ਇਤਰਾਜ਼ਾਂ ਨੂੰ ਨਿਰਮੂਲ ਅਤੇ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਗੁਰਿੰਦਰਪਾਲ ਸਿੰਘ ਗੋਰਾ, ਮੈਂਬਰ ਭਾਈ ਗੁਰਚਰਨ ਸਿੰਘ (ਗਰੇਵਾਲ), ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ. ਸੁਰਜੀਤ ਸਿੰਘ ਭਿੱਟੇਵੱਡ, ਭਾਈ ਰਾਮ ਸਿੰਘ, ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਵਧੀਕ ਸਕੱਤਰ ਸ. ਸੁਖਮਿੰਦਰ ਸਿੰਘ, ਸ. ਪ੍ਰਤਾਪ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਦੇ ਓਐਸਡੀ ਸ. ਸਤਬੀਰ ਸਿੰਘ (ਧਾਮੀ) ਨੇ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਗੁਰਦੁਆਰਾ ਐਕਟ ੧੯੨੫ ਦੇ ਨਿਯਮਾਂ ਅਨੁਸਾਰ ਕਾਰਜ ਕਰ ਰਹੀ ਹੈ ਅਤੇ ਗੁਰਦੁਆਰਾ ਪ੍ਰਬੰਧਾਂ ਦੇ ਨਾਲ-ਨਾਲ ਸਿਹਤ, ਸਿੱਖਿਆ ਤੇ ਲੋਕ ਭਲਾਈ ਲਈ ਵਚਨਬੱਧ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੇ ਕਿਹਾ ਕਿ ਸ. ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਿਚ ਸ. ਮਿੱਠੂ ਸਿੰਘ ਕਾਹਨੇਕੇ ਤੇ ਹੋਰ ਮੈਂਬਰ ਜਾਣਬੁਝ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਦਨਾਮ ਕਰ ਰਹੇ ਹਨ ਅਤੇ ਦੁੱਖ ਦੀ ਗੱਲ ਹੈ ਕਿ ਉਨ੍ਹਾਂ ਦੇ ਅਗਾਮੀ ਬਜਟ ਦੇ ਵੇਰਵਿਆਂ ਨੂੰ ਵੀ ਗ਼ਲਤ ਢੰਗ ਨਾਲ ਜਨਤਕ ਕਰਨ ਦੀ ਕੁਤਾਹੀ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ (ਗਰੇਵਾਲ) ਅਤੇ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਥਿਆਉਣ ਦੀ ਮਨਸ਼ਾ ਨਾਲ ਇਸ ਵਿਰੁੱਧ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ ਅਤੇ ਤੱਥਾਂ ਨੂੰ ਤੋੜ-ਮਰੋੜ ਕੇ ਸੰਗਤ ਵਿਚ ਪ੍ਰਚਾਰਿਆ ਜਾ ਰਿਹਾ ਹੈ।

ਸ. ਸੁਰਜੀਤ ਸਿੰਘ ਭਿੱਟੇਵੱਡ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਦੇ ਪ੍ਰਬੰਧ ਵਾਲੇ ਇਤਿਹਾਸਿਕ ਗੁਰਦੁਆਰਿਆਂ ਦੀਆਂ ਜ਼ਮੀਨਾਂ ’ਤੇ ਕਿਸੇ ਵੀ ਰਾਜਸੀ ਵਿਅਕਤੀ ਦਾ ਕਬਜ਼ਾ ਨਹੀਂ ਹੈ, ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਹੁਤ ਸਾਰੀਆਂ ਜ਼ਮੀਨਾਂ ਕਬਜ਼ਾ-ਧਾਰਕਾਂ ਪਾਸੋਂ ਛੁਡਵਾਈਆਂ ਹਨ। ਉਨ੍ਹਾਂ ਕਿਹਾ ਕਿ ਸ. ਕਾਹਨੇਕੇ ਵੱਲੋਂ ਲਗਾਇਆ ਗਿਆ ਦੋਸ਼ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜ਼ਮੀਨਾਂ ਦੱਬੀਆਂ ਹੋਈਆਂ ਹਨ, ਸੱਚਾਈ ਤੋਂ ਕੋਹਾਂ ਦੂਰ ਹੈ। ਉਨ੍ਹਾਂ ਕਿਹਾ ਕਿ ਕੁਝ ਗੁਰਦੁਆਰੇ ਅਜਿਹੇ ਜਿਨ੍ਹਾਂ ’ਤੇ ਲੋਕਲ ਕਮੇਟੀਆਂ ਦੇ ਪ੍ਰਬੰਧ ਸਮੇਂ ਮੁਜਾਰਿਆਂ ਨੂੰ ਜ਼ਮੀਨਾਂ ਦਿੱਤੀਆਂ ਗਈਆਂ ਸਨ ਪਰੰਤੂ ਜਦੋਂ ਇਨ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਸਿੱਧੇ ਤੌਰ ’ਤੇ ਆਇਆ ਤਾਂ ਵੱਡੀ ਗਿਣਤੀ ਵਿਚ ਜ਼ਮੀਨਾਂ ਤੋਂ ਕਬਜ਼ੇ ਛੁਡਵਾਏ ਗਏ। ਉਨ੍ਹਾਂ ਦੱਸਿਆ ਕਿ ਲੋਕਲ ਕਮੇਟੀਆਂ ਦੇ ਸਮੇਂ ਇਨ੍ਹਾਂ ਗੁਰਦੁਆਰਿਆਂ ਦੀ ਜ਼ਮੀਨ ਤੋਂ ੩੯ ਲੱਖ ੬੭ ਹਜ਼ਾਰ ਰੁਪਏ ਆਮਦਨ ਸੀ, ਪਰੰਤੂ ਹੁਣ ਇਹ ੪ ਕਰੋੜ ੫੬ ਲੱਖ ਤੋਂ ਵੱਧ ਹੈ। ਇਹ ਵਾਧਾ ਤਕਰੀਬਨ ੧੧੦੦% ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜ਼ਮੀਨਾਂ ਖਾਲੀ ਕਰਵਾਉਣ ਲਈ ਸੁਪਰੀਮ ਕੋਰਟ ਤਕ ਪਹੁੰਚ ਕਰਕੇ ਪਿਛਲੇ ਪੰਦਰ੍ਹਾਂ ਸਾਲਾਂ ਦੌਰਾਨ ੧੩੫੪ ਏਕੜ ਜ਼ਮੀਨ ਦਾ ਪ੍ਰਬੰਧ ਲਿਆ ਹੈ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ’ਤੇ ਲਗਾਏ ਜਾ ਰਹੇ ਇਲਜ਼ਾਮ ਦਰੁੱਸਤ ਨਹੀਂ ਹਨ, ਜਦਕਿ ਦੋਸ਼ ਲਗਾਉਣ ਵਾਲੇ ਮੈਂਬਰ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰਨੀ ਮੈਂਬਰ ਅਤੇ ਵੱਖ-ਵੱਖ ਸਬ-ਕਮੇਟੀਆਂ ਦਾ ਹਿੱਸਾ ਰਹੇ ਹਨ। ਇਹ ਮੌਜੂਦਾ ਸਮੇਂ ਡੂੰਘੀ ਸਾਜ਼ਿਸ਼ ਤਹਿਤ ਸੰਸਥਾ ਨੂੰ ਬਦਨਾਮ ਕਰ ਰਹੇ ਹਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਸਕਦਾ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਰਾਮ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲੇ ਟਰੱਸਟਾਂ ਸਬੰਧੀ ਕਿਹਾ ਕਿ ਵੱਖ-ਵੱਖ ਮੈਡੀਕਲ ਅਤੇ ਵਿੱਦਿਅਕ ਅਦਾਰਿਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੱਤ ਟਰੱਸਟ ਕਾਰਜਸ਼ੀਲ ਹਨ। ਸ. ਕਾਹਨੇਕੇ ਵੱਲੋਂ ਇਨ੍ਹਾਂ ਟਰੱਸਟਾਂ ’ਤੇ ਰਾਜਸੀ ਕਬਜ਼ੇ ਦਾ ਦੋਸ਼ ਲਗਾਇਆ ਗਿਆ ਹੈ, ਜਦਕਿ ਅਸਲ ਵਿਚ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਾਇਦਾਦ ਹਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇਨ੍ਹਾਂ ਦੇ ਚੇਅਰਮੈਨ ਵਜੋਂ ਕਾਰਜਸ਼ੀਲ ਹਨ। ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ ਪ੍ਰਬੰਧਕ ਵਜੋਂ ਸੇਵਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਜਾਣਬੁਝ ਕੇ ਸਿੱਖ ਸੰਸਥਾ ਨੂੰ ਬਦਨਾਮ ਕਰਨਾ ਠੀਕ ਨਹੀਂ ਹੈ। ਉਨ੍ਹਾਂ ਸ. ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਿਚ ਦੋਸ਼ ਲਗਾਉਣ ਵਾਲੇ ਮੈਂਬਰਾਂ ਨੂੰ ਸ. ਢੀਂਡਸਾ ਦੀ ਕਾਰਗੁਜ਼ਾਰੀ ਘੋਖਣ ਦੀ ਵੀ ਨਸੀਹਤ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਨੇ ਕਿਹਾ ਕਿ ਸ. ਸੁਖਦੇਵ

ਸਿੰਘ ਢੀਂਡਸਾ ਖੁਦ ਮਸਤੂਆਣਾ ਵਿਖੇ ਵਿੱਦਿਅਕ ਅਦਾਰਿਆਂ ਦੇ ਟਰੱਸਟ 'ਤੇ ਕਾਬਜ਼ ਹੈ ਅਤੇ ਉਲਟਾ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਾਰਦਰਸ਼ੀ ਪ੍ਰਬੰਧ 'ਤੇ ਉਂਗਲ ਉਠਾ ਰਹੇ ਹਨ। ਪਹਿਲਾਂ ਆਪ ਟਰੱਸਟ ਤੋਂ ਕਬਜ਼ਾ ਛੱਡਣ ਅਤੇ ਫਿਰ ਗੱਲ ਕਰਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਸ. ਸੁਖਮਿੰਦਰ ਸਿੰਘ ਨੇ ਬਜਟ ਬਾਰੇ ਪਾਏ ਜਾ ਰਹੇ ਭੁਲੇਖਿਆਂ ਸਬੰਧੀ ਸਪੱਸ਼ਟ ਕਰਦਿਆਂ ਕਿਹਾ ਕਿ ਸਿੱਖ ਸੰਸਥਾ ਦੇ ਬਜਟ ਨੂੰ ਵਾਧੇ ਜਾਂ ਘਾਟੇ ਨਾਲ ਜੋੜਨਾ ਠੀਕ ਨਹੀਂ, ਸਗੋਂ ਇਹ ਤਾਂ ਗੁਰੂ-ਘਰਾਂ ਅੰਦਰ ਸੰਗਤ ਵੱਲੋਂ ਸ਼ਰਧਾ ਨਾਲ ਚੜ੍ਹਾਏ ਜਾਂਦੇ ਪੈਸਿਆਂ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਕਿਹਾ ਕਿ ਬਜਟ ਤੋਂ ਪਹਿਲਾਂ ਸਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨੂੰ ਜਾਣਕਾਰੀ ਭੇਜੀ ਜਾਂਦੀ ਹੈ, ਤਾਂ ਜੋ ਉਹ ਜਨਰਲ ਹਾਊਸ ਵਿਚ ਆਪਣੇ ਵਿਚਾਰ ਪੇਸ਼ ਕਰ ਸਕਣ। ਪਰੰਤੂ ਬਜਟ ਇਜਲਾਸ ਤੋਂ ਪਹਿਲਾਂ ਇਸ ਬਾਰੇ ਗ਼ਲਤ ਜਾਣਕਾਰੀਆਂ ਨਸ਼ਰ ਕਰਨੀਆਂ ਠੀਕ ਨਹੀਂ ਹਨ। ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਐਕਟ ੧੯੨੫ ਅਨੁਸਾਰ ਜਿਹੜੇ ਫੰਡ ਗੁਰਦੁਆਰਾ ਸਾਹਿਬਾਨ ਤੋਂ ਨਿਰਧਾਰਤ ਕੀਤੇ ਗਏ ਹਨ, ਉਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਏ ਜਾਂਦੇ ਹਨ। ਇਹ ਫੰਡ ੩੯% ਤਕ ਹਨ ਅਤੇ ਇਨ੍ਹਾਂ ਬਾਰੇ ੫੧% ਲੈਣ ਦਾ ਗ਼ਲਤ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਗੁਰਦੁਆਰਿਆਂ ਪਾਸੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਰਧਾਰਤ ੩੯% ਤੋਂ ਵੀ ਕਈ ਵਾਰ ਘੱਟ ਫੰਡ ਲਏ ਜਾਂਦੇ ਹਨ ਅਤੇ ਇਹ ਲੋੜ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਆਪਣਾ ਬਜਟ ਨਾ-ਮਾਤਰ ਹੀ ਹੈ ਅਤੇ ਇਹ ਨਿਰਧਾਰਤ ਫੰਡਾਂ ਤੋਂ ਹੀ ਖਰਚੇ ਕਰਦੀ ਹੈ। ਇਥੋਂ ਤਕ ਕਿ ਕੋਰੋਨਾ ਮਹਾਂਮਾਰੀ ਦੌਰਾਨ ਵੱਡੀ ਪੱਧਰ 'ਤੇ ਸੰਗਤੀ ਚੜ੍ਹਾਵਾ ਘੱਟ ਜਾਣ 'ਤੇ ਵੀ ਸੇਵਾ ਕਾਰਜ ਅਤੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਜਾਰੀ ਰੱਖੀਆਂ ਗਈਆਂ ਹਨ ਅਤੇ ਇਸ ਸੰਕਟਮਈ ਸਮੇਂ ਕੋਈ ਵੀ ਕੱਢਿਆ ਨਹੀਂ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ (ਗਰੇਵਾਲ) ਨੇ ਗੁਰਬਾਣੀ ਪ੍ਰਸਾਰਣ ਦੇ ਮਾਮਲੇ 'ਤੇ ਪੀਟੀਸੀ ਨੂੰ ਅਧਿਕਾਰ ਸਬੰਧੀ ਕਿਹਾ ਕਿ ਇਸ ਚੈੱਨਲ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਰ ਸਾਲ ੧ ਕਰੋੜ ੯੦ ਲੱਖ ਰੁਪਏ ਦਿੱਤੇ ਜਾਂਦੇ ਹਨ ਅਤੇ ਇਸ ਦਾ ਇਕਰਾਰਨਾਮਾ ਅਗਲੇ ਸਾਲ ੨੦੨੩ ਤਕ ਹੈ। ਉਨ੍ਹਾਂ ਆਖਿਆ ਕਿ ਇਹ ਚੈੱਨਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਗਤੀਵਿਧੀਆਂ ਅਤੇ ਸਮਾਗਮਾਂ ਨੂੰ ਮੁਫ਼ਤ ਵਿਚ ਪ੍ਰਸਾਰਤ ਕਰਦਾ ਹੈ। ਉਨ੍ਹਾਂ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਦਿੱਲੀ ਕਮੇਟੀ, ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਸ੍ਰੀ ਹੇਮਕੁੰਟ ਸਾਹਿਬ ਆਦਿ ਗੁਰੂ-ਘਰਾਂ ਤੋਂ ਲਾਈਵ ਕੀਰਤਨ ਪ੍ਰਸਾਰਤ ਕਰਨ ਦੇ ਪੈਸੇ ਦਿੱਤੇ

ਜਾਂਦੇ ਹਨ, ਪਰੰਤੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਬਦਲੇ ਸੇਵਾਫਲ ਪ੍ਰਾਪਤ ਕਰਦੀ ਹੈ। ਇਸ ਮੌਕੇ ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਲਵਿੰਦਰ ਸਿੰਘ ਕਾਹਲਵਾਂ, ਸੁਪ੍ਰਿੰਟੈਂਡੈਂਟ ਸ. ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਸ. ਸ਼ਾਹਬਾਜ਼ ਸਿੰਘ, ਸ. ਗੁਰਨਾਮ ਸਿੰਘ, ਸ. ਲਖਬੀਰ ਸਿੰਘ ਆਦਿ ਵੀ ਮੌਜੂਦ ਸਨ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ੯ ਅਰਬ ੮੯ ਕਰੋੜ ੧੫ ਲੱਖ ਰੁਪਏ ਦਾ ਸਾਲਾਨਾ ਬਜਟ ਜੈਕਾਰਿਆਂ ਦੀ ਗੂੰਜ ਵਿਚ ਪਾਸ

ਸ੍ਰੀ ਅੰਮ੍ਰਿਤਸਰ, ੩੦ ਮਾਰਚ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਏ ਜਨਰਲ ਇਜਲਾਸ ਦੌਰਾਨ ਵਿੱਤੀ ਸਾਲ ੨੦੨੨-੨੩ ਦਾ ਸਾਲਾਨਾ ਬਜਟ ੯ ਅਰਬ ੮੯ ਕਰੋੜ ੧੫ ਲੱਖ ੫੩ ਹਜ਼ਾਰ ੭੮੦ ਰੁਪਏ ਜੈਕਾਰਿਆਂ ਦੀ ਗੂੰਜ ਵਿਚ ਪਾਸ ਕੀਤਾ ਗਿਆ। ਬਜਟ ਇਜਲਾਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੋਇਆ, ਜਿਸ ਦੀ ਆਰੰਭਤਾ ਦੀ ਅਰਦਾਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕੀਤੀ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ੧੦੧ ਮੈਂਬਰ ਹਾਜ਼ਰ ਸਨ। ਬਜਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਪੇਸ਼ ਕੀਤਾ, ਜਿਸ ਨੂੰ ਹਾਜ਼ਰ ਮੈਂਬਰਾਂ ਨੇ ਪ੍ਰਵਾਨਗੀ ਦਿੱਤੀ। ਜਥੇਦਾਰ ਪੰਜੋਲੀ ਨੇ ਆਪਣੇ ਬਜਟ ਭਾਸ਼ਣ ਦੌਰਾਨ ਵੱਖ-ਵੱਖ ਵਿਭਾਗਾਂ ਅਤੇ ਅਦਾਰਿਆਂ ਲਈ ਹੋਣ ਵਾਲੀ ਆਮਦਨ ਅਤੇ ਖਰਚਿਆਂ ਦੇ ਵੇਰਵੇ ਸਾਂਝੇ ਕੀਤੇ, ਜਿਸ ਅਨੁਸਾਰ ਸਾਲ ੨੦੨੨-੨੩ ਦੌਰਾਨ ਹੋਣ ਵਾਲੇ ਖਰਚਿਆਂ ਦਾ ਅਨੁਮਾਨ ੯ ਅਰਬ ੮੯ ਕਰੋੜ ੧੫ ਲੱਖ ੫੩੭੮੦ ਰੁਪਏ, ਜਦਕਿ ਹੋਣ ਵਾਲੀ ਅਨੁਮਾਨਿਤ ਆਮਦਨ ੯ ਅਰਬ ੫੯ ਕਰੋੜ ੪੫ ਲੱਖ ੩੪੯੮੫ ਰੁਪਏ ਹੈ।

ਪਾਸ ਕੀਤੇ ਗਏ ਬਜਟ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਣ ਵਾਲੀ ਆਮਦਨ ਦੇ ਆਧਾਰ 'ਤੇ ਬਜਟ ਵਿਚ ਖਰਚੇ ਨਿਰਧਾਰਤ ਕਰਦੀ ਹੈ ਅਤੇ ਇਸ ਵਾਰ ੨੯ ਕਰੋੜ ੭੦ ਲੱਖ ਰੁਪਏ ਦੇ ਕਰੀਬ ਆਮਦਨ ਨਾਲੋਂ ਖਰਚ ਵੱਧ ਹੋਣ ਦਾ ਅਨੁਮਾਨ ਹੈ। ਉਨ੍ਹਾਂ ਦੱਸਿਆ ਕਿ ਇਹ ਫਰਕ ਪੰਜਾਬ ਸਰਕਾਰ ਵੱਲੋਂ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿਚ ਰੱਖੇ ਏਡਡ ਸਟਾਫ਼ ਦੇ ਫੰਡ ਅਤੇ ਵਿਦਿਆਰਥੀਆਂ ਦੀ ਐਸ.ਸੀ. ਸਕਾਲਰਸ਼ਿਪ ਦੀ ਰਾਸ਼ੀ ਨਾ ਮਿਲਣ ਕਾਰਨ ਆਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਿੱਖ ਸੰਸਥਾ ਪ੍ਰਤੀ ਉਦਾਸੀਨਤਾ ਤਿਆਗ ਕੇ ਤੁਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਅਦਾਇਗੀ ਕਰਨੀ ਚਾਹੀਦੀ ਹੈ। ਜੇਕਰ ਸਰਕਾਰ ਇਹ ਫੰਡ ਜਾਰੀ ਕਰਦੀ ਹੈ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਦੀ ਵਿੱਤੀ ਹਾਲਤ ਹੋਰ ਬੇਹਤਰ ਹੋ ਸਕਦੀ ਹੈ। ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜਟ ਵਿਚ ਵੱਖ-ਵੱਖ ਲੋਕ ਭਲਾਈ ਦੇ ਕਾਰਜਾਂ, ਧਰਮ ਪ੍ਰਚਾਰ, ਪੰਥਕ ਮਸਲਿਆਂ ਦਾ ਸਰਲੀਕਰਨ, ਸਿਹਤ ਸਹੂਲਤਾਂ ਅਤੇ ਵਿੱਦਿਆ ਦੇ ਪ੍ਰਸਾਰ ਨੂੰ ਤਰਜੀਹ ਦਿੱਤੀ ਗਈ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਲੋਕ ਭਲਾਈ ਤਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਠੱਠਾ ਤਰਨ ਤਾਰਨ ਵਿਖੇ ਚਾਰ ਮੈਡੀਕਲ ਸਟੋਰ ਖੋਲ੍ਹੇ ਜਾਣਗੇ, ਜਿਥੋਂ ਲੋੜਵੰਦਾਂ ਨੂੰ ਲਾਗਤ ਮੁੱਲ 'ਤੇ ਦਵਾਈਆਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ੨੦੦ ਅੰਮ੍ਰਿਤਧਾਰੀ ਗੁਰਸਿੱਖ ਬੱਚੀਆਂ ਨੂੰ ਮੁਫ਼ਤ ਵਿੱਦਿਆ, ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤਲਵੰਡੀ ਸਾਬੋ ਵਿਖੇ ੨੦੦ ਬੱਚੀਆਂ ਨੂੰ ਇਸੇ ਪ੍ਰੋਗਰਾਮ ਤਹਿਤ ਮੁਫ਼ਤ ਸਿੱਖਿਆ ਜਾ ਰਹੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਦੱਸਿਆ ਕਿ ੩੦ ਅਕਤੂਬਰ, ੨੦੨੨ ਈ. ਨੂੰ ਸ੍ਰੀ ਪੰਜਾ ਸਾਹਿਬ ਪਾਕਿਸਤਾਨ ਦੇ ਸ਼ਹੀਦੀ ਸਾਕੇ ਦੀ ੧੦੦ ਸਾਲਾ ਸ਼ਤਾਬਦੀ ਮਨਾਉਣ ਨੂੰ ਜਾਹ-ਓ-ਜਲਾਲ ਨਾਲ ਮਨਾਇਆ ਜਾਵੇਗਾ, ਜਿਸ ਲਈ ਬਜਟ ਅੰਦਰ ੧ ਕਰੋੜ ੭੫ ਲੱਖ ਰੁਪਏ ਰਾਖਵੇਂ ਰੱਖੇ ਗਏ ਹਨ। ਇਸ ਤੋਂ ਇਲਾਵਾ ਗਰੀਬ ਅਤੇ ਲੋੜਵੰਦਾਂ ਲਈ ਵੱਖ-ਵੱਖ ਫੰਡਾਂ ਤਹਿਤ ੫ ਕਰੋੜ ੫੯ ਲੱਖ ਰੁਪਏ, ਯਾਦਗਾਰਾਂ ਲਈ ੩ ਕਰੋੜ ੬੯ ਲੱਖ ਰੁਪਏ, ਸਿਕਲੀਗਰ ਅਤੇ ਵਣਜਾਰੇ ਸਿੱਖਾਂ ਦੀ ਸਹਾਇਤਾ ਲਈ ੫੦ ਲੱਖ ਰੁਪਏ, ਕੁਦਰਤੀ ਆਫ਼ਤਾਂ ਲਈ ੯੬ ਲੱਖ ਰੁਪਏ ਖਰਚੇ ਜਾਣਗੇ। ਉਨ੍ਹਾਂ ਦੱਸਿਆ ਕਿ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਗੁਰਦੁਆਰਾ ਸਾਹਿਬਾਨ, ਧਾਰਮਿਕ ਸਾਹਿਤ ਦੀ ਛਪਾਈ, ਧਰਮੀ ਫੌਜੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ, ਜੇਲ੍ਹਾਂ ਵਿਚ ਨਜ਼ਰਬੰਦ ਸਿੰਘਾਂ ਦੇ ਕੇਸਾਂ ਦੀ ਪੈਰਵਾਈ, ਦਿੱਲੀ ਸਿੱਖ ਕਤਲ-ਏ-ਆਮ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਅਤੇ ਬੱਚਿਆਂ ਦੀ ਪੜ੍ਹਾਈ ਆਦਿ ਲਈ ਵੀ ਵਿਸ਼ੇਸ਼ ਫੰਡ ਰੱਖਿਆ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ

ਬਜਟ ਵਿਚ ਸਿੱਖ ਵਿਰਾਸਤੀ ਖੇਡਾਂ ਲਈ ਸਕੂਲੀ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨ ਦੇ ਨਾਲ-ਨਾਲ ਅੰਮ੍ਰਿਤਧਾਰੀ ਗੁਰਸਿੱਖ ਬੱਚਿਆਂ ਨੂੰ ਵਜੀਫੇ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਐਡਵੋਕੇਟ ਧਾਮੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਪੁੱਜਦੀ ਸੰਗਤ ਦੀ ਰਿਹਾਇਸ਼ ਲਈ ਨਵੇਂ ਨਿਵਾਸ ਤਿਆਰ ਕਰਨ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਲਦ ਹੀ ਸ੍ਰੀ ਦਰਬਾਰ ਸਾਹਿਬ ਨਜ਼ਦੀਕ ਦੋ ਨਿਵਾਸ ਤਿਆਰ ਕਰ ਲਏ ਜਾਣਗੇ ਅਤੇ ਇਨ੍ਹਾਂ ਨੂੰ ਤਿਆਰ ਕਰਨ ਲਈ ਵਿਸ਼ੇਸ਼ ਰਾਸ਼ੀ ਰਾਖਵੀਂ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਬਜਟ ਦੀਆਂ ਤਰਜੀਹਾਂ ਬਹੁਮੁਖੀ ਹਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥਕ ਮਸਲਿਆਂ ਦੀ ਪੈਰਵਾਈ, ਧਰਮ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਨ ਅਤੇ ਲੋਕ ਭਲਾਈ ਦੇ ਕਾਰਜਾਂ ਲਈ ਵਚਨਬਧ ਹੈ ਅਤੇ ਭਵਿੱਖ ਵੀ ਰਹੇਗੀ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਦਿੱਲੀ ਵਿਖੇ ਮੈਟਰੋ ਸਟੇਸ਼ਨ 'ਤੇ ਸਿੱਖ ਨੌਜਵਾਨ ਨੂੰ ਕਿਰਪਾਨ ਪਾ ਕੇ ਜਾਣ ਤੋਂ ਰੋਕਣ ਦੀ ਕੀਤੀ ਸਖ਼ਤ ਨਿੰਦਾ

ਸ੍ਰੀ ਅੰਮ੍ਰਿਤਸਰ, ੧ ਅਪ੍ਰੈਲ : ਦਿੱਲੀ ਵਿਖੇ ਮੈਟਰੋ ਸਟੇਸ਼ਨ 'ਤੇ ਇਕ ਅੰਮ੍ਰਿਤਧਾਰੀ ਗੁਰਸਿੱਖ ਨੌਜਵਾਨ ਨੂੰ ਕਿਰਪਾਨ ਸਮੇਤ ਅੰਦਰ ਜਾਣ ਤੋਂ ਰੋਕਣ ਦੀ ਘਟਨਾ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਹੈ ਅਤੇ ਅਜਿਹਾ ਕਰਨ ਵਾਲੇ ਕਰਮਚਾਰੀ 'ਤੇ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਦੇ ਵਾਰ-ਵਾਰ ਮਾਮਲੇ ਸਾਹਮਣੇ ਆ ਰਹੇ ਹਨ ਅਤੇ ਦੁੱਖ ਦੀ ਗੱਲ ਹੈ ਕਿ ਸਰਕਾਰਾਂ ਅਜਿਹਾ ਕਰਨ ਵਾਲਿਆਂ ਤੇ ਕੋਈ ਮਿਸਾਲੀ ਕਾਰਵਾਈ ਨਹੀਂ ਕਰ ਰਹੀਆਂ। ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਅੰਦਰ ਦੇਸ਼ ਦੇ ਹਰ ਨਾਗਰਿਕ ਨੂੰ ਆਪਣੀਆਂ ਧਾਰਮਿਕ ਮਾਨਤਾਵਾਂ ਤੇ ਪਹਿਰਾ ਦੇਣ ਦੀ ਖੁੱਲ ਹੈ। ਪਰ ਇਸ ਦੇ ਬਾਵਜੂਦ ਵੀ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਤੇ ਸਵਾਲ ਉਠਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਨਾਗਰਿਕ ਹਵਾਬਾਜ਼ੀ ਮੰਤਰਾਲੇ ਵੱਲੋਂ ਹਵਾਈ ਅੱਡਿਆਂ 'ਤੇ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਪਹਿਣ ਕੇ ਜਾਣ 'ਤੇ ਪਾਬੰਦੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਰੋਧ ਮਗਰੋਂ ਮੰਤਰਾਲੇ ਨੇ ਵਾਪਸ ਲਿਆ ਸੀ। ਉਨ੍ਹਾਂ ਕਿਹਾ ਕਿ ਹੁਣ ਦਿੱਲੀ ਦੇ ਇਕ ਮੈਟਰੋ ਸਟੇਸ਼ਨ 'ਤੇ ਅੰਮ੍ਰਿਤਧਾਰੀ ਨੌਜਵਾਨ ਨੂੰ ਇਕ ਪੁਲਿਸ ਮੁਲਾਜਮ ਕਿਰਪਾਨ ਉਤਾਰ ਕੇ ਸਾਈਜ਼ ਚੈੱਕ ਕਰਵਾਉਣ ਲਈ ਮਜਬੂਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਦਿੱਲੀ

ਵਿਖੇ ਵੱਡੀ ਗਿਣਤੀ ਵਿਚ ਸਿੱਖ ਵਸਦੇ ਹਨ ਅਤੇ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਬਾਰੇ ਰਾਜਧਾਨੀ ਦੇ ਕਿਸੇ ਵੀ ਬਸ਼ਿੰਦੇ ਨੂੰ ਭੁਲੇਖਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਜਾਣਬੁਝ ਕੇ ਕੀਤੀ ਗਈ ਹੈ, ਜਿਸ ਦੇ ਦੋਸ਼ੀ ਪੁਲਿਸ ਮੁਲਾਜ਼ਮ 'ਤੇ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਰਤ ਦੇ ਗ੍ਰਹਿ ਮੰਤਰਾਲੇ ਅਤੇ ਦਿੱਲੀ ਸਰਕਾਰ ਨੂੰ ਪੱਤਰ ਲਿਖਿਆ ਜਾਵੇਗਾ ਤਾਂ ਜੋ ਅੱਗੇ ਤੋਂ ਕੋਈ ਵੀ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ 'ਤੇ ਸਵਾਲ ਨਾ ਚੁੱਕ ਸਕੇ।

## ਅਮਰੀਕਾ 'ਚ ਬਜ਼ੁਰਗ ਸਿੱਖ 'ਤੇ ਨਸਲੀ ਹਮਲੇ ਦੀ ਐਡਵੋਕੇਟ ਧਾਮੀ ਨੇ ਕੀਤੀ ਨਿੰਦਾ

ਸ੍ਰੀ ਅੰਮ੍ਰਿਤਸਰ, ੪ ਅਪ੍ਰੈਲ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਮਰੀਕਾ 'ਚ ਸਿੱਖਾਂ 'ਤੇ ਹੁੰਦੇ ਨਸਲੀ ਹਮਲਿਆਂ 'ਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਉੱਥੋਂ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਆਗੂਆਂ ਨੂੰ ਇਸ ਵਰਤਾਰੇ ਖ਼ਿਲਾਫ ਅਵਾਜ਼ ਬੁਲੰਦ ਕਰਨ ਲਈ ਕਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਬੀਤੇ ਕੱਲ੍ਹ ਇਕ ੭੫ ਸਾਲਾ ਸਿੱਖ ਬਜ਼ੁਰਗ ਸ. ਨਿਰਮਲ ਸਿੰਘ ਨੂੰ ਦੋ ਅਣਪਛਾਤੇ ਵਿਅਕਤੀਆਂ ਵੱਲੋਂ ਰਿਚਮੰਡ ਹਿਲ ਨਿਊਯਾਰਕ ਵਿਖੇ ਹਮਲਾ ਕਰ ਕੇ ਜ਼ਖ਼ਮੀ ਕਰਨਾ ਬੇਹੱਦ ਮੰਦਭਾਗਾ ਹੈ, ਜਿਸ ਦੇ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਦੇ ਦੋਸ਼ੀ ਲੋਕਾਂ ਨੂੰ ਸਜ਼ਾਵਾਂ ਦਿਵਾਉਣ ਲਈ ਅਮਰੀਕਾ ਦੀਆਂ ਸਿੱਖ ਸੰਸਥਾਵਾਂ ਅੱਗੇ ਆਉਣ, ਤਾਂ ਜੋ ਭਵਿੱਖ ਵਿਚ ਕੋਈ ਅਜਿਹਾ ਕਰਨ ਦੀ ਹਿੰਮਤ ਨਾ ਕਰੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ ਅਮਰੀਕਾ ਦੀ ਤਰੱਕੀ ਲਈ ਪੰਜਾਬੀਆਂ ਅਤੇ ਖ਼ਾਸਕਰ ਸਿੱਖਾਂ ਨੇ ਵੱਡਾ ਯੋਗਦਾਨ ਪਾਇਆ ਹੈ ਅਤੇ ਹਰ ਭਾਈਚਾਰੇ ਦੇ ਲੋਕਾਂ ਪ੍ਰਤੀ ਸਿੱਖਾਂ ਦੇ ਮਨ ਵਿਚ ਵੱਡਾ ਸਤਿਕਾਰ ਹੈ। ਮੁਸ਼ਕਲਾਂ ਸਮੇਂ ਵੀ ਸਿੱਖ ਗੁਰੂ-ਘਰਾਂ ਤੋਂ ਲੋਕ ਭਲਾਈ ਦੀਆਂ ਸੇਵਾਵਾਂ ਨਿਭਾਉਂਦੇ ਹਨ, ਪਰੰਤੂ ਦੁੱਖ ਦੀ ਗੱਲ ਹੈ ਕਿ ਸਰਬੱਤ ਦਾ ਭਲਾ ਚਾਹੁਣ ਵਾਲੇ ਸਿੱਖਾਂ ਨੂੰ ਨਫ਼ਰਤੀ ਹਿੰਸਾ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ 'ਚ ਸਿੱਖਾਂ 'ਤੇ ਨਸਲੀ ਹਮਲਿਆਂ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਈ ਵਾਰ ਭਾਰਤ ਸਰਕਾਰ ਨੂੰ ਲਿਖਿਆ ਗਿਆ ਹੈ ਅਤੇ ਇੱਥੋਂ ਤੱਕ ਕਿ ਜਨਰਲ ਇਜਲਾਸਾਂ ਵਿਚ ਵੀ ਮਤੇ ਪਾਸ ਕਰਕੇ ਸਰਕਾਰ ਨੂੰ ਭੇਜੇ ਜਾਂਦੇ ਰਹੇ ਹਨ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵਿਦੇਸ਼ਾਂ ਦੀਆਂ ਸਰਕਾਰਾਂ ਪਾਸ ਇਨ੍ਹਾਂ ਮਾਮਲਿਆਂ ਨੂੰ ਉਠਾਏ ਅਤੇ ਵਿਦੇਸ਼ਾਂ 'ਚ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਵੇ। ■

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਧਾਰਮਿਕ ਵਿੱਦਿਅਕ ਸੰਸਥਾਵਾਂ ਦੇ ਦਾਖ਼ਲੇ ਲਈ 10+2 ਪਾਸ/ਪੇਪਰ ਦੇ ਰਹੇ ਅੰਮ੍ਰਿਤਧਾਰੀ, ਪੰਥਕ ਤੇ ਉਸਾਰੂ ਸੋਚ ਰੱਖਣ ਵਾਲੇ ਵਿਦਿਆਰਥੀਆਂ ਤੋਂ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। ਉਮੀਦਵਾਰਾਂ ਦੀ ਉਮਰ ਮਿਤੀ 31-05-2022 ਨੂੰ 22 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ। ਚੁਣੇ ਗਏ ਵਿਦਿਆਰਥੀਆਂ ਨੂੰ 1500/- ਅੱਖਰੀਂ ਇੱਕ ਹਜ਼ਾਰ ਪੰਜ ਸੌ ਰੁਪਏ ਕੇਵਲ ਪ੍ਰਤੀ ਮਹੀਨਾ ਵਜ਼ੀਫੇ ਤੋਂ ਇਲਾਵਾ ਮੁਫਤ ਵਿੱਦਿਆ ਅਤੇ ਰਿਹਾਇਸ਼ ਦਿੱਤੀ ਜਾਵੇਗੀ।

| ਸੀ ਨੰ. | ਧਾਰਮਿਕ ਵਿੱਦਿਅਕ ਅਦਾਰਿਆਂ ਦੇ ਨਾਮ ਕੋਰਸ /ਡਾਇਰੈਕਟਰ/ ਪ੍ਰਿੰਸੀਪਲ/ਇੰਚਾਰਜ/ ਸੰਪਰਕ ਨੰਬਰ |
|---|---|
| 1. | ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ ਇੰਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ)<br>ਕੋਰਸ ਬੀ.ਐਮ.ਐਸ, ਡਾ.ਚਮਕੌਰ ਸਿੰਘ, ਡਾਇਰੈਕਟਰ, 87270-77722. |
| 2. | ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ, ਸੁਲਤਾਨਪੁਰ ਲੋਧੀ (ਕਪੂਰਥਲਾ) ਕੋਰਸ ਪ੍ਰਚਾਰਕ, ਸੰਗੀਤ, ਤਬਲਾ। ਡਾ. ਜਸਵੰਤ ਸਿੰਘ ਪ੍ਰਿੰਸੀਪਲ, 94630-94017. |
| 3. | ਸੰਤ ਕਰਤਾਰ ਸਿੰਘ ਜੀ ਖਾਲਸਾ ਸਿੱਖ ਮਿਸ਼ਨਰੀ ਕਾਲਜ, ਭੂਰਾ ਕੋਹਨਾ (ਤਰਨ ਤਾਰਨ) ਕੋਰਸ ਪ੍ਰਚਾਰਕ, ਸੰਗੀਤ, ਤਬਲਾ। ਸ੍ਰ. ਰਾਜਪਾਲ ਸਿੰਘ ਪ੍ਰਿੰਸੀਪਲ, 98148-98239. |
| 4. | ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਗੁਰਮਤਿ ਮਿਸ਼ਨਰੀ ਕਾਲਜ, ਗੁਰੂ ਕੀ ਵਡਾਲੀ (ਸ੍ਰੀ ਅੰਮ੍ਰਿਤਸਰ) ਕੋਰਸ ਢਾਡੀ, ਕਵੀਸ਼ਰ।<br>ਸ੍ਰ. ਸੁਰਜੀਤ ਸਿੰਘ ਪ੍ਰਿੰਸੀਪਲ, 93178-46250 |
| 5. | ਗੁਰਮਤਿ ਸੰਗੀਤ ਅਕੈਡਮੀ, ਸ਼ੇਖੂਪੁਰਾ ਮੰਚੂਰੀ, ਜਿਲਾ ਕਰਨਾਲ (ਹਰਿਆਣਾ) ਕੋਰਸ ਸੰਗੀਤ, ਤਬਲਾ, ਗ੍ਰੰਥੀ। ਸ੍ਰ. ਗੁਰਪ੍ਰੀਤ ਸਿੰਘ ਇੰਚਾਰਜ, 98962-50310 |
| 6. | ਸ੍ਰੀ ਗੁਰੂ ਨਾਨਕ ਗੁਰਮਤਿ ਵਿਦਿਆਲਾ, ਰਾਵਾ ਭਾਟਾ ਬਿਲਾਸਪੁਰ ਰੋਡ ਰਾਏਪੁਰ (ਛੱਤੀਸਗੜ੍ਹ) ਕੋਰਸ ਗ੍ਰੰਥੀ।<br>ਸ੍ਰ. ਪਰਮੇਸ਼ਰ ਸਿੰਘ ਸੰਗੀਤ ਅਧਿਆਪਕ ਡਿਊਟੀ ਇੰਚਾਰਜ, 99261-72296 |
| 7. | ਗੁਰੂ ਨਾਨਕ ਗੁਰਮਤਿ ਸਿਖਲਾਈ ਵਿਦਿਆਲਾ, ਡੇਰਾ ਬਾਬਾ ਨਾਨਕ (ਗੁਰਦਾਸਪੁਰ) ਕੋਰਸ ਗ੍ਰੰਥੀ। ਸ੍ਰ. ਰਜਿੰਦਰ ਸਿੰਘ ਇੰਚਾਰਜ, 95923-00648 |
| 8. | ਸ਼ਹੀਦ ਬਾਬਾ ਦੀਪ ਸਿੰਘ ਗੁਰਮਤਿ ਵਿਦਿਆਲਾ, ਬਖਸ਼ੀ ਵਾਲੀ ਕੋਠੀ, ਬਰਨਾਲਾ। ਕੋਰਸ ਗ੍ਰੰਥੀ। ਸ੍ਰ. ਪਰਮਜੀਤ ਸਿੰਘ ਇੰਚਾਰਜ, 97818-00406 |
| 9. | ਭਾਈ ਗੁਰਦਾਸ ਗੁਰਮਤਿ ਵਿਦਿਆਲਾ, ਗੁ: ਜੁਬਲੀ ਧਰਮਸ਼ਾਲਾ, ਫਿਰੋਜ਼ਪੁਰ ਸ਼ਹਿਰ। ਕੋਰਸ ਗ੍ਰੰਥੀ। ਸ੍ਰ. ਦਇਆ ਸਿੰਘ ਇੰਚਾਰਜ, 84375-01984 |
| 10. | ਭਾਈ ਗੁਰਦਾਸ ਗੁਰਮਤਿ ਵਿਦਿਆਲਾ, ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਪਾਤਸ਼ਾਹੀ 10ਵੀਂ, ਆਲਮਗੀਰ (ਲੁਧਿਆਣਾ)। ਕੋਰਸ ਗ੍ਰੰਥੀ। ਸ੍ਰ. ਗੁਰਭਾਗ ਸਿੰਘ ਇੰਚਾਰਜ, 94173-48446 |
| 11. | ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ, (ਬਠਿੰਡਾ)। ਕੋਰਸ ਗ੍ਰੰਥੀ।<br>ਸ੍ਰ. ਰਵਿੰਦਰ ਸਿੰਘ ਪ੍ਰਿੰਸੀਪਲ, 98550-19524 |

ਉਮੀਦਵਾਰ:- ਦਾਖ਼ਲਾ ਫਾਰਮ ਸੰਬੰਧਿਤ ਸੰਸਥਾਵਾਂ ਦੇ ਪ੍ਰਿੰਸੀਪਲ/ਇੰਚਾਰਜ ਤੋਂ ਪ੍ਰਾਪਤ ਕਰ ਕੇ ਮਿਤੀ 31-05-2022 ਤੀਕ ਮੁਕੰਮਲ ਕਰਕੇ ਉਨ੍ਹਾਂ ਪਾਸ ਹੀ ਜਮ੍ਹਾਂ ਕਰਵਾਏ ਜਾਣ। ਵਧੇਰੇ ਜਾਣਕਾਰੀ ਲਈ ਸੰਪਰਕ ਨੰਬਰ: 98555-19719,95925-66366, 99156-05055, 84374-62555, 87250-30300

**ਨੋਟ:** ਵਿਦਿਆਰਥੀ ਦਾਖਲਾ ਫਾਰਮ ਵਿੱਚ ਆਪਣਾ ਮੋਬਇਲ ਨੰਬਰ ਜ਼ਰੂਰ ਅੰਕਿਤ ਕਰਨ।
ਇੰਟਰਵਿਊ ਸਬੰਧੀ ਸੂਚਨਾ ਫੋਨ 'ਤੇ ਦਿੱਤੀ ਜਾਵੇਗੀ ਅਤੇ ਇੰਟਰਵਿਊ ਸੰਬੰਧਿਤ ਸੰਸਥਾ ਵਿਖੇ ਹੀ ਹੋਵੇਗੀ।

ਵਲੋਂ : ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

Registered with Registrar of Newspaper at No. 354/57

Postal Regd.No.L-I/PB-ASR/007/2022-2024 Without Pre-payment of Postage under License no. PB/370/2022-2024

# GURMAT PARKASH

May 2022

Dharam Parchar Committee, Shiromani Gurdwara Parbandhak Committee, Sri Amritsar Sahib


## ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ

ਬਹਾਦਰਗੜ੍ਹ (ਪਟਿਆਲਾ)



ਨਵੇਂ ਦਾਖ਼ਲੇ ਲਈ
ਰਜਿਸਟ੍ਰੇਸ਼ਨ ਸ਼ੁਰੂ

## ਬੈਚੁਲਰ ਆਫ਼ ਮੈਨਜਮੈਂਟ ਸਟੱਡੀਜ਼ (ਗੁਰਦੁਆਰਾ ਮੈਨੇਜਮੈਂਟ)

## BACHELOR OF MANAGEMENT STUDIES (GURDWARA MANAGEMENT)





ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਵਿਸ਼ਵ ਭਰ ਦੇ ਗੁਰਦੁਆਰਾ ਸਾਹਿਬਾਨ ਵਿਚ ਬਿਹਤਰ ਸੇਵਾਵਾਂ ਦੇਣ ਵਾਲੇ ਉੱਤਮ ਦਰਜੇ ਦੇ ਮੁਲਾਜ਼ਮ/ਪ੍ਰਬੰਧਕ ਤਿਆਰ ਕਰਨ ਲਈ **ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫ਼ਤਿਹਗੜ੍ਹ ਸਾਹਿਬ** ਰਾਹੀਂ 'ਬੈਚੁਲਰ ਆਫ਼ ਮੈਨੇਜਮੈਂਟ ਸਟੱਡੀਜ਼ (ਗੁਰਦੁਆਰਾ ਮੈਨੇਜਮੈਂਟ)' ਤਿੰਨ ਸਾਲਾ ਡਿਗਰੀ ਕੋਰਸ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ ਬਹਾਦਰਗੜ੍ਹ (ਪਟਿਆਲਾ) ਵਿਖੇ ਚੱਲ ਰਿਹਾ ਹੈ। ਇਸ ਸਾਲ ਲਈ ਦਾਖ਼ਲਾ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ।

### ਯੋਗਤਾ ਅਤੇ ਫੀਸ

- ਵਿੱਦਿਅਕ ਯੋਗਤਾ ਬਾਰ੍ਹਵੀਂ (ਕੋਈ ਵੀ ਗਰੁੱਪ) ਅਤੇ ਗੁਰਸਿੱਖ ਹੋਣਾ ਚਾਹੀਦਾ ਹੈ।
- ਗਿਆਰ੍ਹਵੀਂ ਪਾਸ ਅਤੇ ਬਾਰ੍ਹਵੀਂ ਦੇ ਨਤੀਜੇ ਲਈ ਉਡੀਕਵਾਨ ਉਮੀਦਵਾਰ ਅਪਲਾਈ ਕਰ ਸਕਦੇ ਹਨ।
- ਉਮੀਦਵਾਰ ਦੀ ਉਮਰ ਦੀ ਹੱਦ ਵੱਧ ਤੋਂ ਵੱਧ 25 ਸਾਲ।
- ਸਾਲਾਨਾ ਫੀਸ ਕੇਵਲ 15000/- ਰੁਪਏ ਜੋ ਚਾਰ ਤਿਮਾਹੀ ਕਿਸ਼ਤਾਂ ਵਿਚ ਦਿੱਤੀ ਜਾ ਸਕਦੀ ਹੈ।

### ਸਹੂਲਤਾਂ

- ਰਿਹਾਇਸ਼ ਲਈ ਫ਼ਰੀ ਹੋਸਟਲ ਤੋਂ ਇਲਾਵਾ ਹਰਿਆ-ਭਰਿਆ ਚੌਗਿਰਦਾ, ਸੁੰਦਰ ਪਾਰਕ, ਖੇਡਾਂ ਅਤੇ ਲਾਇਬ੍ਰੇਰੀ ਦੀ ਸਹੂਲਤ।
- ਉੱਚ ਯੋਗਤਾ ਵਾਲਾ ਸਟਾਫ, ਸਮਾਰਟ ਕਲਾਸ-ਰੂਮ ਅਤੇ ਕੰਪਿਊਟਰ ਲੈਬ ਦੀ ਸਹੂਲਤ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਦਾਰਿਆਂ ਵਿਚ ਨੌਕਰੀ ਵਕਤ ਪਹਿਲ ਦਿੱਤੀ ਜਾਵੇਗੀ।
- 1500 ਰੁਪਏ ਪ੍ਰਤੀ ਮਹੀਨਾ ਵਜ਼ੀਫ਼ਾ।

ਦਾਖ਼ਲੇ ਅਤੇ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**90416-20861, 75270-56756, 84377-00852**

E-mail: tohrainstitute@gmail.com

Visit us: www.sggswu.edu.in

ਡਾਇਰੈਕਟਰ
ਇੰਸਟੀਚਿਊਟ, ਬਹਾਦਰਗੜ੍ਹ (ਪਟਿਆਲਾ)

ਸਕੱਤਰ
ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ


Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh

Date: 2-5-2022